@Qpatrika
@qaumipatrika punjabi
instagram.com/ qaumipatrika

Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily

Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Monday, 30 December 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸੋਮਵਾਰ 30 ਦਸੰਬਰ 2024, 16 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 50, qpatrika@gmail.com ਫੋਨ : 9971359517 www.qaumipatrika.org

## ਅਨੇਕਤਾ 'ਚ ਏਕਤਾ ਦੇ ਸੰਦੇਸ਼ ਨਾਲ ਡਿਜੀਟਲ ਹੋਵੇਗਾ ਮਹਾਕੁੰਭ: ਪ੍ਰਧਾਨ ਮੰਤਰੀ ਮੋਦੀ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ , 29 ਦਸੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਹੈ ਕਿ ਇਸ ਵਾਰ ਪ੍ਰਯਾਗਰਾਜ ਮਹਾਕੁੰਭ ਨਾ ਸਿਰਫ ਵਿਸਾਲ ਅਤੇ ਸਾਨਦਾਰ ਹੋਵੇਗਾ, ਸਗੋਂ ਅਨੇਕਤਾ 'ਚ ਏਕਤਾ ਦਾ ਸੰਦੇਸ ਦਿੰਦੇ ਹੋਏ ਪੂਰੇ ਕੁੰਭ ਖੇਤਰ 'ਚ ਪਹਿਲੀ ਵਾਰ ਡਿਜੀਟਲ ਵਿਵਸਥਾ ਦਾ ਪ੍ਰਦਰਸਨ ਹੋਵੇਗਾ। ਆਲ ਇੰਡੀਆ ਰੇਡੀਓ 'ਤੇ ਪ੍ਰਸਾਰਿਤ ਆਪਣੇ ਮਹੀਨੇਵਾਰ ਪ੍ਰੋਗਰਾਮ 'ਮਨ ਕੀ ਬਾਤ' ਦੇ 117ਵੇਂ ਐਪੀਸੋਡ 'ਚ ਐਤਵਾਰ ਨੂੰ ਰਾਸਟਰ ਨੂੰ ਸੰਬੋਧਿਤ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਅਗਲੇ ਮਹੀਨੇ ਪ੍ਰਯਾਗਰਾਜ 'ਚ ਮਹਾਕੁੰਭ ਆਯੋਜਿਤ ਕੀਤਾ ਜਾ ਰਿਹਾ ਹੈ, ਜਿਸ 'ਚ ਦੇਸ ਦੀ ਵਿਭਿੰਨਤਾ ਅਤੇ ਸਾਨ ਨੂੰ ਪ੍ਰਦਰਸ?ਿਤ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਗਲੇ ਮਹੀਨੇ ਦੀ 13 ਤਾਰੀਖ ਤੋਂ ਪ੍ਰਯਾਗਰਾਜ 'ਚ ਮਹਾਕੁੰਭ ਆਯੋਜਿਤ ਹੋਣ ਜਾ ਰਿਹਾ ਹੈ। ਇਸ ਸਮੇਂ ਸੰਗਮ ਤੱਟ 'ਤੇ ਜੋਰਦਾਰ ਤਿਆਰੀਆਂ ਚੱਲ ਰਹੀਆਂ ਹਨ। ਮੈਨੂੰ ਯਾਦ ਹੈ ਜਦੋਂ ਮੈਂ ਕੁਝ ਦਿਨ ਪਹਿਲਾਂ ਹੀ ਪ੍ਰਯਾਗਰਾਜ ਗਿਆ ਸੀ ਤਾਂ ਹੈਲੀਕਾਪਟਰ ਤੋਂ ਪੂਰੇ ਕੁੰਭ ਖੇਤਰ ਨੂੰ ਦੇਖ ਕੇ ਮੇਰਾ ਦਿਲ



ਖੁਸੀ ਨਾਲ ਭਰ ਗਿਆ ਸੀ। ਮਹਾਕੁੰਭ ਦੀ ਵਿਸੇਸਤਾ ਕੇਵਲ ਇਸ ਦੀ ਵਿਸਾਲਤਾ 'ਚ ਹੀ ਨਹੀਂ ਹੈ, ਕੁੰਭ ਦੀ ਵਿਸੇਸਤਾ ਇਸ ਦੀ ਵਿਭਿੰਨਤਾ 'ਚ ਵੀ ਹੈ। ਇਸ ਸਮਾਗਮ 'ਚ ਕਰੋੜਾਂ ਲੋਕ ਇਕੱਠੇ ਹੁੰਦੇ ਹਨ। ਲੱਖਾਂ ਸੰਤ, ਹਜਾਰਾਂ ਪਰੰਪਰਾਵਾਂ, ਸੈਂਕੜੇ ਸੰਪਰਦਾਵਾਂ, ਕਈ ਅਖਾੜੇ, ਹਰ ਕੋਈ ਇਸ ਸਮਾਗਮ ਦਾ ਹਿੱਸਾ ਬਣਦਾ ਹੈ। ਕਿਤੇ ਵੀ ਕੋਈ ਵਿਤਕਰਾ ਨਹੀਂ, ਕੋਈ ਵੱਡਾ ਨਹੀਂ, ਕੋਈ ਛੋਟਾ ਨਹੀਂ ਹੁੰਦਾ। ਪ੍ਰਧਾਨ ਮੰਤਰੀ ਨੇ ਅੱਗੇ ਕਿਹਾ ਕਿ ਅਨੇਕਤਾ ਵਿਚ ਏਕਤਾ ਦਾ ਅਜਿਹਾ ਦ੍ਰਿਸ਼ ਦੁਨੀਆ 'ਚ ਹੋਰ ਕਿਤੇ ਨਹੀਂ ਦੇਖਣ ਨੂੰ ਮਿਲੇਗਾ। ਇਸੇ ਲਈ ਸਾਡਾ ਕੁੰਭ ਏਕਤਾ ਦਾ ਮਹਾਕੁੰਭ ਵੀ ਹੈ। ਇਸ ਵਾਰ ਦਾ ਮਹਾਕੁੰਭ ਏਕਤਾ ਦੇ ਮਹਾਕੁੰਭ ਦੇ ਮੰਤਰ ਨੂੰ ਵੀ ਮਜਬੂਤ ਕਰੇਗਾ। ਜਦੋਂ ਤੁਸੀਂ ਕੁੰਭ ਵਿਚ ਹਿੱਸਾ ਲਵੋ ਤਾਂ ਮੈਂ ਤੁਹਾਨੂੰ ਸਾਰਿਆਂ ਨੂੰ ਏਕਤਾ ਦੇ ਇਸ ਸੰਕਲਪ ਨਾਲ ਵਾਪਸ ਆਉਣ ਲਈ ਕਹਾਂਗਾ। ਸਾਨੂੰ ਸਮਾਜ ਵਿਚ ਫੈਲੀ ਵੰਡ ਅਤੇ ਨਫਰਤ ਦੀ ਭਾਵਨਾ ਨੂੰ ਨਸਟ ਕਰਨ ਦਾ ਪ੍ਰਣ ਵੀ ਲੈਣਾ ਚਾਹੀਦਾ ਹੈ। ਮੈਂ ਥੋੜ੍ਹੇ ਸਬਦਾਂ ਵਿਚ ਦੱਸਦਾ ਹਾਂ-ਮਹਾਂਕੁੰਭ ਦਾ ਸੰਦੇਸ ਹੈ ਕਿ ਪੂਰਾ ਦੇਸ ਇਕਜੁੱਟ ਹੋਣਾ ਚਾਹੀਦਾ ਹੈ। ਜੇਕਰ ਮੈਂ ਇਸ ਨੂੰ ਕਿਸੇ ਹੋਰ ਤਰੀਕੇ ਨਾਲ ਕਹਾਂ, ਤਾਂ ਮੈਂ ਕਹਾਂਗਾ... ਗੰਗਾ ਦੀ ਨਿਰੰਤਰ ਧਾਰਾ, ਨਾ ਵੰਡੇ ਸਮਾਜ ਸਾਡਾ।

## ਲਗਾਤਾਰ 5ਵੇਂ ਦਿਨ ਕਟੜਾ ਬੰਦ, ਭਾਜਪਾ ਵਿਧਾਇਕ ਵਲੋਂ ਭੁੱਖ ਹੜਤਾਲ ਦੀ ਧਮਕੀ

ਰਿਆਸੀ/ਜੰਮੂ 29 ਦਸੰਬਰ। ਜੰਮੂ-ਕਸਮੀਰ 'ਚ ਵੈਸਨੋ ਦੇਵੀ ਤੀਰਥ ਯਾਤਰਾ ਦੇ ਆਧਾਰ ਕੈਂਪ ਕਟੜਾ ਦੇ ਗੇਟ ਤ੍ਰਿਕੁਟ ਪਹਾੜੀਆਂ 'ਚ ਪ੍ਰਸਤਾਵਿਤ ਰੋਪਵੇਅ ਪ੍ਰਾਜੈਕਟ ਦੇ ਵਿਰੋਧ 'ਚ ਐਤਵਾਰ ਨੂੰ ਲਗਾਤਾਰ ਪੰਜਵੇਂ ਦਿਨ ਵੀ ਬੰਦ ਰਹੇ। ਇਸ ਦੌਰਾਨ ਭਾਜਪਾ ਵਿਧਾਇਕ ਬਲਦੇਵ ਰਾਜ ਸਰਮਾ ਨੇ ਧਮਕੀ ਦਿੱਤੀ ਕਿ ਜੇਕਰ 24 ਘੰਟਿਆਂ ਅੰਦਰ ਹਿਰਾਸਤ 'ਚ ਲਏ ਗਏ ਵਿਅਕਤੀਆਂ ਨੂੰ ਰਿਹਾਅ ਨਾ ਕੀਤਾ ਗਿਆ ਤਾਂ ਉਹ ਭੁੱਖ ਹੜਤਾਲ ਕਰਨਗੇ। ਇਸ ਦਰਮਿਆਨ ਸਹਿਰ 'ਚ ਵਿਰੋਧ ਪ੍ਰਦਰਸਨਾਂ ਦੌਰਾਨ ਹਿਰਾਸਤ ਵਿਚ ਲਏ ਗਏ ਵਿਅਕਤੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਪੰਜ ਵਿਅਕਤੀਆਂ ਵੱਲੋਂ ਭੁੱਖ ਹੜਤਾਲ ਜਾਰੀ ਹੈ। ਬੰਦ ਦਾ ਸੱਦਾ ਦੇਣ ਵਾਲੀ ਸ੍ਰੀ ਮਾਤਾ ਵੈਸਨੋ ਦੇਵੀ ਸੰਘਰਸ ਸਮਿਤੀ ਨੇ ਕਿਹਾ ਕਿ ਬੰਦ ਦੌਰਾਨ ਕਟੜਾ 'ਚ ਸਾਰੀਆਂ ਗਤੀਵਿਧੀਆਂ ਮੁਅੱਤਲ ਰਹਿਣਗੀਆਂ। ਕਮੇਟੀ ਵੱਲੋਂ ਬੰਦ ਦੇ ਸੱਦੇ ਤੋਂ ਬਾਅਦ ਕਟੜਾ 'ਚ ਲਗਾਤਾਰ ਪੰਜਵੇਂ ਦਿਨ ਦੁਕਾਨਾਂ, ਰੈਸਟੋਰੈਂਟ ਅਤੇ ਵਪਾਰਕ ਅਦਾਰੇ ਬੰਦ ਰਹੇ ਅਤੇ ਸੜਕਾਂ 'ਤੇ ਆਵਾਜਾਈ ਠੱਪ ਰਹੀ। ਬੁੱਧਵਾਰ ਨੂੰ ਸੁਰੂ ਹੋਏ ਬੰਦ ਨੇ ਕਟੜਾ 'ਚ ਆਮ ਜਨਜੀਵਨ ਨੂੰ ਪ੍ਰਭਾਵਿਤ ਕਰ ਦਿੱਤਾ ਹੈ, ਜਿੱਥੇ ਹਰ ਰੋਜ ਹਜਾਰਾਂ ਸਰਧਾਲੂ ਵੈਸਨੋ ਦੇਵੀ ਗੁਫਾ ਮੰਦਰ ਦੇ ਦਰਸਨਾਂ ਲਈ ਆਉਂਦੇ ਹਨ। ਜ?ਿਕਰਯੋਗ ਹੈ ਕਿ ਸ੍ਰੀ ਮਾਤਾ ਵੈਸਨੋ ਦੇਵੀ ਸਰਾਈਨ ਬੋਰਡ ਨੇ ਪਿਛਲੇ ਮਹੀਨੇ ਬਜੁਰਗ ਨਾਗਰਿਕਾਂ, ਬੱਚਿਆਂ ਅਤੇ ਹੋਰਾਂ ਲਈ ਮੰਦਰ ਤੱਕ ਪਹੁੰਚ ਦੀ ਸਹੂਲਤ ਲਈ ਰੋਪਵੇਅ ਸਥਾਪਤ ਕਰਨ ਦੀ ਯੋਜਨਾ ਦਾ ਐਲਾਨ ਕੀਤਾ ਸੀ ਜਿਨ੍ਹਾਂ ਨੂੰ ਗੁਫਾ ਦੇ 13 ਕਿਲੋਮੀਟਰ ਦੇ ਰਸਤੇ ਨੂੰ ਤੈਅ ਕਰਨ ਵਿਚ ਮੁਸਕਲ ਆਉਂਦੀ ਹੈ। ਲਗਭਗ 250 ਕਰੋੜ ਰੁਪਏ ਦਾ ਪ੍ਰਸਤਾਵਿਤ ਰੋਪਵੇਅ ਪ੍ਰਾਜੈਕਟ ਰਿਆਸੀ ਜ?ਿਲ੍ਹੇ ਦੇ ਗੁਫਾ ਮੰਦਰ ਵੱਲ ਜਾਣ ਵਾਲੇ ਤਾਰਾਕੋਟ ਮਾਰਗ ਨੂੰ ਸਾਂਝੀ ਛੱਤ ਨਾਲ ਜੋੜੇਗਾ।

## ਨਿਤੀਸ਼ ਹੋਸ਼ 'ਚ ਨਹੀਂ, ਕਰੀਬੀਆਂ ਨੇ ਉਨ੍ਹਾਂ ਨੂੰ ਬਣਾ ਲਿਆ ਹੈ ਬੰਧਕ : ਤੇਜਸ਼ਵੀ

ਪਟਨਾ, 29 ਦਸੰਬਰ। ਰਾਸਟਰੀ ਜਨਤਾ ਦਲ (ਰਾਜਦ) ਦੇ ਨੇਤਾ ਤੇਜਸਵੀ ਯਾਦਵ ਨੇ ਸਨੀਵਾਰ ਦਾਅਵਾ ਕੀਤਾ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ ਕੁਮਾਰ ਹੁਣ ਸਾਧਾਰਨ ਢੰਗ ਨਾਲ ਕੰਮ ਕਰਨ ਦੇ ਯੋਗ ਨਹੀਂ ਰਹੇ ਹਨ। ਕੁਝ ਕੁ ਕਰੀਬੀ ਸਹਿਯੋਗੀਆਂ ਨੇ ਉਨ੍ਹਾਂ ਨੂੰ 'ਬੰਧਕ' ਬਣਾਇਆ ਹੋਇਆ ਹੈ। ਜਨਤਾ ਦਲ (ਯੂ) ਦੇ ਮੁਖੀ ਦੇ



ਅਚਾਨਕ ਭਾਜਪਾ ਦੀ ਅਗਵਾਈ ਵਾਲੇ ਰਾਸਟਰੀ ਜਮਹੂਰੀ ਗੱਠਜੋੜ 'ਚ ਵਾਪਸੀ ਤੱਕ ਉਪ ਮੁੱਖ ਮੰਤਰੀ ਰਹੇ ਤੇਜਸਵੀ ਨੇ ਪੱਤਰਕਾਰਾਂ ਦੇ ਸਵਾਲਾਂ ਦਾ ਜਵਾਬ ਦਿੰਦਿਆਂ ਇਹ ਟਿੱਪਣੀ ਕੀਤੀ। ਸੂਬਾਈ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਯਾਦਵ ਨੇ ਦਾਅਵਾ ਕੀਤਾ ਕਿ ਨਿਤੀਸ ਕੁਮਾਰ ਖੁਦ ਫੈਸਲੇ ਨਹੀਂ ਲੈ ਰਹੇ ਹਨ। ਉਨ੍ਹਾਂ ਨੂੰ ਉਨ੍ਹਾਂ ਦੀ ਪਾਰਟੀ ਦੇ ਹੀ 4 ਆਗੂਆਂ ਨੇ ਬੰਧਕ ਬਣਾ ਲਿਆ ਹੈ। ਇਨ੍ਹਾਂ 'ਚੋਂ ਦੋ ਦਿੱਲੀ 'ਚ ਤੇ 2 ਇੱਥੇ ਹਨ। ਉਹ ਹੀ ਸਭ ਫੈਸਲੇ ਲੈ ਰਹੇ ਹਨ।

## ਮੁੱਖ ਮੰਤਰੀ ਯੋਗੀ ਵਲੋਂ ਰਾਸ਼ਟਰਪਤੀ ਮੁਰਮੂ ਨਾਲ ਮੁਲਾਕਾਤ, ਮਹਾਕੁੰਭ 'ਚ ਆਉਣ ਦਾ ਦਿੱਤਾ ਸੱਦਾ

ਨਵੀਂ ਦਿੱਲੀ 29 ਦਸੰਬਰ। ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਐਤਵਾਰ ਨੂੰ ਰਾਸਟਰਪਤੀ ਭਵਨ 'ਚ ਰਾਸਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਉਣ ਵਾਲੇ ਮਹਾਕੁੰਭ 'ਚ ਸਾਮਲ ਹੋਣ ਦਾ ਸੱਦਾ ਦਿੱਤਾ। ਮਹਾਕੁੰਭ ਜੋ ਹਰ 12 ਸਾਲਾਂ ਬਾਅਦ ਆਯੋਜਿਤ ਕੀਤਾ ਜਾਂਦਾ ਹੈ, ਉੱਤਰ ਪ੍ਰਦੇਸ ਦੇ ਪ੍ਰਯਾਗਰਾਜ ਵਿਚ 13 ਜਨਵਰੀ ਤੋਂ 26 ਫਰਵਰੀ ਤੱਕ



ਆਯੋਜਿਤ ਕੀਤਾ ਜਾਵੇਗਾ। ਰਾਸਟਰਪਤੀ ਦਫਤਰ ਨੇ 'ਐਕਸ' 'ਤੇ ਮੀਟਿੰਗ ਦੀ ਫੋਟੋ ਸਾਂਝੀ ਕਰਦੇ ਹੋਏ ਇਕ ਪੋਸਟ ਵਿਚ ਕਿਹਾ ਕਿ ਉੱਤਰ ਪ੍ਰਦੇਸ ਦੇ ਮੁੱਖ ਮੰਤਰੀ ਯੋਗੀ ਆਦਿਤਿਆਨਾਥ ਜੀ ਨੇ ਰਾਸਟਰਪਤੀ ਭਵਨ ਵਿਚ ਰਾਸਟਰਪਤੀ ਦ੍ਰੋਪਦੀ ਮੁਰਮੂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਆਉਣ ਵਾਲੇ ਮਹਾਕੁੰਭ 2025 ਵਿਚ ਸਾਮਲ ਹੋਣ ਲਈ ਸੱਦਾ ਦਿੱਤਾ।

## ਨਵਜੋਤ ਸਿੰਘ ਸਿੱਧੂ ਨੇ ਰਾਸ਼ਟਰਪਤੀ ਨੂੰ ਲਿਖੀ ਚਿੱਠੀ

**ਏਜੰਸੀਆਂ**

ਜਲੰਧਰ/ਚੰਡੀਗੜ੍ਹ 29 ਦਸੰਬਰ। ਪੰਜਾਬ ਕਾਂਗਰਸ ਦੇ ਸਾਬਕਾ ਸੂਬਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੂੰ ਚਿੱਠੀ ਲਿਖ ਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਸਮਾਰਕ (ਮੈਮੋਰੀਅਲ) ਰਾਜਘਾਟ 'ਤੇ ਸਥਾਪਤ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਸਮਾਰਕਾਂ ਬਣਾਈਆਂ ਗਈਆਂ ਹਨ ਜਦਕਿ ਮਨਮੋਹਨ ਸਿੰਘ ਦੀ ਸਮਾਰਕ ਨੂੰ ਇਨਕਾਰ ਕਿਉਂ ਕੀਤਾ ਜਾ ਰਿਹਾ ਹੈ। ਉਨ੍ਹਾਂ ਨੇ ਆਪਣੇ ਪੱਤਰ ਵਿਚ ਕਿਹਾ ਹੈ ਕਿ ਮੈਨੂੰ ਭਰੋਸਾ ਹੈ ਕਿ ਨਵਜੋਤ ਸਿੰਘ ਸਿੱਧੂ ਨੇ ਆਪਣੇ ਪੱਤਰ ਵਿੱਚ ਕਿਹਾ ਹੈ ਕਿ ਮੈਨੂੰ ਭਰੋਸਾ ਹੈ ਕਿ ਤੁਹਾਡੀ ਸਿਆਣਪ ਅਤੇ ਵਚਨਬੱਧਤਾ ਭਾਰਤ ਦੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਸੁਰੱਖਿਅਤ ਰੱਖਣ ਲਈ ਤੁਹਾਡੇ ਕੰਮਾਂ ਦਾ ਮਾਰਗਦਰਸਨ ਕਰੇਗੀ। ਦੋ ਪੰਨਿਆਂ ਦੀ ਚਿੱਠੀ ਵਿੱਚ ਉਨ੍ਹਾਂ ਨੇ ਕਈ ਗੱਲਾਂ ਨੂੰ ਗੰਭੀਰਤਾ ਨਾਲ ਉਠਾਇਆ ਹੈ। ਨਵਜੋਤ ਸਿੰਘ ਸਿੱਧੂ ਨੇ ਚਿੱਠੀ ਵਿੱਚ ਲਿਖਿਆ ਕਿ ਸਾਰੇ ਸਾਬਕਾ ਪ੍ਰਧਾਨ ਮੰਤਰੀਆਂ ਦੀਆਂ ਯਾਦਗਾਰਾਂ ਉਨ੍ਹਾਂ ਦੇ ਯੋਗਦਾਨ ਦੇ ਸਨਮਾਨ ਵਿੱਚ ਬਣਾਈਆਂ ਗਈਆਂ ਹਨ। ਇਨ੍ਹਾਂ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ ਲਈ ਸਾਂਤੀ ਵੈਨ, ਲਾਲ ਬਹਾਦੁਰ ਸਾਸਤਰੀ ਲਈ ਵਿਜੇ ਘਾਟ, ਇੰਦਰਾ ਗਾਂਧੀ ਲਈ ਸਕਤੀ ਸਥਲ, ਰਾਜੀਵ ਗਾਂਧੀ ਲਈ ਵੀਰ ਭੂਮੀ ਅਤੇ ਅਟਲ ਬਿਹਾਰੀ ਵਾਜਪਾਈ ਲਈ ਸਦਾ ਅਟਲ ਸਾਮਲ ਹਨ। ਰਾਜਘਾਟ ਕੰਪਲੈਕਸ ਇਨ੍ਹਾਂ ਸਾਰੇ ਨੇਤਾਵਾਂ ਲਈ ਚੁਣਿਆ ਹੋਇਆ ਆਰਾਮ ਸਥਾਨ ਰਿਹਾ ਹੈ, ਜੋ ਸਾਡੀ ਜਮਹੂਰੀ ਵਿਰਾਸਤ ਦੇ ਭੰਡਾਰ ਵਜੋਂ ਇਸ ਦੀ ਪਵਿੱਤਰਤਾ ਨੂੰ ਦਰਸਾਉਂਦਾ ਹੈ। ਹਾਲਾਂਕਿ, ਇਹ ਪਰੰਪਰਾ ਸਪੱਸਟ ਤੌਰ 'ਤੇ ਟੁੱਟ ਗਈ ਜਦੋਂ ਡਾ.



ਮਨਮੋਹਨ ਸਿੰਘ ਦਾ ਅੰਤਿਮ ਸੰਸਕਾਰ ਨਿਗਮਬੋਧ ਘਾਟ 'ਤੇ ਕੀਤਾ ਗਿਆ ਸੀ, ਜਿੱਥੇ ਕਿਸੇ ਹੋਰ ਪ੍ਰਧਾਨ ਮੰਤਰੀ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਗਿਆ ਸੀ ਅਤੇ ਉਨ੍ਹਾਂ ਦੀ ਸਾਨਦਾਰ ਵਿਰਾਸਤ ਨੂੰ ਯਾਦ ਕਰਨ ਲਈ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ ਪਰੰਪਰਾ ਤੋਂ ਭਟਕਣਾ ਸਪੱਸਟ ਅਸੁਰੱਖਿਆ ਤੇ ਰਾਜਨੀਤਿਕ ਪੱਖਪਾਤ ਨੂੰ ਦਰਸਾਉਂਦਾ ਹੈ। ਸਮਾਰਕਾਂ ਦੀ ਸਥਾਪਨਾ ਕੋਈ ਪੱਖਪਾਤੀ ਮੁੱਦਾ ਨਹੀਂ ਹੈ ਸਗੋਂ ਭਾਰਤ ਦੇ ਗੌਰਵਮਈ ਇਤਿਹਾਸ ਨੂੰ ਸੁਰੱਖਿਅਤ ਰੱਖਣ ਅਤੇ ਇਸ ਦੀ ਕਿਸਮਤ ਨੂੰ ਆਕਾਰ ਦੇਣ ਵਾਲਿਆਂ ਦਾ ਸਨਮਾਨ ਕਰਨ ਦਾ ਕੰਮ ਹੈ। ਉਨ੍ਹਾਂ ਲਿਖਿਆ ਕਿ ਇਕ ਅਰਥ ਸਾਸਤਰੀ, ਸਿਆਸਤਦਾਨ ਅਤੇ ਨੇਤਾ ਵਜੋਂ ਡਾ. ਮਨਮੋਹਨ ਸਿੰਘ ਦੇ ਯੋਗਦਾਨ ਨੂੰ ਘੱਟ ਨਹੀਂ ਸਮਝਿਆ ਜਾ ਸਕਦਾ, ਜਿਸ ਨੇ ਇਕ ਦਹਾਕੇ ਦੇ ਪਰਿਵਰਤਨਸੀਲ ਵਿਕਾਸ ਅਤੇ ਗਲੋਬਲ ਏਕੀਕਰਣ ਦੁਆਰਾ ਮਾਰਗਦਰਸਨ ਕੀਤਾ। ਇਥੇ ਇਹ ਦੱਸਣਾ ਉਚਿਤ ਹੋਵੇਗਾ ਕਿ ਪੀਵੀ ਨਰਸਿਮਹਾ ਰਾਓ ਵਰਗੇ ਪ੍ਰਧਾਨ ਮੰਤਰੀ, ਜਿਨ੍ਹਾਂ ਦਾ ਅੰਤਿਮ ਸੰਸਕਾਰ ਦਿੱਲੀ ਤੋਂ ਬਾਹਰ ਕੀਤਾ ਗਿਆ ਸੀ, ਨੂੰ ਵੀ ਹੈਦਰਾਬਾਦ ਵਿੱਚ ਗਿਆਨ ਭੂਮੀ ਵਰਗੀਆਂ ਯਾਦਗਾਰਾਂ ਨਾਲ ਸਨਮਾਨਤ ਕੀਤਾ ਗਿਆ ਹੈ। ਸਮਾਰਕਾਂ ਨਾਲ ਨੇਤਾਵਾਂ ਦਾ ਸਨਮਾਨ ਕਰਨਾ ਭਾਰਤ ਦੇ ਲੋਕਤੰਤਰੀ ਸਿਧਾਂਤ ਦਾ ਇਕ ਅਨਿੱਖੜਵਾਂ ਅੰਗ ਰਿਹਾ ਹੈ, ਜੋਕਿ ਸਿਆਸੀ ਮਤਭੇਦਾਂ ਤੋਂ ਪਰੇ ਹੈ।

## ਗੁਜਰਾਤ 'ਚ ਵੱਡਾ ਹਾਦਸਾ : ਜਹਿਰੀਲੀ ਗੈਸ ਦੀ ਲਪੇਟ 'ਚ ਆਉਣ ਨਾਲ 4 ਕਰਮਚਾਰੀਆਂ ਦੀ ਮੌਤ

ਭਰੂਚ , 29 ਦਸੰਬਰ। ਗੁਜਰਾਤ ਦੇ ਭਰੂਚ ਜ?ਿਲ੍ਹੇ ਦੇ ਦਹੇਜ ਵਿੱਚ ਇੱਕ ਕੈਮੀਕਲ ਪਲਾਂਟ ਵਿੱਚ ਜਹਿਰੀਲੀ ਗੈਸ ਦੀ ਲਪੇਟ 'ਚ ਆਉਣ ਨਾਲ ਚਾਰ ਕਰਮਚਾਰੀਆਂ ਦੀ ਮੌਤ ਹੋ ਗਈ। ਪੁਲਸ ਨੇ ਐਤਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਦਹੇਜ ਥਾਣੇ ਦੇ ਇੰਸਪੈਕਟਰ ਬੀ.ਐੱਮ. ਪਾਟੀਦਾਰ ਨੇ ਦੱਸਿਆ ਕਿ ਸਨੀਵਾਰ ਰਾਤ ਕਰੀਬ 10 ਵਜੇ ਗੁਜਰਾਤ ਫਲੋਰੋਕੈਮੀਕਲਸ ਲਿਮਟਿਡ (ਜੀ.ਐੱਫ.ਐੱਲ.) ਦੀ ਇਕ ਉਤਪਾਦਨ ਇਕਾਈ ਵਿਚ ਪਾਈਪ ਤੋਂ



ਜਹਿਰੀਲੀ ਗੈਸ ਲੀਕ ਹੋਣ ਕਾਰਨ ਕਰਮਚਾਰੀ ਬੇਹੋਸ ਹੋ ਗਏ। ਅਧਿਕਾਰੀ ਨੇ ਦੱਸਿਆ ਕਿ ਚਾਰੇ ਕਰਮਚਾਰੀਆਂ ਨੂੰ ਭਰੂਚ ਦੇ ਇੱਕ ਨਿੱਜੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ, ਜਿਨ੍ਹਾਂ ਵਿੱਚੋਂ ਤਿੰਨ ਦੀ ਐਤਵਾਰ ਤੜਕੇ 3 ਵਜੇ ਦੇ ਕਰੀਬ ਮੌਤ ਹੋ ਗਈ, ਜਦੋਂ ਕਿ ਦੂਜੇ ਦੀ ਸਵੇਰੇ 6 ਵਜੇ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਇਹ ਘਟਨਾ ਰਾਤ ਕਰੀਬ 10 ਵਜੇ ਵਾਪਰੀ। ਕੰਪਨੀ ਦੇ ਸੀਐੱਮਐੱਸ ਪਲਾਂਟ ਦੀ ਹੇਠਲੀ ਮੰਜ?ਿਲ ਤੋਂ ਲੰਘਦੀ ਪਾਈਪ ਵਿੱਚੋਂ ਗੈਸ ਲੀਕ ਹੋਣ ਕਾਰਨ ਚਾਰ ਮੁਲਾਜਮ ਬੇਹੋਸ ਹੋ ਗਏ। ਇਸ ਤੋਂ ਬਾਅਦ ਉਨ੍ਹਾਂ ਨੂੰ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਚਾਰਾਂ ਦੀ ਮੌਤ ਹੋ ਗਈ। ਅਧਿਕਾਰੀ ਨੇ ਦੱਸਿਆ ਕਿ ਲਾਸਾਂ ਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਘਟਨਾ ਦੀ ਜਾਂਚ ਜਾਰੀ ਹੈ।

## 'ਪੰਜਾਬ ਬੰਦ' ਤੋਂ ਪਹਿਲਾਂ ਕਿਸਾਨਾਂ ਦਾ ਵੱਡਾ ਐਲਾਨ

ਸੰਗਰੂਰ 29 ਦਸੰਬਰ। ਭਲਕੇ 'ਪੰਜਾਬ ਬੰਦ' ਨੂੰ ਲੈ ਕੇ ਅੱਜ ਖਨੌਰੀ ਬਾਰਡਰ 'ਤੇ ਕਿਸਾਨਾਂ ਵਲੋਂ ਵੱਡੀ ਪ੍ਰੈੱਸ ਕਾਨਫਰੰਸ ਕੀਤੀ ਗਈ। ਇਸ ਦੌਰਾਨ ਕਿਸਾਨਾਂ ਨੇ ਕਿਹਾ ਕਿ ਪੰਜਾਬ ਬੰਦ ਦੀ ਪੂਰੀ ਤਿਆਰੀ ਕਰ ਲਈ ਗਈ ਹੈ ਪਰ ਕੇਂਦਰ ਸਰਕਾਰ ਇਸ ਅੰਦੋਲਨ ਨੂੰ ਦਬਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਇਸ ਮੌਕੇ ਕਿਸਾਨ ਆਗੂ ਕੋਹਾੜ ਨੇ ਕਿਹਾ ਕਿ ਅਸੀਂ ਸੁਪਰੀਮ ਕਰੋਟ ਦੇ ਜੱਜਾਂ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਚਿੱਠੀ ਲਿਖ ਚੁੱਕੇ ਹਾਂ ਪਰ ਸਾਡੀ ਚਿੱਠੀ ਦਾ ਕਿਸੇ ਵਲੋਂ ਕੋਈ ਜਵਾਬ ਨਹੀਂ ਆਇਆ। ਉਨ੍ਹਾਂ ਕਿਹਾ ਕਿ ਕਿਸਾਨ ਅਹਿੰਸਾ ਦੇ ਰਾਹ 'ਤੇ ਚੱਲ ਰਹੇ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਸ਼ੰਭੂ ਅਤੇ ਖਨੌਰੀ ਬਾਰਡਰ 'ਤੇ ਬੈਠੇ ਕਿਸਾਨਾਂ ਦਾ ਕੋਈ ਵੀ ਨੁਕਸਾਨ ਹੁੰਦਾ ਹੈ ਤਾਂ ਇਸ ਲਈ ਕੇਂਦਰ ਸਰਕਾਰ ਜ?ਿੰਮੇਵਾਰ ਹੋਵੇਗੀ। ਕਿਸਾਨ ਆਗੂਆਂ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸੇ ਵੇਲੇ ਵੀ ਜਗਜੀਤ ਸਿੰਘ ਡੱਲੇਵਾਲ ਨੂੰ ਇੱਥੋਂ ਉਠਾਇਆ ਜਾ ਸਕਦਾ ਹੈ, ਇਸ ਲਈ ਸਾਰੇ ਪੰਜਾਬੀ ਆਪਣੇ ਕੰਮ-ਧੰਦੇ ਛੱਡ ਕੇ ਪਰਿਵਾਰਾਂ ਸਣੇ ਖਨੌਰੀ ਬਾਰਡਰ ਪਹੁੰਚਣ। ਉਨ੍ਹਾਂ ਕਿਹਾ ਕਿ ਪੰਜਾਬ ਬੰਦ ਦੀ ਕਾਲ ਦੌਰਾਨ ਅਨੇਕਾਂ ਜੱਥੇਬੰਦੀਆਂ ਅਤੇ ਸੰਗਠਨਾਂ ਨੇ ਉਨ੍ਹਾਂ ਨੂੰ ਸਮਰਥਨ ਦਿੱਤਾ ਹੈ, ਇਸ ਲਈ ਭਲਕੇ ਕੇਂਦਰ ਸਰਕਾਰ ਖ?ਿਲਾਫ ਡੱਟ ਕੇ ਸੰਘਰਸ਼ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਕਿਸਾਨਾਂ ਵਲੋਂ 4 ਜਨਵਰੀ ਨੂੰ ਖਨੌਰੀ ਬਾਰਡਰ 'ਤੇ ਮਹਾਂਪੰਚਾਇਤ ਵੀ ਬੁਲਾਈ ਗਈ ਹੈ

## ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਅਸਥੀਆਂ ਜਲ ਪ੍ਰਵਾਹ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 29 ਦਸੰਬਰ। ਅੱਜ ਯਾਨੀ ਕਿ ਐਤਵਾਰ ਨੂੰ ਡਾ.ਮਨਮੋਹਨ ਸਿੰਘ ਦੀਆਂ ਅਸਥੀਆਂ ਦਿੱਲੀ ਦੇ ਗੁਰਦੁਆਰਾ ਮਜ਼ਨੂੰ ਕਾ ਟਿੱਲਾ ਨੇੜੇ ਯੁਮਨਾ ਘਾਟ ਵਿਖੇ ਜਲ ਪ੍ਰਵਾਹ ਕੀਤੀਆਂ ਗਈਆਂ ਹਨ। ਇਸ ਦੌਰਾਨ ਉਨ੍ਹਾਂ ਦੀ ਪਤਨੀ, ਤਿੰਨੋਂ ਧੀਆਂ ਤੇ ਹੋਰ ਪਰਿਵਾਰਕ ਮੈਂਬਰ ਮੌਜੂਦ ਰਹੇ। ਦੱਸ ਦੇਈਏ ਕਿ ਕੱਲ੍ਹ ਸ਼ਨੀਵਾਰ ਨੂੰ ਡਾ. ਸਿੰਘ ਦਾ ਸਿੱਖ ਰੀਤੀ ਰਿਵਾਜਾਂ ਮੁਤਾਬਕ ਦਿੱਲੀ ਦੇ ਨਿਗਮਬੋਧ ਘਾਟ ਵਿਖੇ ਅੰਤਿਮ ਸਸਕਾਰ ਕੀਤਾ ਗਿਆ ਸੀ। ਡਾ. ਮਨਮੋਹਨ ਸਿੰਘ ਦੀ ਮ੍ਰਿਤਕ ਦੇਹ ਨੂੰ ਮੁੱਖ ਅਗਨੀ ਉਨ੍ਹਾਂ ਦੀ ਧੀ ਵਲੋਂ ਦਿੱਤੀ ਗਈ ਹੈ। ਜਿਸ ਤੋਂ ਬਾਅਦ ਅੱਜ ਉਨ੍ਹਾਂ ਦੇ ਪਰਿਵਾਰ ਵੱਲੋਂ ਡਾ. ਸਿੰਘ ਦੇ ਫੁੱਲ ਚੁੱਗੇ ਗਏ ਅਤੇ ਉਸ ਨੂੰ ਯਮੁਨਾ ਨਦੀ ਵਿਚ ਅਸਥੀਆਂ ਨੂੰ ਜਲ ਪ੍ਰਵਾਹ ਕੀਤਾ ਗਿਆ। ਜ?ਿਕਰਯੋਗ ਹੈ ਕਿ 26 ਦਸੰਬਰ ਨੂੰ ਡਾ. ਮਨਮੋਹਨ ਸਿੰਘ ਦਾ ਦਿੱਲੀ ਦੇ ਏਮਜ ਹਸਪਤਾਲ 'ਚ ਦਿਹਾਂਤ ਹੋ ਗਿਆ, ਉਹ 92 ਸਾਲ ਦੇ ਸਨ। ਵੀਰਵਾਰ ਸਾਮ ਨੂੰ ਬੇਹੋਸ ਹੋ ਜਾਣ ਤੋਂ ਬਾਅਦ ਉਨ੍ਹਾਂ ਨੂੰ ਦਿੱਲੀ ਏਮਜ 'ਚ ਭਰਤੀ ਕਰਵਾਇਆ ਗਿਆ, ਜਿੱਥੇ ਰਾਤ 9.51 'ਤੇ ਉਨ੍ਹਾਂ ਨੇ ਆਖਰੀ ਸਾਹ ਲਿਆ। ਅੰਤਿਮ ਸੰਸਕਾਰ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਦੀ ਮ੍ਰਿਤਕ ਦੇਹ ਨੂੰ ਭਾਰਤ ਦੇ ਰਾਸਟਰੀ ਝੰਡੇ ਯਾਨੀ ਤਿਰੰਗੇ ਵਿਚ ਲਪੇਟਿਆ ਜਾਂਦਾ ਹੈ। ਅੰਤਿਮ ਸੰਸਕਾਰ ਦੌਰਾਨ ਡਾ. ਸਿੰਘ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ। ਡਾ. ਮਨਮੋਹਨ ਸਿੰਘ ਨੂੰ ਵਿੱਤ ਮੰਤਰੀ ਵਜੋਂ ਅਤੇ ਫਿਰ 2004-14 ਦਰਮਿਆਨ ਭਾਰਤ ਦੇ 13ਵੇਂ ਪ੍ਰਧਾਨ ਮੰਤਰੀ ਵਜੋਂ ਦੇਸ ਦੀ ਆਰਥਿਕਤਾ ਦੇ



ਉਦਾਰੀਕਰਨ ਦੇ ਮੋਢੀ ਹੋਣ ਦਾ ਸਿਹਰਾ ਦਿੱਤਾ ਜਾਂਦਾ ਹੈ। ਸਦਨ ਵਿਚ ਉਨ੍ਹਾਂ ਨੇ ਲਗਾਤਾਰ 5 ਵਾਰ ਅਸਾਮ ਦੀ ਨੁਮਾਇੰਦਗੀ ਕੀਤੀ। ਸਾਲ 2019 ਵਿਚ ਉਹ ਰਾਜਸਥਾਨ ਤੋਂ ਰਾਜ ਸਭਾ ਦੇ ਮੈਂਬਰ ਬਣੇ। ਡਾ. ਸਿੰਘ ਨੂੰ ਇਕ ਪੜ੍ਹਾਕੂ ਅਕਾਦਮਿਕ ਅਤੇ ਨੌਕਰਸ਼ਾਹ, ਆਪਣੇ ਸਾਦੇ ਜੀਵਨ ਲਈ ਜਾਣਿਆ ਜਾਂਦਾ ਹੈ। ਉਨ੍ਹਾਂ ਦੇ ਟਵਿੱਟਰ ਅਕਾਊਂਟ ਨੂੰ ਨੀਰਸ ਟਵੀਟਾਂ ਅਤੇ ਬਹੁਤ ਥੋੜ੍ਹੇ ਫਾਲੋਅਰਾਂ ਲਈ ਜਾਣਿਆ ਜਾਂਦਾ ਸੀ।

### ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਇਕੱਤਰਤਾ ਹੁਣ 30 ਦਸੰਬਰ ਦੀ ਬਜਾਏ 31 ਦਸੰਬਰ ਨੂੰ ਹੋਵੇਗੀ

ਅੰਮ੍ਰਿਤਸਰ 29 ਦਸੰਬਰ। ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ 30 ਦਸੰਬਰ ਨੂੰ ਹੋਣ ਵਾਲੀ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਹੁਣ 31 ਦਸੰਬਰ ਨੂੰ ਹੋਵੇਗੀ। ਸ੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਹ ਫੈਸਲਾ ਕਿਸਾਨ ਜਥੇਬੰਦੀਆਂ ਵੱਲੋਂ 30 ਦਸੰਬਰ ਨੂੰ ਪੰਜਾਬ ਬੰਦ ਦੇ ਸਮਰਥਨ ਵਿੱਚ ਲਿਆ ਹੈ। ਉਨ੍ਹਾਂ ਕਿਹਾ ਕਿ 31 ਦਸੰਬਰ ਨੂੰ ਹੋਣ ਵਾਲੀ ਅੰਤ੍ਰਿੰਗ ਕਮੇਟੀ ਦਾ ਏਜੰਡਾ ਅਹੁਦੇਦਾਰਾਂ ਤੇ ਮੈਂਬਰਾਂ ਨੂੰ ਭੇਜੇ ਗਏ ਪਹਿਲਾਂ ਵਾਲੇ ਏਜੰਡੇ ਅਨੁਸਾਰ ਹੀ ਰਹੇਗਾ। ਇਸ ਦੀ ਜਾਣਕਾਰੀ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪੇਜ 'ਤੇ ਸਾਂਝੀ ਕੀਤੀ ਗਈ ਹੈ। ਜ?ਿਕਰਯੋਗ ਹੈ ਕਿ ਪਿਛਲੀ ਮੀਟਿੰਗ ਵਿਚ ਗਿਆਨੀ ਹਰਪ੍ਰੀਤ ਸਿੰਘ ਤੋਂ ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਦਾ ਚਾਰਜ ਵਾਪਸ ਲੈ ਲਿਆ ਗਿਆ ਸੀ।

## ਦਿੱਲੀ ਯੂਨੀਵਰਸਿਟੀ ਦੀ ਕੰਟੀਨ 'ਚ ਲੱਗੀ ਭਿਆਨਕ ਅੱਗ

ਨਵੀਂ ਦਿੱਲੀ 29 ਦਸੰਬਰ। ਦਿੱਲੀ ਯੂਨੀਵਰਸਿਟੀ ਦੇ ਮੁੱਖ ਕੈਂਪਸ 'ਚ ਸਥਿਤ ਗਵਾਇਰ ਹਾਲ ਦੀ ਕੰਟੀਨ 'ਚ ਸੁੱਕਰਵਾਰ ਨੂੰ ਅੱਗ ਲੱਗ ਗਈ। ਦਿੱਲੀ ਫਾਇਰ ਸਰਵਿਸ ਦੇ ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਇਸ ਘਟਨਾ ਨਾਲ ਕੈਂਪਸ ਵਿਚ ਹਫੜਾ-ਦਫੜੀ ਮਚ ਗਈ। ਹਾਲਾਂਕਿ ਰਾਹਤ ਦੀ ਗੱਲ ਇਹ ਹੈ ਕਿ ਇਸ ਹਾਦਸੇ 'ਚ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਬੀਤੀ ਸਾਮ ਕੰਟੀਨ ਵਿਚ ਅਚਾਨਕ ਅੱਗ ਲੱਗਣ ਦੀ ਖਬਰ ਮਿਲੀ। ਦਿੱਲੀ ਫਾਇਰ ਸਰਵਿਸ ਨੇ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਮਿਲਦਿਆਂ ਹੀ ਫਾਇਰ ਬ੍ਰਿਗੇਡ ਦੀਆਂ ਚਾਰ ਗੱਡੀਆਂ ਨੂੰ ਮੌਕੇ 'ਤੇ ਭੇਜਿਆ ਗਿਆ। ਫਾਇਰ ਬ੍ਰਿਗੇਡ ਦੇ ਕਰਮਚਾਰੀਆਂ ਨੇ ਮੌਕੇ 'ਤੇ ਪਹੁੰਚ ਕੇ ਤੇਜੀ ਨਾਲ ਕੰਮ ਸੁਰੂ ਕਰ ਦਿੱਤਾ। ਕੁਝ ਦੇਰ ਵਿਚ ਹੀ ਅੱਗ 'ਤੇ ਕਾਬੂ ਪਾ ਲਿਆ ਗਿਆ। ਅੱਗ ਬੁਝਾਊ ਵਿਭਾਗ ਨੇ ਕਿਹਾ, "ਅਸੀਂ ਅੱਗ 'ਤੇ ਪੂਰੀ ਤਰ੍ਹਾਂ ਕਾਬੂ ਪਾ ਲਿਆ ਹੈ। ਇਸ ਘਟਨਾ 'ਚ ਕਿਸੇ ਦੇ ਜਖਮੀ ਜਾਂ ਜਾਨੀ ਨੁਕਸਾਨ ਦੀ ਕੋਈ ਰਿਪੋਰਟ ਨਹੀਂ ਹੈ।" ਦਿੱਲੀ ਯੂਨੀਵਰਸਿਟੀ 'ਚ ਅੱਗ ਲੱਗਣ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ। ਮੁੱਢਲੀ ਜਾਂਚ ਵਿਚ ਅੱਗ ਲੱਗਣ ਦਾ ਕਾਰਨ ਸਾਰਟ ਸਰਕਟ ਮੰਨਿਆ ਜਾ ਰਿਹਾ ਹੈ। ਹਾਲਾਂਕਿ, ਅਸਲ ਕਾਰਨਾਂ ਦਾ ਵਿਸਥਾਰ ਜਾਂਚ ਤੋਂ ਬਾਅਦ ਹੀ ਪਤਾ ਲੱਗੇਗਾ।

## 'ਡਾ. ਮਨਮੋਹਨ ਸਿੰਘ ਦਾ ਇੰਝ ਨਿਰਾਦਰ ਨਾ ਕਰੋ' ਕੇਂਦਰ ਦੇ ਫੈਸਲੇ 'ਤੇ ਭੜਕੇ ਸੁਖਬੀਰ ਬਾਦਲ

ਚੰਡੀਗੜ੍ਹ 29 ਦਸੰਬਰ। ਪੰਜਾਬ ਦੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਸਰਕਾਰ ਵੱਲੋਂ ਡਾ. ਮਨਮੋਹਨ ਸਿੰਘ ਦੀਆਂ ਅੰਤਿਮ ਰਸਮਾਂ ਲਈ ਵਿਸ਼ੇਸ਼ ਜਗ੍ਹਾ ਨਾ ਦੇਣ ਦੇ ਫੈਸਲੇ 'ਤੇ ਸਖਤ ਇਤਰਾਜ ਜਤਾਇਆ ਹੈ। ਉਨ੍ਹਾਂ ਕਿਹਾ ਹੈ ਕਿ ਇਹ ਫੈਸਲਾ ਬਹੁਤ ਹੀ ਹੈਰਾਨੀਜਨਕ ਅਤੇ ਨਿੰਦਣਯੋਗ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਬੇਨਤੀ ਕੀਤੀ ਹੈ ਕਿ ਉਹ ਕੇਂਦਰ ਸਰਕਾਰ ਦੇ ਇਸ ਨਿੰਦਣਯੋਗ ਫੈਸਲੇ ਨੂੰ ਬਦਲਣ ਲਈ ਨਿੱਜੀ ਤੌਰ 'ਤੇ ਦਖਲ ਦੇਣ। ਸੁਖਬੀਰ ਸਿੰਘ ਨੇ ਬਾਦਲ ਨੇ ਦੱਸਿਆ ਕਿ ਡਾ. ਮਨਮੋਹਨ ਸਿੰਘ ਦੇ ਪਰਿਵਾਰ ਵੱਲੋਂ ਦੇਸ ਲਈ ਉਨ੍ਹਾਂ ਵੱਲੋਂ ਨਿਭਾਈ ਗਈ ਅਹਿਮ ਭੂਮਿਕਾ ਅਤੇ ਬੇਮਿਸਾਲ ਸੇਵਾਵਾਂ ਨੂੰ ਯਾਦ ਕਰਦਿਆਂ ਉਨ੍ਹਾਂ ਦੀਆਂ ਅੰਤਿਮ ਰਸਮਾਂ ਲਈ ਇਕ ਵਿਸੇਸ ਜਗ੍ਹਾ ਦੀ ਮੰਗ ਕੀਤੀ ਗਈ ਸੀ, ਜਿੱਥੇ ਕਿ ਦੇਸ ਵਾਸੀਆਂ ਲਈ ਉਨ੍ਹਾਂ ਦੀ ਯਾਦਗਾਰ ਸਥਾਪਿਤ ਕੀਤੀ ਜਾ ਸਕੇ, ਪਰ ਕੇਂਦਰ ਸਰਕਾਰ ਵੱਲੋਂ ਪਰਿਵਾਰ ਦੀ ਇਸ ਬੇਨਤੀ ਨੂੰ ਠੁਕਰਾ ਦਿੱਤਾ ਗਿਆ ਹੈ। ਪਿਛਲੇ ਸਮਿਆਂ ਦੌਰਾਨ ਚਲਦੀ ਆ ਰਹੀ ਪਰੰਪਰਾ ਨੂੰ ਧਿਆਨ ਵਿੱਚ ਰੱਖਦਿਆਂ ਇਹ ਜਗ੍ਹਾ 'ਰਾਜ ਘਾਟ' ਹੋਣੀ ਚਾਹੀਦੀ ਸੀ । ਪਰ, ਇਹ ਸਮਝ ਤੋਂ ਬਾਹਰ ਹੈ ਕਿ ਸਰਕਾਰ ਉਸ ਮਹਾਨ ਆਗੂ ਦਾ ਇਸ ਕਦਰ ਨਿਰਾਦਰ ਕਿਉਂ ਕਰ ਰਹੀ ਹੈ, ਜੋ ਇੱਕੋ-ਇੱਕ ਸਿੱਖ ਸਨ ਜਿੰਨ੍ਹਾਂ ਨੂੰ ਪ੍ਰਧਾਨ ਮੰਤਰੀ ਬਣਨ ਦਾ ਮਾਣ ਹਾਸਲ ਸੀ। ਸੁਖਬੀਰ ਨੇ ਸੋਸ਼ਲ ਮੀਡੀਆ ਜਰੀਏ ਕਿਹਾ ਕਿ ਫਿਲਹਾਲ, ਨਿਗਮਬੋਧ ਘਾਟ



ਦੇ ਸਾਂਝੇ ਸਮਸਾਨਘਾਟ ਵਿੱਚ ਉਨ੍ਹਾਂ ਦਾ ਅੰਤਿਮ ਸੰਸਕਾਰ ਕੀਤਾ ਜਾਣਾ ਹੈ । ਮੈਨੂੰ ਵਿਸਵਾਸ ਨਹੀਂ ਹੋ ਰਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਅਜਿਹੀ ਵਿਸਵ ਪ੍ਰਸਿੱਧ ਸਖਸੀਅਤ ਨਾਲ ਪੱਖਪਾਤ ਦੀ ਇਸ ਹੱਦ ਤੱਕ ਪਹੁੰਚ ਜਾਵੇਗੀ, ਪਰ ਡਾ. ਮਨਮੋਹਨ ਸਿੰਘ ਜੀ ਦਾ ਕੱਦ ਵਿਸਵ ਪੱਧਰ 'ਤੇ ਹਮੇਸਾ ਉੱਚਾ ਹੀ ਰਹੇਗਾ। ਡਾ. ਮਨਮੋਹਨ ਸਿੰਘ ਜੀ ਨੇ ਦੇਸ ਨੂੰ ਅੰਤਰਰਾਸਟਰੀ ਪੱਧਰ 'ਤੇ ਉਭਾਰਿਆ।

## ਮਹਿੰਗੇ ਹੋਟਲਾਂ ਦੇ ਰੈਸਟੋਰੈਂਟਾਂ 'ਤੇ ਜੀ.ਐੱਸ.ਟੀ. ਦੇ ਨਵੇਂ ਨਿਯਮ, ਦੋ ਵਿਕਲਪਾਂ ਨਾਲ ਹੋਵੇਗੀ ਟੈਕਸ ਦੀ ਦਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 29 ਦਸੰਬਰ। ਗੁਡਸ ਐਂਡ ਸਰਵਿਸਿਜ ਟੈਕਸ (ਜੀ.ਐੱਸ.ਟੀ.) ਕੌਂਸਲ ਨੇ ਉੱਚ ਦਰਜੇ ਦੇ ਹੋਟਲਾਂ ਦੀਆਂ ਰੈਸਟੋਰੈਂਟ ਸੇਵਾਵਾਂ 'ਤੇ ਟੈਕਸ ਦਰ 'ਚ ਮਹੱਤਵਪੂਰਨ ਬਦਲਾਅ ਦਾ ਐਲਾਨ ਕੀਤਾ ਹੈ। ਜੀ.ਐੱਸ.ਟੀ ਕੌਂਸਲ ਦੇ ਫੈਸਲੇ ਅਨੁਸਾਰ 1 ਅਪ੍ਰੈਲ 2025 ਤੋਂ ਉੱਚ ਦਰਜੇ ਦੇ ਹੋਟਲਾਂ ਨੂੰ ਆਪਣੇ ਰੈਸਟੋਰੈਂਟਾਂ 'ਤੇ ਦੋ ਜੀਐਸਟੀ ਦਰਾਂ ਅਦਾ ਕਰਨ ਦੀ ਇਜਾਜਤ ਦਿੱਤੀ ਜਾਵੇਗੀ। ਤੁਹਾਨੂੰ ਦਰਾਂ ਵਿੱਚੋਂ ਕਿਸੇ ਇੱਕ ਨੂੰ ਚੁਣਨ ਦਾ ਵਿਕਲਪ ਮਿਲੇਗਾ। ਇਹ ਫੈਸਲਾ ਖਾਸ ਤੌਰ 'ਤੇ ਅਜਿਹੇ ਹੋਟਲਾਂ ਲਈ ਹੈ ਜਿੱਥੇ ਕਮਰੇ ਦਾ ਕਿਰਾਇਆ 7500 ਰੁਪਏ ਤੋਂ ਵੱਧ ਹੈ। ਜੇਕਰ ਹੋਟਲ ਦਾ ਕਿਰਾਇਆ 7500 ਰੁਪਏ ਤੋਂ ਵੱਧ ਹੈ, ਤਾਂ ਹੋਟਲ ਮਾਲਕਾਂ ਨੂੰ ਦੋ ਵਿਕਲਪ ਦਿੱਤੇ ਜਾਣਗੇ: 1. 5 ਫੀਸਦੀ ਜੀ.ਐੱਸ.ਟੀ ਦਰ - ਇਸ ਵਿੱਚ ਕੋਈ ਇਨਪੁਟ ਟੈਕਸ ਕ੍ਰੈਡਿਟ () ਉਪਲਬਧ ਨਹੀਂ ਹੋਵੇਗਾ। 2. 18 ਫੀਸਦੀ ਜੀ.ਐੱਸ.ਟੀ ਦਰ - ਇਸ 'ਚ ਆਈ.ਟੀ.ਸੀ. ਮਿਲੇਗਾ, ਇਸ ਨਾਲ ਹੋਟਲ ਮਾਲਕਾਂ ਨੂੰ ਕੁਝ ਟੈਕਸ ਦੀ ਰਿਕਵਰੀ ਦਾ ਮੌਕਾ ਮਿਲੇਗਾ। ਜੀ.ਐੱਸ.ਟੀ ਕੌਂਸਲ ਦਾ ਇਹ ਕਦਮ ਹੋਟਲ ਉਦਯੋਗ ਲਈ ਇੱਕ ਵੱਡਾ ਬਦਲਾਅ ਸਾਬਤ ਹੋ ਸਕਦਾ ਹੈ, ਕਿਉਂਕਿ ਇਸ ਨਾਲ ਉੱਚ ਦਰਜੇ ਦੇ ਹੋਟਲਾਂ ਲਈ ਰੈਸਟੋਰੈਂਟ ਸੇਵਾਵਾਂ ਦੀ ਲਾਗਤ ਪ੍ਰਭਾਵਿਤ



ਹੋਵੇਗੀ। ਹੋਟਲ ਮਾਲਕਾਂ ਕੋਲ ਟੈਕਸ ਦੀ ਦਰ ਚੁਣਨ ਦਾ ਮੌਕਾ ਮਿਲੇਗਾ ਜੋ ਉਨ੍ਹਾਂ ਦੇ ਕਾਰੋਬਾਰ ਲਈ ਸਭ ਤੋਂ ਵਧੀਆ ਹੈ। ਇਸ ਤੋਂ ਇਲਾਵਾ ਜੀ.ਐਸ.ਟੀ ਕੌਂਸਲ ਨੇ ਈ-ਕਾਮਰਸ ਡਿਲੀਵਰੀ ਚਾਰਜ 'ਤੇ ਜੀਐਸਟੀ ਦਰ ਘਟਾਉਣ ਦੇ ਪ੍ਰਸਤਾਵ ਨੂੰ ਟਾਲ ਦਿੱਤਾ ਗਿਆ ਹੈ। ਵਰਤਮਾਨ ਵਿੱਚ ਸਵਿਗੀ ਅਤੇ ਜੋਮੈਟੋ ਵਰਗੇ ਫੂਡ ਡਿਲੀਵਰੀ ਪਲੇਟਫਾਰਮਾਂ 'ਤੇ 18 ਪ੍ਰਤੀਸਤ ਜੀਐਸਟੀ ਲਗਾਇਆ ਜਾਂਦਾ ਹੈ, ਜਿਸ ਵਿਚ ਆਈ.ਟੀ.ਸੀ. ਸਾਮਲ ਹੁੰਦਾ ਹੈ। ਹਾਲਾਂਕਿ ਕੌਂਸਲ ਨੇ ਇਸ ਬਾਰੇ ਫੈਸਲਾ ਟਾਲ ਦਿੱਤਾ ਹੈ ਅਤੇ ਇਸ ਨੂੰ ਬਾਅਦ ਵਿੱਚ ਸਮੀਖਿਆ ਲਈ ਲਿਆਂਦਾ ਜਾਵੇਗਾ। ਇਸ ਫੈਸਲੇ ਮੁਤਾਬਕ ਈ-ਕਾਮਰਸ ਡਿਲੀਵਰੀ ਸੇਵਾਵਾਂ 'ਤੇ ਜੀ.ਐੱਸ.ਟੀ. ਦਰ ਘਟਾ ਕੇ 5 ਫੀਸਦੀ ਕਰਨ ਦਾ ਪ੍ਰਸਤਾਵ ਸੀ, ਤਾਂ ਜੋ ਫੂਡ ਡਿਲੀਵਰੀ ਸੇਵਾਵਾਂ ਨੂੰ ਹੋਰ ਸਸਤੀ ਬਣਾਇਆ ਜਾ ਸਕੇ। ਪਰ, ਇਹ ਫੈਸਲਾ ਅਜੇ ਨਹੀਂ ਹੋਇਆ ਹੈ। ਜੀ.ਐੱਸ.ਟੀ ਮੁਆਵਜਾ ਸੈੱਸ ਨਾਲ ਸਬੰਧਤ ਇਕ ਹੋਰ ਅਹਿਮ ਫੈਸਲਾ ਲਿਆ ਗਿਆ। ਮੁਆਵਜਾ ਸੈੱਸ ਦੇ ਸਬੰਧ ਵਿੱਚ ਮੰਤਰੀਆਂ ਦਾ ਇੱਕ ਸਮੂਹ ਬਣਾਇਆ ਗਿਆ ਹੈ, ਜਿਸ ਨੂੰ ਜੂਨ 2025 ਤੱਕ ਆਪਣੀ ਰਿਪੋਰਟ ਸੌਂਪਣ ਦਾ ਸਮਾਂ ਮਿਲੇਗਾ। ਵਰਤਮਾਨ ਵਿੱਚ ਲਾਗੂ ਮੁਆਵਜਾ ਸੈੱਸ 2026 ਵਿੱਚ ਖਤਮ ਹੋਣ ਵਾਲਾ ਹੈ ਅਤੇ ਜੀ.ਐੱਸ.ਟੀ. ਕੌਂਸਲ ਨੇ ਇਸ ਦੇ ਭਵਿੱਖ ਨੂੰ ਲੈ ਕੇ ਇੱਕ ਪੈਨਲ ਦਾ ਗਠਨ ਕੀਤਾ ਹੈ। ਪੈਨਲ ਦੀ ਅਗਵਾਈ ਕੇਂਦਰੀ ਵਿੱਤ ਰਾਜ ਮੰਤਰੀ ਪੰਕਜ ਚੌਧਰੀ ਕਰ ਰਹੇ ਹਨ। ਜੀ.ਐੱਸ.ਟੀ ਕੌਂਸਲ ਦੀ ਇਨ੍ਹਾਂ ਫੈਸਲਿਆਂ ਨਾਲ ਵੱਖ-ਵੱਖ ਉਦਯੋਗਾਂ ਵਿੱਚ ਬਦਲਾਅ ਲਿਆਉਣ ਦੀ ਯੋਜਨਾ ਹੈ।

# ਪੰਜਾਬ 'ਚ ਮੱਛੀ ਪਾਲਣ ਦੇ ਧੰਦੇ ਨਾਲ ਜੁੜੀ ਅਹਿਮ ਖਬਰ, ਅਧਿਕਾਰੀਆਂ ਨੂੰ ਹਦਾਇਤਾਂ ਜਾਰੀ

ਚੰਡੀਗੜ੍ਹ 29 ਦਸੰਬਰ। ਪੰਜਾਬ ਵੱਲੋਂ ਖੇਤੀ ਵਿਭਿੰਨਤਾ ਅਤੇ ਪੇਂਡੂ ਵਿਕਾਸ ਰਾਹੀਂ ਖੇਤੀਬਾੜੀ ਵਿਕਾਸ ਲਈ ਅਪਣਾਈਆਂ ਜਾ ਰਹੀਆਂ ਨਵੀਨਤਾਕਾਰੀ ਰਣਨੀਤੀਆਂ ਦੇ ਮੱਦੇਨਜਰ ਪੰਜਾਬ ਦੇ ਵਧੀਕ ਮੁੱਖ ਸਕੱਤਰ, ਸਹਿਕਾਰਤਾ, ਅਲੋਕ ਸ਼ੇਖਰ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਮੌਜੂਦਾ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੈਕਸ) ਦੀ ਮਦਦ ਅਤੇ ਨਵੀਆਂ ਬਹੁਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਐਮ.ਪੈਕਸ) ਦੀ ਸਥਾਪਨਾ ਨਾਲ ਮੱਛੀ ਪਾਲਣ ਦੇ ਖੇਤਰ ਨੂੰ ਹੁਲਾਰਾ ਦੇਣ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ। ਅੱਜ ਇੱਥੇ ਪੰਜਾਬ ਭਵਨ ਵਿਖੇ ਹੋਏ 'ਸਹਿਕਾਰਤਾ ਸੰਮੇਲਨ ਪੰਜਾਬ' ਦੌਰਾਨ ਅਲੋਕ ਸ਼ੇਖਰ ਨੇ ਡੇਅਰੀ ਅਧਾਰਿਤ ਸੁਸਾਇਟੀਆਂ ਦੀਆਂ ਪ੍ਰਾਪਤੀਆਂ ਦੀ ਸਲਾਘਾ ਕੀਤੀ ਅਤੇ ਸਹਿਕਾਰੀ ਸਭਾਵਾਂ ਦੀ ਮਦਦ ਨਾਲ ਮੱਛੀ ਪਾਲਣ ਨੂੰ ਹੁਲਾਰਾ ਦੇਣ ਅਤੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਰਕਰਾਰ ਰੱਖਣ ਲਈ ਸੂਬੇ ਦੇ ਤਾਲਾਬਾਂ ਦੇ ਵਿਆਪਕ ਨੈੱਟਵਰਕ ਨੂੰ ਮੁੜ ਸੁਰਜੀਤ ਕਰਨ ਦੀ ਮਹੱਤਤਾ 'ਤੇ ਜੋਰ ਦਿੱਤਾ। ਇਹ ਸਮਾਗਮ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਨੂੰ ਮਜਬੂਤ ਕਰਨ ਅਤੇ ਨਵੀਂ ਬਹੁ-ਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੀ ਸਥਾਪਨਾ ਲਈ ਦੇਸ ਵਿਆਪੀ ਪਹਿਲ ਕਦਮੀ ਦਾ ਹਿੱਸਾ ਸੀ। ਸ਼ੇਖਰ ਨੇ ਕਿਹਾ ਕਿ ਪੰਜਾਬ 'ਚ 13,000 ਦੇ ਕਰੀਬ ਪਿੰਡ ਹਨ, ਜਿਨ੍ਹਾਂ ਵਿੱਚ ਕਰੀਬ18,000 ਛੱਪੜ ਹਨ, ਜੋ ਮੱਛੀ ਪਾਲਣ ਦੇ ਵਿਕਾਸ ਦੀਆਂ ਅਥਾਹ ਸੰਭਾਵਨਾਵਾਂ ਰੱਖਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿੱਚੋਂ ਬਹੁਤੇ ਤਾਲਾਬ ਸਮੇਂ ਦੇ ਨਾਲ ਸੁੱਕ ਗਏ



ਹਨ, ਜਿਨ੍ਹਾਂ ਨੂੰ ਪੂਨਰ ਸੁਰਜੀਤ ਕਰਨ ਲਈ ਫੌਰੀ ਯਤਨਾਂ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਛੱਪੜਾਂ ਨੂੰ ਮੁੜ ਸੁਰਜੀਤ ਕਰਨ ਨਾਲ ਨਾ ਸਿਰਫ ਮੱਛੀ ਪਾਲਣ ਨੂੰ ਹੁਲਾਰਾ ਮਿਲੇਗਾ, ਸਗੋਂ ਪੇਂਡੂ ਖੇਤਰਾਂ 'ਚ ਧਰਤੀ ਹੇਠਲੇ ਪਾਣੀ ਦੇ ਪੱਧਰ ਅਤੇ ਵਾਤਾਵਰਣ ਸੰਤੁਲਨ ਨੂੰ ਬਣਾਈ ਰੱਖਣ ਵਿੱਚ ਵੀ ਯੋਗਦਾਨ ਪਵੇਗਾ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਸ਼ੇਖਰ ਨੇ ਮੌਜੂਦਾ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੈਕਸ) ਨੂੰ ਉਤਸਾਹਿਤ ਕਰਨ ਅਤੇ ਨਵੀਆਂ ਬਹੁ-ਮੰਤਵੀ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ (ਪੈਕਸ) ਦੀ ਸਥਾਪਨਾ ਕਰਨ ਦੀ ਲੋੜ 'ਤੇ ਜੋਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸੁਸਾਇਟੀਆਂ ਮੱਛੀ ਫਾਰਮਾਂ ਦੀ ਸਥਾਪਨਾ, ਉਤਪਾਦਾਂ ਦੇ ਮੰਡੀਕਰਨ ਅਤੇ ਕਿਸਾਨਾਂ ਨੂੰ ਲਾਹੇਵੰਦ ਭਾਅ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ। ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾ ਦੇ ਇੱਕ ਪ੍ਰਤੀਨਿਧੀ ਕਿਸਾਨ ਦੇ ਸੁਝਾਅ ਦਾ ਸੁਆਗਤ ਕਰਦਿਆਂ ਵਧੀਕ ਮੁੱਖ ਸਕੱਤਰ ਨੇ ਪ੍ਰਾਇਮਰੀ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਮੈਂਬਰਾਂ ਅਤੇ ਹੋਰ ਭਾਈਵਾਲਾਂ ਨਾਲ ਲਗਾਤਾਰ ਅਜਿਹੇ ਸੈਸਨ ਕਰਨ ਦੀ ਮਹੱਤਤਾ 'ਤੇ ਜੋਰ ਦਿੱਤਾ। ਉਨ੍ਹਾਂ ਜੋਰ ਦਿੰਦਿਆਂ ਕਿਹਾ ਕਿ ਫੀਡਬੈਕ ਪ੍ਰਣਾਲੀ ਨੂੰ ਮਜਬੂਤ ਕਰਨ, ਸ਼ਿਕਾਇਤਾਂ ਨੂੰ ਹੱਲ ਕਰਨ, ਅਤੇ ਵਿਚਾਰ-ਚਰਚਾ ਰਾਹੀਂ ਨਵੀਨਤਾਕਾਰੀ ਵਿਚਾਰਾਂ ਨੂੰ ਉਤਸਾਹਿਤ ਕਰਨ ਲਈ ਇਹ ਇੱਕ ਮਹੱਤਵਪੂਰਨ ਪਲੇਟਫਾਰਮ ਪ੍ਰਦਾਨ ਕਰੇਗਾ। ਇਸ ਮੰਤਵ ਲਈ ਉਨ੍ਹਾਂ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਖੇਤੀਬਾੜੀ ਸਹਿਕਾਰੀ ਸਭਾਵਾਂ ਦੇ ਵਿਕਾਸ ਲਈ ਇੱਕ ਮਜਬੂਤ ਅਤੇ ਮੁਕੰਮਲ ਪਹੁੰਚ ਨੂੰ ਯਕੀਨੀ ਬਣਾਉਂਦੇ ਹੋਏ, ਜ਼ਿਲ੍ਹਾ ਅਤੇ ਰਾਜ ਦੋਵਾਂ ਪੱਧਰਾਂ 'ਤੇ ਅਜਿਹੇ ਸਮਾਗਮਾਂ ਨੂੰ ਕਰਵਾਉਂਦੇ ਰਹਿਣ। ਇਸ ਤੋਂ ਪਹਿਲਾਂ, ਰਜਿਸਟਰਾਰ ਸਹਿਕਾਰੀ ਸਭਾਵਾਂ ਅਤੇ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ, ਵਿਮਲ ਕੁਮਾਰ ਸੇਤੀਆ ਨੇ ਵਧੀਕ ਮੁੱਕ ਸਕੱਤਰ, ਸਹਿਕਾਰਤਾ, ਅਲੋਕ ਸ਼ੇਖਰ, ਸਕੱਤਰ, ਸਹਿਕਾਰਤਾ, ਰਿਤੂ ਅਗਰਵਾਲ ਅਤੇ ਹੋਰ ਮਹਿਮਾਨਾਂ ਦਾ ਨਿੱਘਾ ਸਵਾਗਤ ਕੀਤਾ। ਸੇਤੀਆ ਨੇ ਪੰਜਾਬ ਵਿੱਚ ਸਹਿਕਾਰਤਾ ਲਹਿਰ ਨੂੰ ਪ੍ਰਫੁੱਲਿਤ ਕਰਨ ਲਈ ਕੀਤੇ ਜਾ ਰਹੇ ਮੋਹਰੀ ਉਪਰਾਲਿਆਂ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਇਨ੍ਹਾਂ ਪਹਿਲ ਕਦਮੀਆਂ ਨਾਲ ਪੰਜਾਬ ਦੀ ਸਹਿਕਾਰੀ ਲਹਿਰ 'ਤੇ ਪਰਿਵਰਤਨਸੀਲ ਪ੍ਰਭਾਵ ਪੈਣ ਦੀ ਉਮੀਦ ਹੈ, ਜਿਸ ਨਾਲ ਸਹਿਕਾਰੀ ਸਭਾਵਾਂ ਪੇਂਡੂ ਵਿਕਾਸ ਨੂੰ ਉਤਸਾਹਿਤ ਕਰਨ, ਕਿਸਾਨਾਂ ਦੀ ਆਮਦਨ ਨੂੰ ਵਧਾਉਣ ਅਤੇ ਸੂਬੇ ਦੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਵਧੇਰੇ ਪ੍ਰਭਾਵਸਾਲੀ ਭੂਮਿਕਾ ਨਿਭਾਉਣ ਦੇ ਯੋਗ ਬਣ ਸਕਦੀਆਂ ਹਨ। ਉਨ੍ਹਾਂ ਨੇ ਅੱਜ ਦੇ ਸਮਾਗਮ ਦੀ ਮਹੱਤਤਾ 'ਤੇ ਜੋਰ ਦਿੰਦਿਆਂ ਇਸ ਲਾਭਕਾਰੀ ਅਤੇ ਮਹੱਤਵਪੂਰਨ ਸੰਮੇਲਨ ਲਈ ਮੁੱਢ ਬੰਨ੍ਹਿਆ।

## ਧੀ ਦੇ ਵਿਆਹ ਦਾ ਕਾਰਡ ਵੰਡਣ ਜਾ ਰਹੇ ਮਾਪੇ ਭਿਆਨਕ ਹਾਦਸੇ ਦਾ ਸ਼ਿਕਾਰ, ਮਚੀ ਹਾਹਾਕਾਰ

ਫਿਰੋਜਪੁਰ 29 ਦਸੰਬਰ। ਫਿਰੋਜਪੁਰ ਦੇ ਪਿੰਡ ਗਿੱਲ ਨਜਦੀਕ ਧੀ ਦੇ ਵਿਆਹ ਦਾ ਕਾਰਡ ਵੰਡਣ ਜਾ ਰਹੇ ਮਾਪਿਆਂ ਨਾਲ ਵੱਡਾ ਹਾਦਸਾ ਵਾਪਰਿਆ, ਜਿਸ ਦੌਰਾਨ ਉਹ ਗੰਭੀਰ ਜਖਮੀ ਹੋ ਗਏ। ਉਨ੍ਹਾਂ ਨੂੰ ਇਲਾਜ ਲਈ ਸਿਵਲ ਹਸਪਤਾਲ 'ਚ ਦਾਖਲ ਕਰਾਇਆ ਗਿਆ ਹੈ। ਜਾਣਕਾਰੀ ਮੁਤਾਬਕ ਇਕ ਪਰਿਵਾਰ ਨੇ ਘਰ 'ਚ ਧੀ ਦਾ ਵਿਆਹ ਰੱਖਿਆ ਹੋਇਆ ਸੀ। ਉਹ ਆਪਣੇ ਸਾਕ-ਸਬੰਧੀਆਂ ਨੂੰ ਕਾਰਡ ਵੰਡਣ ਲਈ ਮੋਟਰਸਾਈਕਲ 'ਤੇ ਜਾ ਰਹੇ ਸਨ। ਪਿੰਡ ਗਿੱਲ ਨੇੜੇ ਉਨ੍ਹਾਂ ਦੇ ਮੋਟਰਸਾਈਕਲ ਨੂੰ ਗਲਤ



ਸਾਈਡ ਤੋਂ ਆ ਰਹੀ ਇਕ ਕਾਰ ਨੇ ਟੱਕਰ ਮਾਰ ਦਿੱਤੀ। ਇਸ ਦੌਰਾਨ ਕੁੜੀ ਦੇ ਮਾਂ-ਪਿਓ ਸਣੇ 3 ਲੋਕ ਗੰਭੀਰ ਜਖਮੀ ਹੋ ਗਏ। ਜਖਮੀ ਹੋਏ ਲੋਕਾਂ ਦੇ ਰਿਸ਼ਤੇਦਾਰ ਗੁਰਮੀਤ ਸਿੰਘ ਨੇ ਦੱਸਿਆ ਕਿ ਇਹ ਟੱਕਰ ਇੰਨੀ ਭਿਆਨਕ ਸੀ ਕਿ ਮੋਟਰਸਾਈਕਲ ਪੂਰੀ ਤਰ੍ਹਾਂ ਚਕਨਾਚੂਰ ਹੋ ਗਿਆ ਅਤੇ ਮੋਟਰਸਾਈਕਲ ਸਵਾਰਾਂ ਨੂੰ ਦਰੜਦੀ ਹੋਈ ਕਾਰ ਖੇਤਾਂ 'ਚ ਲੱਗੇ ਇਕ ਦਰੱਖਤ 'ਚ ਜਾ ਵੱਜੀ। ਭਿਆਨਕ ਹਾਦਸੇ ਦੌਰਾਨ ਜਖਮੀ ਹੋਏ ਲੋਕ ਤੜਫਦੇ ਰਹੇ, ਜਦੋਂ ਕਿ ਕਾਰ ਚਾਲਕ ਮੌਕੇ ਤੋਂ ਫਰਾਰ ਹੋ ਗਿਆ। ਗੁਰਮੀਤ ਸਿੰਘ ਨੇ ਦੱਸਿਆ ਕਿ ਜਖਮੀਆਂ ਨੂੰ ਸਿਵਲ ਹਸਪਤਾਲ ਦਾਖਲ ਕਰਾਇਆ ਗਿਆ ਹੈ, ਜਿੱਥੇ ਉਨ੍ਹਾਂ ਦੀ ਹਾਲਤ ਗੰਭੀਰ ਬਣੀ ਹੋਈ ਹੈ।

## ਦੇਸ਼ੀ ਪਿਸਤੌਲ ਤੇ ਤਿੰਨ ਜਿਦਾ ਕਾਰਤੂਸਾਂ ਸਮੇਤ 5 ਨੌਜਵਾਨ ਗ੍ਰਿਫਤਾਰ

ਖਰੜ 29 ਦਸੰਬਰ। ਖਰੜ ਸਦਰ ਪੁਲਸ ਵੱਲੋਂ ਦੇਸ਼ੀ ਪਿਸਤੌਲ ਅਤੇ ਤਿੰਨ ਜ਼ਿੰਦਾ ਕਾਰਤੂਸਾਂ ਸਮੇਤ 5 ਨੌਜਵਾਨਾਂ ਨੂੰ ਗ੍ਰਿਫਤਾਰ ਕੀਤਾ ਹੈ ਅਤੇ ਉਨ੍ਹਾਂ ਵਿਰੁੱਧ ਆਰਮਜ਼ ਐਕਟ ਅਧੀਨ ਕੇਸ ਦਰਜ਼ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਖਰੜ ਦੇ ਡੀ. ਐੱਸ. ਪੀ. ਕਰਨ ਸਿੰਘ ਸੰਧੂ ਨੇ ਦੱਸਿਆਂ ਕਿ ਏ. ਐੱਸ. ਆਈ. ਕੁਲਵਿੰਦਰ ਸਿੰਘ ਦੀ ਅਗਵਾਈ ਵਿੱਚ ਪੁਲਸ ਪਾਰਟੀ ਨੇ ਟੋਲ ਪਲਾਜ਼ਾ ਪਿੰਡ ਭਾਗੋਮਾਜਰਾ ਕੋਲ ਨਾਕਾ ਲਗਾਇਆ ਹੋਇਆ ਸੀ। ਇਕ ਚਿੱਟੇ ਰੰਗ ਦੀ ਫਾਰਚੂਨਰ ਕਾਰ ਮੋਰਿੰਡਾ ਰੋਡ ਤੋਂ ਆਉਂਦੀ ਵਿਖਾਈ ਦਿੱਤੀ ਕਾਰ ਡਰਾਈਵਰ ਨੇ ਜਦੋਂ ਪੁਲਸ ਨੂੰ ਵੇਖਿਆ ਤਾਂ ਉਸ ਨੇ ਨਾਕਾਬੰਦੀ ਤੋਂ 20 ਗੱਜ ਪਿੱਛੇ ਹੀ ਕਾਰ ਰੋਕ ਲਈ। ਪੁਲਸ



ਕਾਰਮਚਾਰੀ ਉਥੇ ਪਹੁੰਚੇ ਅਤੇ ਕਾਰ ਚਾਲਕ ਅਤੇ ਕਾਰ ਵਿੱਚ ਬੈਠੇ 4 ਲੜਕਿਆਂ ਦਾ ਨਾਂ ਪਤਾ ਪੁੱਛਿਆ। ਕਾਰ ਚਾਲਕ ਨੇ ਆਪਣਾ ਨਾਂ ਗੁਰਸੇਵਕ ਸਿੰਘ ਅਤੇ ਦੂਜੇ ਲੜਕਿਆਂ ਨੇ ਆਪਣਾ ਨਾਂ ਚਨਪ੍ਰਤਾਪ ਸਿੰਘ ਗਰੇਵਾਲ, ਯੁਵਰਾਜ ਸਿੰਘ, ਸ਼ਿਨਾ ਲਖਵਾਰਾ ਅਤੇ ਗੁਰਪ੍ਰੀਤ ਸਿੰਘ ਦੱਸਿਆ। ਇਹ ਸਾਰੇ ਲੁਧਿਆਣਾ ਦੇ ਰਹਿਣ ਵਾਲੇ ਹਨ। ਜਦੋਂ ਗੱਡੀ ਦੀ ਤਲਾਸ਼ੀ ਲਈ ਗਈ ਤਾਂ ਉਸ ਵਿੱਚੋਂ ਇਕ ਪਿਸਤੌਲ ਦੇਸੀ ਅਤੇ ਖਾਲੀ ਮੈਗਜ਼ੀਨ ਪ੍ਰਾਪਤ ਹੋਏ। ਇਸ ਦੇ ਨਾਲ ਹੀਰ ਤਿੰਨ ਕਾਰਤੂਸ ਵੀ ਬਰਾਮਦ ਹੋਏ। ਉਹ ਲੜਕੇ ਪਿਸਤੌਲ ਅਤੇ ਜ਼ਿੰਦਾ ਕਾਰਤੂਸ ਰੱਖਣ ਦਾ ਕੋਈ ਲਾਇਸੈਂਸ ਜਾਂ ਪਰਮਿਟ ਨਹੀਂ ਵਿਖਾ ਸਕੇ। ਪੁਲਸ ਨੇ ਕਾਰ ਨੰਬਰ ਪੀ. ਬੀ 08 ਈ. ਐੱਸ. 2400 ਆਪਣੇ ਕਬਜ਼ੇ ਵਿੱਚ ਲੈ ਲਈ ਹੈ ਅਤੇ ਇਨ੍ਹਾਂ ਪੰਜਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਵੱਲੋਂ ਉਨ੍ਹਾਂ ਤੋਂ ਵਧੇਰੇ ਪੁੱਛਗਿੱਛ ਕੀਤੀ ਜਾ ਰਹੀ ਹੈ।

## ਵਿਦੇਸ਼ ਜਾਣ ਤੋਂ ਕੁਝ ਦਿਨਾਂ ਬਾਅਦ ਹੋਈ ਸੋਹਣੇ ਸੁਨੱਖੇ ਪੁੱਤ ਦੀ ਮੌਤ, ਲਾਸ਼ ਆਈ ਤਾਂ ਨਿਕਲ ਗਈਆਂ ਧਾਹਾਂ

ਅੰਮ੍ਰਿਤਸਰ 29 ਦਸੰਬਰ। ਖਾੜੀ ਮੁਲਕਾਂ ਅੰਦਰ ਲੋਕਾਂ ਦੇ ਮਸੀਹਾ ਵਜੋਂ ਜਾਣੇ ਜਾਂਦੇ ਦੁਬਈ ਦੇ ਉੱਘੇ ਕਾਰੋਬਾਰੀ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਸਰਪ੍ਰਸਤ ਡਾ. ਐੱਸ.ਪੀ. ਸਿੰਘ ਓਬਰਾਏ ਦੇ ਸਹਿਯੋਗ ਸਦਕਾ ਅੱਜ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਕੋਟ ਮੰਜਲਸ ਨਾਲ ਸਬੰਧਤ 39 ਸਾਲਾ ਮਨਦੀਪ ਸਿੰਘ ਪੁੱਤਰ ਸਤਨਾਮ ਸਿੰਘ ਦਾ ਮ੍ਰਿਤਕ ਸਰੀਰ ਮੌਤ ਤੋਂ ਕਰੀਬ 25 ਦਿਨਾਂ ਬਾਅਦ ਬਾਅਦ ਦੁਬਈ ਤੋਂ ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡਾ ਅੰਮ੍ਰਿਤਸਰ ਵਿਖੇ ਪਹੁੰਚਿਆ। ਮ੍ਰਿਤਕ ਸਰੀਰ ਸਰਬੱਤ ਦਾ ਭਲਾ ਟਰੱਸਟ ਦੇ ਪੰਜਾਬ ਪ੍ਰਧਾਨ ਸੁਖਜਿੰਦਰ ਸਿੰਘ ਹੇਰ, ਜ਼ਿਲ੍ਹਾ ਪ੍ਰਧਾਨ ਸਿਸਪਾਲ ਸਿੰਘ ਲਾਡੀ ਤੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਸੰਧੂ ਵੱਲੋਂ ਪ੍ਰਾਪਤ ਕਰਕੇ ਪਰਿਵਾਰਕ ਮੈਂਬਰਾਂ ਨੂੰ ਸੌਂਪਿਆ ਗਿਆ। ਇਸ ਸਬੰਧੀ ਜਾਣਕਾਰੀ ਸਾਂਝੀ ਕਰਦਿਆਂ ਡਾ.ਐੱਸ.ਪੀ. ਸਿੰਘ ਓਬਰਾਏ ਨੇ ਦੱਸਿਆ ਕਿ ਮਨਦੀਪ ਸਿੰਘ ਵੀ ਹੋਰਨਾਂ ਨੌਜਵਾਨਾਂ ਵਾਂਗ ਕੁਝ ਸਾਲ ਪਹਿਲਾਂ ਆਪਣੇ ਬਿਹਤਰ ਭਵਿੱਖ ਦੇ ਸੁਫਨੇ ਲੈ ਕੇ ਦੁਬਈ ਕੰਮਕਾਜ ਲਈ ਆਇਆ ਸੀ ਅਤੇ ਅਜੇ ਬੀਤੀ 22 ਨਵੰਬਰ ਨੂੰ ਹੀ ਉਹ ਆਪਣੇ ਪਰਿਵਾਰ ਨੂੰ ਮਿਲ ਕੇ ਵਾਪਸ ਆਇਆ



ਸੀ ਕਿ ਦੁਬਈ ਪਹੁੰਚਣ ਤੋਂ ਕੁਝ ਦਿਨ ਬਾਅਦ ਹੀ 1 ਦਸੰਬਰ ਨੂੰ ਅਚਾਨਕ ਦਿਲ ਦਾ ਦੌਰਾ ਪੈਣ ਨਾਲ ਉਸ ਦੀ ਮੌਤ ਹੋ ਗਈ। ਡਾ. ਓਬਰਾਏ ਨੇ ਦੱਸਿਆ ਕਿ ਇਸ ਮੰਦਭਾਗੀ ਘਟਨਾ ਸਬੰਧੀ ਪੀੜਤ ਪਰਿਵਾਰ ਨੇ ਸੰਪਰਕ ਕਰਕੇ ਮਨਦੀਪ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਕਿਹਾ ਸੀ। ਜਿਸ ਉਪਰੰਤ ਭਾਰਤੀ ਦੂਤਾਵਾਸ ਦੀ ਮਦਦ ਨਾਲ ਉਨ੍ਹਾਂ ਆਪਣੇ ਨਿੱਜੀ ਸਹਾਇਕ ਬਲਦੀਪ ਸਿੰਘ ਚਾਹਲ ਦੀ ਦੇਖ-ਰੇਖ 'ਚ ਸਾਰੇ ਲੋੜੀਂਦੇ ਕਾਗਜਾਤ ਮੁਕੰਮਲ ਕਰਵਾ ਕੇ ਅੱਜ ਮਨਦੀਪ ਸਿੰਘ ਦੀ ਮ੍ਰਿਤਕ ਦੇਹ ਨੂੰ ਭਾਰਤ ਪਹੁੰਚਾਇਆ। ਡਾ.ਓਬਰਾਏ ਨੇ ਇੱਥੇ ਇਹ ਵੀ ਸਪੱਸਟ ਕੀਤਾ ਕਿ ਮਨਦੀਪ ਸਿੰਘ ਦਾ ਮ੍ਰਿਤਕ ਸਰੀਰ ਭਾਰਤ ਭੇਜਣ ਲਈ ਆਇਆ ਖਰਚ ਪਰਿਵਾਰ ਵੱਲੋਂ ਹੀ ਕੀਤਾ ਗਿਆ ਹੈ। ਮ੍ਰਿਤਕ ਸਰੀਰ ਲੈਣ ਹਵਾਈ ਅੱਡੇ 'ਤੇ ਪਹੁੰਚੇ ਮਨਦੀਪ ਸਿੰਘ ਦੇ ਜੀਜੇ ਸੰਦੀਪ ਸਿੰਘ ਤੇ ਜਗਦੀਸ ਸਿੰਘ,ਚਾਚਾ ਗੁਰਮੀਤ ਸਿੰਘ, ਹਰਜੀਤ ਸਿੰਘ,ਗੁਰਪ੍ਰੀਤ ਸਿੰਘ, ਬਿਕਰਮਜੀਤ ਸਿੰਘ ਆਦਿ ਨੇ ਭਾਵੁਕ ਹੁੰਦਿਆਂ ਦੱਸਿਆ ਕਿ ਮਨਦੀਪ ਆਪਣੇ ਪਿੱਛੇ ਆਪਣੀ ਬਜੁਰਗ ਮਾਤਾ, ਭੈਣ ਤੋਂ ਇਲਾਵਾ ਹੋਰਨਾਂ ਪਰਿਵਾਰਕ ਮੈਂਬਰਾਂ ਨੂੰ ਰੋਂਦਿਆਂ ਛੱਡ ਗਿਆ ਹੈ। ਉਨ੍ਹਾਂ ਡਾ.ਐੱਸ.ਪੀ.ਸਿੰਘ ਓਬਰਾਏ ਦਾ ਇਸ ਔਖੇ ਘੜੀ ਵੇਲੇ ਉਨ੍ਹਾਂ ਦੀ ਮਦਦ ਕਰਨ ਲਈ ਵਿਸੇਸ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੇ ਇਸ ਪਰਉਪਕਾਰ ਨੂੰ ਉਹ ਹਮੇਸਾ ਯਾਦ ਰੱਖਣਗੇ।

## ਪੰਜਾਬ 'ਚ ਵੱਡਾ ਹਾਦਸਾ, ਡਰੇਨ 'ਚ ਡਿੱਗੀ ਸਵਾਰੀਆਂ ਨਾਲ ਭਰੀ ਬੱਸ

ਬਠਿੰਡਾ 29 ਦਸੰਬਰ। ਬਠਿੰਡਾ ਵਿਚ ਵੱਡਾ ਹਾਦਸਾ ਹੋਣ ਦੀ ਖਬਰ ਸਾਹਮਣੇ ਆਈ ਹੈ। ਇਥੋਂ ਦੇ ਜੀਵਨ ਸਿੰਘ ਵਾਲਾ ਅਤੇ ਕੋਟ ਸ਼ਮੀਰ ਦੇ ਵਿਚਾਲੇ ਵੱਗਦੀ ਡਰੇਨ ਵਿਚ ਸਵਾਰੀਆਂ ਨਾਲ ਭਰੀ ਬੱਸ ਡਿੱਗ ਗਈ। ਜਾਣਕਾਰੀ ਮੁਤਾਬਕ ਨਿੱਜੀ ਕੰਪਨੀ ਦੀ ਇਹ ਬੱਸ ਜਦੋਂ ਡਰੇਨ ਵਿਚ ਡਿੱਗੀ ਤਾਂ ਮੌਕੇ ਉਤੇ ਚੀਕ-ਚਿਹਾੜਾ ਪੈ ਗਿਆ। ਮੌਕੇ ਉਤੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ, ਜਿਨ੍ਹਾਂ ਵੱਲੋਂ ਰੈਸਕਿਊ ਆਪਰੇਸ਼ਨ ਕੀਤਾ ਜਾ ਰਿਹਾ ਹੈ। ਹਾਲਾਂਕਿ ਹਾਦਸੇ ਦਾ ਕਾਰਨ ਸਪੱਸ਼ਟ ਨਹੀਂ ਹੋ ਸਕਿਆ ਹੈ। ਸ਼ੀਸ਼ੇ ਤੋੜ ਕੇ ਸਵਾਰੀਆਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ, ਉਥੇ ਹੀ 8 ਲੋਕਾਂ ਦੀ ਮੌਤ ਹੋਣ ਦੀ ਵੀ ਗੱਲ ਸਾਹਮਣੇ ਆਈ ਹੈ। ਐੱਨ. ਡੀ. ਆਰ. ਐੱਫ. ਦੀਆਂ ਟੀਮਾਂ ਸਮੇਤ ਜ਼ਿਲ੍ਹਾ ਪ੍ਰਸਾਸਨ ਅਤੇ ਹੋਰ ਸੰਸਥਾਵਾਂ ਮੌਕੇ 'ਤੇ ਪੁੱਜੀਆਂ ਹਨ। ਅਜੇ ਵੀ ਕਈ ਸਵਾਰੀਆਂ ਬੱਸ ਫਸੀਆਂ ਹਨ, ਜਿਨਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਹ ਹਾਦਸਾ ਮੀਂਹ ਦੇ ਕਾਰਨ ਬੱਸ ਦੇ ਬੇਕਾਬੂ ਹੋਣ ਕਾਰਨ ਵਾਪਰਿਆ। ਮੌਕੇ ਉਤੇ ਮੌਜੂਦ ਡਿਪਟੀ ਕਮਿਸਨਰ ਨੇ ਦੱਸਿਆ ਕਿ ਸਰਦੂਲਗੜ੍ਹ ਤੋਂ ਬਠਿੰਡਾ ਨੂੰ ਆ ਰਹੀ ਇਕ ਪ੍ਰਾਈਵੇਟ ਬੱਸ ਜ਼ਿਲ੍ਹੇ ਦੇ ਪਿੰਡ



ਜੀਵਨ ਸਿੰਘ ਵਾਲਾ ਵਿਖੇ ਗੰਦੇ ਨਾਲੇ ਵਿੱਚ ਡਿੱਗੀ। ਇਸ ਉਪਰੰਤ ਜ਼ਿਲ੍ਹਾ ਪ੍ਰਸਾਸਨ ਅਤੇ ਪੁਲਸ ਪਾਰਟੀਆਂ ਮੌਕੇ 'ਤੇ ਹੀ ਤੁਰੰਤ ਘਟਨਾ ਵਾਲੇ ਸਥਾਨ 'ਤੇ ਪਹੁੰਚੀਆਂ ਅਤੇ ਐੱਨ. ਡੀ. ਆਰ. ਐੱਫ. ਅਤੇ ਲੋਕਲ ਵਲੰਟੀਅਰਾਂ ਦੇ ਸਹਿਯੋਗ ਨਾਲ ਹਾਦਸਾਗ੍ਰਸਤ ਬੱਸ 'ਚੋਂ ਮੁਸਾਫ਼ਿਰਾਂ ਨੂੰ ਬਚਾਇਆ ਗਿਆ। ਡਿਪਟੀ ਕਮਿਸਨਰ ਨੇ ਦੱਸਿਆ ਕਿ 46 ਸਵਾਰੀਆਂ ਇਸ ਹਾਦਸੇ ਦੀ ਲਪੇਟ ਵਿੱਚ ਆਏ ਹਨ, ਜਿਨਾਂ ਵਿੱਚੋਂ ਅੱਠ ਵਿਅਕਤੀਆਂ ਨੂੰ ਮ੍ਰਿਤਕ ਐਲਾਨਿਆ ਗਿਆ ਜਦਕਿ ਬਾਕੀਆਂ ਨੂੰ ਤਲਵੰਡੀ ਸਾਬੋ ਅਤੇ ਜ਼ਿਲ੍ਹਾ ਹਸਪਤਾਲ ਬਠਿੰਡਾ ਵਿਖੇ ਜੇਰੇ ਇਲਾਜ ਲਈ ਭੇਜਿਆ ਗਿਆ। ਡਿਪਟੀ ਕਮਿਸਨਰ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਮ੍ਰਿਤਕਾਂ ਦੀ ਪਛਾਣ ਦਾ ਹਾਲੇ ਪਤਾ ਨਹੀਂ ਲਗਾਇਆ ਗਿਆ ਜਦੋਂ ਵੀ ਇਸ ਬਾਰੇ ਪਤਾ ਲਗਾਇਆ ਜਾਂਦਾ ਹੈ ਤਾਂ ਸਮੇਂ ਸਿਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ, ਉਨ੍ਹਾਂ ਇਹ ਵੀ ਦੱਸਿਆ ਕਿ ਜ਼ਿਲ੍ਹਾ ਪ੍ਰਸਾਸਨ ਨੇ ਪਬਲਿਕ ਦੀ ਸੁਵਿਧਾ ਲਈ ਕੰਟਰੋਲ ਰੂਮ ਸਥਾਪਿਤ ਕੀਤਾ ਗਿਆ ਹੈ

## ਸੱਸ ਦੇ ਸਸਕਾਰ ਤੋਂ ਆ ਕੇ ਨੌਜਵਾਨ ਨੇ ਚੁੱਕ ਲਿਆ ਖੌਫਨਾਕ ਕਦਮ

ਨਾਭਾ 29 ਦਸੰਬਰ। ਪੰਜਾਬ ਦੇ ਨਾਭਾ ਇਲਾਕੇ ਤੋਂ ਇਕ ਸਨਸਨੀਖੇਜ ਖਬਰ ਸਾਹਮਣੇ ਆ ਰਹੀ ਹੈ, ਜਿੱਥੇ ਰਿਸ਼ਤੇਦਾਰਾਂ ਵੱਲੋਂ ਕੀਤੀ ਗਈ ਬੇਇੱਜਤੀ ਨੂੰ ਨਾ ਬਰਦਾਸ਼ਤ ਕਰਦੇ ਹੋਏ ਇਕ ਨੌਜਵਾਨ ਨੇ ਮੌਤ ਨੂੰ ਗਲੇ ਲਗਾ ਲਿਆ। ਥਾਣਾ ਸਦਰ ਪੁਲਸ ਨੇ ਮੌਤ ਹੋਣ ਦੇ ਦੋਸ਼ 'ਚ ਇਕ ਵਿਅਕਤੀ ਖਿਲਾਫ ਕੇਸ ਦਰਜ ਕੀਤਾ ਹੈ। ਸ਼ਿਕਾਇਤਕਰਤਾ ਨਛੱਤਰ ਕੌਰ ਪਤਨੀ ਪਰਾਗਾ ਸਿੰਘ ਵਾਸੀ ਪਿੰਡ ਲੁਬਾਣਾ ਮਾਡਲ ਟਾਊਨ ਥਾਣਾ ਸਦਰ ਨਾਭਾ ਨੇ ਪੁਲਸ ਨੂੰ ਦੱਸਿਆ ਕਿ ਉਸ ਦੇ ਪੁੱਤਰ ਬਲਵਿੰਦਰ ਸਿੰਘ (38) ਨੇ ਮਰਨ ਤੋਂ ਪਹਿਲਾਂ ਲਿਖ ਕੇ ਰੱਖ ਦਿੱਤਾ ਸੀ ਕਿ ਉਹ ਆਪਣੀ ਸੱਸ ਬਲਜਿੰਦਰ ਕੌਰ ਵਾਸੀ ਪਿੰਡ ਸਰਾਣਾ ਜ਼ਿਲ੍ਹਾ ਫਤਿਹਗੜ੍ਹ ਸਾਹਿਬ ਦੇ ਸੰਸਕਾਰ 'ਤੇ ਗਿਆ ਸੀ। ਉੱਥੇ ਮੁਲਜਮ ਬੀਰੀ, ਜੋ ਕਿ ਉਸ ਦੀ ਪਤਨੀ ਦੇ ਮਾਮੇ ਦਾ ਲੜਕਾ ਹੈ, ਨੇ ਉਸ ਨਾਲ ਝਗੜਾ ਕਰਦਿਆਂ ਉਸ ਦੀ ਬੇਇੱਜਤੀ ਕਰ ਦਿੱਤੀ, ਜਿਸ ਨੂੰ ਬਰਦਾਸ਼ਤ ਨਾ ਕਰਦੇ ਹੋਏ ਤੇ ਮੁਲਜਮ ਤੋਂ ਤੰਗ ਆ ਕੇ ਬਲਵਿੰਦਰ ਸਿੰਘ ਨੇ 22 ਦਸੰਬਰ ਨੂੰ ਕੋਈ ਜਹਿਰੀਲੀ ਦਵਾਈ ਪੀ ਲਈ। ਉਸ ਦੀ ਇਲਾਜ ਦੌਰਾਨ 25 ਦਸੰਬਰ ਨੂੰ ਰਾਜਿੰਦਰਾ ਹਸਪਤਾਲ ਪਟਿਆਲਾ ਵਿਖੇ ਮੌਤ ਹੋ ਗਈ। ਮ੍ਰਿਤਕ ਨੇ ਆਪਣੀ ਹੱਡ ਬੀਤੀ ਇਕ ਕਾਪੀ 'ਚ ਲਿਖ ਕੇ ਕਮਰੇ 'ਚ ਰੱਖ ਦਿੱਤੀ ਸੀ। ਸ਼ਿਕਾਇਤਕਰਤਾ ਮ੍ਰਿਤਕਾ ਦੀ ਮਾਤਾ ਨਛੱਤਰ ਕੌਰ ਦੇ ਬਿਆਨਾਂ 'ਤੇ ਪੁਲਸ ਨੇ ਮੁਲਜਮ ਬੀਰੀ ਵਾਸੀ ਪਿੰਡ ਪੰਜੋਲੀ, ਜ਼ਿਲਾ ਫਤਿਹਗੜ੍ਹ ਸਾਹਿਬ ਖਿਲਾਫ ਧਾਰਾ 108, ਬੀ.ਐੱਨ.ਐੱਸ. ਐਕਟ ਤਹਿਤ ਕੇਸ ਦਰਜ ਕਰ ਕੇ ਮੁਲਜਮ ਦੀ ਭਾਲ ਸ਼ੁਰੂ ਕਰ ਦਿੱਤੀ।

## ਬਠਿੰਡਾ 'ਚ ਵੱਡਾ ਬੱਸ ਹਾਦਸਾ, ਅੱਧੀ ਦਰਜਨ ਤੋਂ ਵੱਧ ਸਵਾਰੀਆਂ ਦੀ ਮੌਤ

ਬਠਿੰਡਾ 29 ਦਸੰਬਰ। ਬਠਿੰਡਾ ਵਿਚ ਵੱਡਾ ਹਾਦਸਾ ਹੋਣ ਦੀ ਖਬਰ ਸਾਹਮਣੇ ਆਈ ਹੈ। ਇਥੋਂ ਦੇ ਜੀਵਨ ਸਿੰਘ ਵਾਲਾ ਅਤੇ ਕੋਟ ਸ਼ਮੀਰ ਦੇ ਵਿਚਾਲੇ ਵੱਗਦੀ ਡਰੇਨ ਵਿਚ ਸਵਾਰੀਆਂ ਨਾਲ ਭਰੀ ਬੱਸ ਡਿੱਗ ਗਈ। ਜਾਣਕਾਰੀ ਮੁਤਾਬਕ ਨਿੱਜੀ ਕੰਪਨੀ ਦੀ ਇਹ ਬੱਸ ਜਦੋਂ ਡਰੇਨ ਵਿਚ ਡਿੱਗੀ ਤਾਂ ਮੌਕੇ ਉਤੇ ਚੀਕ-ਚਿਹਾੜਾ ਪੈ ਗਿਆ। ਮੌਕੇ ਉਤੇ ਵੱਡੀ ਗਿਣਤੀ ਵਿਚ ਲੋਕ ਇਕੱਠੇ ਹੋ ਗਏ, ਜਿਨ੍ਹਾਂ ਵੱਲੋਂ ਰੈਸਕਿਊ ਆਪਰੇਸ਼ਨ ਕੀਤਾ ਜਾ ਰਿਹਾ ਹੈ। ਉਥੇ ਹੀ ਇਸ ਹਾਦਸੇ ਵਿਚ ਅੱਧੀ ਦਰਜਨ ਤੋਂ ਵੱਧ ਸਵਾਰੀਆਂ ਦੀ ਮੌਤ ਹੋਣ ਦੀ ਪੁਸ਼ਟੀ ਕੀਤੀ ਗਈ ਹੈ ਜਦਕਿ ਬਾਕੀਆਂ ਲਈ ਰਾਹਤ ਕੰਮ ਜਾਰੀ ਹੈ। ਐੱਨ. ਡੀ. ਆਰ. ਐੱਫ. ਦੀਆਂ ਟੀਮਾਂ ਸਮੇਤ ਜ਼ਿਲ੍ਹਾ ਪ੍ਰਸਾਸਨ ਅਤੇ ਹੋਰ ਸੰਸਥਾਵਾਂ ਮੌਕੇ 'ਤੇ ਪੁੱਜੀਆਂ ਹਨ। ਅਜੇ ਵੀ ਕਈ ਸਵਾਰੀਆਂ ਬੱਸ ਫਸੀਆਂ ਹਨ, ਜਿਨਾਂ ਨੂੰ ਬਾਹਰ ਕੱਢਿਆ ਜਾ ਰਿਹਾ ਹੈ। ਇਹ ਹਾਦਸਾ ਮੀਂਹ ਦੇ ਕਾਰਨ ਬੱਸ ਦੇ ਬੇਕਾਬੂ ਹੋਣ ਕਾਰਨ ਵਾਪਰਿਆ। ਹੁਣ ਤੱਕ 8 ਲਾਸ਼ਾਂ ਬਰਾਮਦ ਕੀਤੀਆਂ ਜਾ ਚੁੱਕੀਆਂ ਹਨ। ਮਰਨ ਵਾਲਿਆਂ ਵਿਚ ਇਕ ਬੱਚਾ ਵੀ ਸ਼ਾਮਲ ਹੈ।



ਮੌਕੇ ਉਤੇ ਮੌਜੂਦ ਡਿਪਟੀ ਕਮਿਸਨਰ ਨੇ ਦੱਸਿਆ ਕਿ ਸਰਦੂਲਗੜ੍ਹ ਤੋਂ ਬਠਿੰਡਾ ਨੂੰ ਆ ਰਹੀ ਇਕ ਪ੍ਰਾਈਵੇਟ ਬੱਸ ਜ਼ਿਲ੍ਹੇ ਦੇ ਪਿੰਡ ਜੀਵਨ ਸਿੰਘ ਵਾਲਾ ਵਿਖੇ ਗੰਦੇ ਨਾਲੇ ਵਿੱਚ ਡਿੱਗੀ। ਇਸ ਉਪਰੰਤ ਜ਼ਿਲ੍ਹਾ ਪ੍ਰਸਾਸਨ ਅਤੇ ਪੁਲਸ ਪਾਰਟੀਆਂ ਮੌਕੇ 'ਤੇ ਹੀ ਤੁਰੰਤ ਘਟਨਾ ਵਾਲੇ ਸਥਾਨ 'ਤੇ ਪਹੁੰਚੀਆਂ ਅਤੇ ਐੱਨ. ਡੀ. ਆਰ. ਐੱਫ. ਅਤੇ ਲੋਕਲ ਵਲੰਟੀਅਰਾਂ ਦੇ ਸਹਿਯੋਗ ਨਾਲ ਹਾਦਸਾਗ੍ਰਸਤ ਬੱਸ 'ਚੋਂ ਮੁਸਾਫ਼ਿਰਾਂ ਨੂੰ ਬਚਾਇਆ ਗਿਆ। ਡਿਪਟੀ ਕਮਿਸਨਰ ਨੇ ਦੱਸਿਆ ਕਿ 46 ਸਵਾਰੀਆਂ ਇਸ ਹਾਦਸੇ ਦੀ ਲਪੇਟ ਵਿੱਚ ਆਏ ਹਨ, ਜਿਨਾਂ ਵਿੱਚੋਂ ਅੱਠ ਵਿਅਕਤੀਆਂ ਨੂੰ ਮ੍ਰਿਤਕ ਐਲਾਨਿਆ ਗਿਆ ਜਦਕਿ ਬਾਕੀਆਂ ਨੂੰ ਤਲਵੰਡੀ ਸਾਬੋ ਅਤੇ ਜ਼ਿਲ੍ਹਾ ਹਸਪਤਾਲ ਬਠਿੰਡਾ ਵਿਖੇ ਜੇਰੇ ਇਲਾਜ ਲਈ ਭੇਜਿਆ ਗਿਆ। ਡਿਪਟੀ ਕਮਿਸਨਰ ਨੇ ਦੱਸਿਆ ਕਿ ਇਸ ਹਾਦਸੇ ਵਿੱਚ ਮ੍ਰਿਤਕਾਂ ਦੀ ਪਛਾਣ ਦਾ ਹਾਲੇ ਪਤਾ ਨਹੀਂ ਲਗਾਇਆ ਗਿਆ ਜਦੋਂ ਵੀ ਇਸ ਬਾਰੇ ਪਤਾ ਲਗਾਇਆ ਜਾਂਦਾ ਹੈ ਤਾਂ ਸਮੇਂ ਸਿਰ ਜਾਣਕਾਰੀ ਸਾਂਝੀ ਕੀਤੀ ਜਾਵੇਗੀ

## ਹੁਣ ਯੂ. ਕੇ. ਜਾਣ ਦਾ ਸੁਫਨਾ ਕਰੋ ਪੂਰਾ, ਵੱਡੀ ਗਿਣਤੀ 'ਚ ਮਿਲ ਰਿਹਾ ਵਰਕ ਵੀਜਾ

ਇੰਟਰਨੈਸ਼ਨਲ ਡੈਸਕ 29 ਦਸੰਬਰ। ਯੂ.ਕੇ. ਜਾਣ ਦੇ ਚਾਹਵਾਨਾਂ ਲਈ ਚੰਗੀ ਖਬਰ ਹੈ। ਯੂ.ਕੇ. ਨੇ ਵੱਡੀ ਗਿਣਤੀ ਵਿਚ ਵਰਕ ਪਰਮਿਟ ਜਾਰੀ ਕਰਨ ਦਾ ਐਲਾਨ ਕੀਤਾ ਹੈ। 50 ਤੋਂ ਵੱਧ ਖੇਤਰਾਂ ਵਿਚ ਨੌਕਰੀਆਂ ਦੇ ਮੌਕੇ ਮਿਲਣਗੇ। ਚੰਗੀ ਗੱਲ ਹੈ ਕਿ ਨਾਲ ਗਏ ਜੀਵਨ ਸਾਥੀ ਨੂੰ ਕੰਮ ਕਰਨ ਦੀ ਇਜਾਜਤ ਹੋਵੇਗੀ। ਨਿਰਭਰ ਲੋਕਾਂ ਨੂੰ ਵੀ ਲਿਜਾਣ ਦੀ ਇਜਾਜਤ ਹੈ। ਬੱਚਿਆਂ ਲਈ ਵੀ ਮੁਫਤ ਸਿੱਖਿਆ ਦਾ ਪ੍ਰਬੰਧ ਹੋਵੇਗਾ। ਸ਼ਾਨਦਾਰ ਸਿਹਤ ਦੇਖਭਾਲ ਬੀਮਾ ਦਿੱਤਾ ਜਾਵੇਗਾ। / ਨਾ ਕਰਨ ਵਾਲੇ ਵੀ ਅਪਲਾਈ ਕਰ ਸਕਦੇ ਹਨ। ਜੇਕਰ ਤੁਸੀਂ ਯੂ.ਕੇ. ਦੇ ਵਰਕ ਵੀਜਾ ਲਈ ਅਪਲਾਈ ਕਰਨਾ ਚਾਹੁੰਦੇ ਹੋ ਤਾਂ ਇਸ ਲਈ ਤੁਸੀਂ ਘੱਟ ਦਸਤਾਵੇਜਾਂ ਨਾਲ ਵੀ ਅਪਲਾਈ ਕਰ ਸਕਦੇ ਹੋ। ਤਨਖਾਹ ਸਕੇਲ ਵੀ ਵਧੀਆ ਹੋਵੇਗਾ। ਕੰਪਨੀ ਬਿਨੈਕਾਰ ਦੇ ਠਹਿਰਨ ਦਾ ਉਚਿਤ ਪ੍ਰਬੰਧ ਕਰੇਗੀ। ਭੋਜਨ ਅਤੇ ਇਕ ਪਾਸੇ ਦੀ ਹਵਾਈ ਟਿਕਟ ਪ੍ਰਦਾਨ ਕਰੇਗੀ। ਜੇਕਰ ਤੁਸੀਂ ਵੀ ਆਪਣਾ ਯੂ.ਕੇ. ਜਾਣ ਦਾ ਸੁਪਨਾ ਪੂਰਾ ਕਰਨਾ ਚਾਹੁੰਦੇ ਹੋ ਤਾਂ ਅਪਲਾਈ ਕਰਨ ਲਈ ਅੱਜ ਹੀ ਇਸ ਨੰਬਰ 91151-51493 'ਤੇ ਸੰਪਰਕ ਕਰੋ।

## ਅੰਮ੍ਰਿਤਸਰ 'ਚ ਖੌਫਨਾਕ ਵਾਰਦਾਤ, ਟੀਚਰ ਯੂਨੀਅਨ ਦੇ ਪ੍ਰਧਾਨ ਨੇ ਮਾਰ 'ਤਾ ਮੁੰਡਾ

ਅੰਮ੍ਰਿਤਸਰ 29 ਦਸੰਬਰ। ਅੰਮ੍ਰਿਤਸਰ ਵਿਚ ਲਗਾਤਾਰ ਅਪਰਾਧਕ ਗਤੀਵਿਧੀਆਂ ਵੱਧਦੀਆਂ ਜਾ ਰਹੀਆਂ ਹਨ। ਤਾਜਾ ਮਾਮਲਾ ਅੰਮ੍ਰਿਤਸਰ ਦਿਹਾਤੀ ਇਲਾਕੇ ਦਾ ਹੈ ਜਿੱਥੇ ਦੇ ਪਿੰਡ ਬੋਪਾਰਾਏ ਕਲਾਂ ਵਿਚ ਇਕ ਐਲੀਮੈਂਟਰੀ ਟੀਚਰ ਯੂਨੀਅਨ ਅੰਮ੍ਰਿਤਸਰ ਦੇ ਜ਼ਿਲ੍ਹਾ ਪ੍ਰਧਾਨ ਸਤਬੀਰ ਸਿੰਘ ਬੋਪਾਰਾਏ ਨੇ ਬੀਤੀ ਰਾਤ ਗੋਲੀਆਂ ਮਾਰਕੇ ਗੁਰਮੀਤ ਸਿੰਘ ਨਾਮਕ ਨੌਜਵਾਨ ਦਾ ਕਤਲ ਕਰ ਦਿੱਤਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਨੌਜਵਾਨ ਦੇ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਕਿ ਬੀਤੀ ਰਾਤ 9 ਵਜੇ ਉਨ੍ਹਾਂ ਦਾ ਲੜਕਾ ਗਲੀ ਵਿਚ ਖੜ੍ਹਾ ਸੀ। ਥੋੜੀ ਦੇਰ ਬਾਅਦ ਉਨ੍ਹਾਂ ਨੂੰ ਗਲੀ ਵਿਚੋਂ ਰੌਲੇ ਦੀ ਆਵਾਜ ਸੁਣਾਈ ਦਿੱਤੀ। ਉਸ ਤੋਂ ਬਾਅਦ ਉਨ੍ਹਾਂ ਨੇ ਘਰ ਦੇ ਬਾਹਰ ਜਾ ਕੇ ਵੇਖਿਆ ਤਾਂ ਸਤਬੀਰ ਸਿੰਘ ਨਾਮਕ ਨੌਜਵਾਨ ਆਪਣੇ ਸਾਥੀਆਂ



ਨਾਲ ਉਨ੍ਹਾਂ ਦੇ ਬੇਟੇ ਗੁਰਮੀਤ ਸਿੰਘ ਨਾਲ ਗਾਲੀ ਗਲੋਚ ਕਰ ਰਿਹਾ ਸੀ ਅਤੇ ਇਸ ਦੌਰਾਨ ਸਤਬੀਰ ਸਿੰਘ ਨੇ ਆਪਣੀ 12 ਬੋਰ ਦੀ ਰਾਈਫਲ ਨਾਲ ਉਨ੍ਹਾਂ ਦੇ ਲੜਕੇ ਗੁਰਮੀਤ ਸਿੰਘ ਨੂੰ ਗੋਲੀ ਮਾਰ ਦਿੱਤੀ। ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਵਾਰਦਾਤ ਤੋਂ ਬਾਅਦ ਪਰਿਵਾਰਿਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰ ਨੇ ਪੁਲਸ ਤੋਂ ਇਨਸਾਫ ਦੀ ਗੁਹਾਰ ਲਗਾਈ ਹੈ। ਪਰਿਵਾਰ ਮੁਤਾਬਕ ਸਤਬੀਰ ਸਿੰਘ ਉਨ੍ਹਾਂ ਦੇ ਪੁੱਤ ਨਾਲ ਵੋਟਾਂ ਦੀ ਰੰਜਿਸ ਰੱਖਦਾ ਸੀ ਇਸੇ ਕਰਕੇ ਉਸ ਨੇ ਇਹ ਵਾਰਦਾਤ ਕੀਤੀ ਹੈ। ਉਨ੍ਹਾਂ ਦੱਸਿਆ ਕਿ ਮੁਲਜਮਾਂ ਦੇ ਵਿਦੇਸ ਦੇ ਵੀਜੇ ਲੱਗੇ ਹੋਏ ਹਨ ਅਤੇ ਸਾਨੂੰ ਸੱਕ ਹੈ ਕਿ ਉਹ ਵਿਦੇਸ ਨਾ ਚਲੇ ਜਾਣ। ਦੂਜੇ ਪਾਸੇ ਇਸ ਮਾਮਲੇ 'ਚ ਮੌਕੇ 'ਤੇ ਪਹੁੰਚੇ ਪੁਲਸ ਅਧਿਕਾਰੀਆਂ ਦਾ ਕਹਿਣਾ ਕਿ ਉਨ੍ਹਾਂ ਵੱਲੋਂ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕਰ ਲਿਆ ਗਿਆ ਹੈ। ਇਕ ਵਿਅਕਤੀ ਦੀ ਮੌਕੇ 'ਤੇ ਗ੍ਰਿਫਤਾਰੀ ਵੀ ਹੋਈ ਹੈ। ਫਿਲਹਾਲ ਪੁਲਸ ਇਸ ਮਾਮਲੇ 'ਚ ਜਾਂਚ ਕਰ ਰਹੀ ਹੈ।

## ਹੁਣ ਸੂਈ ਦਾ ਡਰ ਖਤਮ, ਹੱਸਦੇ-ਹੱਸਦੇ ਲਗਵਾਓ ਇੰਜੈਕਸ਼ਨ

ਨੈਸ਼ਨਲ ਡੈਸਕ 29 ਦਸੰਬਰ। ਹੁਣ ਇੰਜੈਕਸ਼ਨ ਲਗਵਾਉਣ ਤੋਂ ਡਰਨ ਦੀ ਲੋੜ ਨਹੀਂ ਕਿਉਂ ਬੰਬੇ ਦੇ ਵਿਗਿਆਨੀਆਂ ਨੇ ਇਕ ਨਵੀਂ ਤਕਨੀਕ ਵਿਕਸਿਤ ਕੀਤੀ ਹੈ। ਉਨ੍ਹਾਂ ਨੇ ਸਾਕਵੇਵ ਆਧਾਰਿਤ ਸੂਈ-ਮੁਕਤ ਸਰਿੰਜਾਂ ( - ) ਬਣਾਈਆਂ ਗਈਆਂ ਹਨ, ਜਿਸ ਵਿਚ ਸੂਈ ਨਹੀਂ ਹੋਵੇਗੀ। ਜਿਨ੍ਹਾਂ ਵਿਚ ਸੂਈਆਂ ਦੀ ਬਜਾਏ ਉੱਚ-ਊਰਜਾ ਦਬਾਅ ਵਾਲੀਆਂ ਤਰੰਗਾਂ (ਸਾਕਵੇਵਜ) ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਰਿੰਜ ਬਿਨਾਂ ਕਿਸੇ ਦਰਦ ਜਾਂ ਸੱਟ ਦੇ ਸਰੀਰ ਵਿਚ ਦਵਾਈ ਪਹੁੰਚਾਉਂਦੀ ਹੈ, ਇਸ ਲਈ ਹੁਣ ਇੰਜੈਕਸ਼ਨ ਦਾ ਡਰ ਛੱਡ ਦਿਓ। ਮਤਲਬ ਕਿ ਹੁਣ ਤੁਸੀਂ ਹੱਸਦੇ-ਹੱਸਦੇ ਟੀਕੇ ਲਗਵਾ ਸਕਦੇ ਹੋ। ਅਜਿਹੇ 'ਚ ਆਓ ਜਾਣਦੇ ਹਾਂ ਇਸ ਖਾਸ ਇੰਜੈਕਸਨ ਬਾਰੇ... ਇਹ ਸਰਿੰਜ ਸੂਈ ਵਾਂਗ ਚਮੜੀ ਦੇ ਅੰਦਰ ਨਹੀਂ ਵੜਦੀ। ਇਸ ਦੀ ਬਜਾਏ ਇਹ ਦਵਾਈ ਨੂੰ ਸਾਕਵੇਵਜ ਦੀ ਮਦਦ ਨਾਲ ਦਵਾਈ ਨੂੰ ਚਮੜੀ ਵਿਚ ਪ੍ਰਵੇਸ ਕਰਾਉਂਦੀ ਹੈ। ਦਵਾਈ ਚਮੜੀ ਵਿਚ ਇੰਨੀ ਤੇਜੀ ਨਾਲ ਪ੍ਰਵੇਸ ਕਰਦੀ ਹੈ ਕਿ ਤੁਹਾਨੂੰ ਦਰਦ ਵੀ ਮਹਿਸੂਸ ਨਹੀਂ ਹੁੰਦਾ। ਇਸ ਤਕਨੀਕ ਨੂੰ ਬਣਾਉਣ ਵਿਚ ਬੰਬੇ ਦੇ ਏਅਰੋਸਪੇਸ ਇੰਜੀਨੀਅਰਿੰਗ ਵਿਭਾਗ ਦੀ ਟੀਮ ਨੇ ਅਹਿਮ ਯੋਗਦਾਨ ਪਾਇਆ ਹੈ। ਸੂਈ ਤੋਂ ਡਰਨ ਵਾਲੇ ਲੋਕ: ਉਹ ਲੋਕ ਜੋ ਵੈਕਸੀਨ ਜਾਂ ਇੰਜੈਕਸ਼ਨ ਲਗਵਾਉਣ ਤੋਂ ਡਰਦੇ ਹਨ। ਸ਼ੂਗਰ ਦੇ ਮਰੀਜ: ਜਿਨ੍ਹਾਂ ਨੂੰ ਰੋਜਾਨਾ ਇਨਸੁਲਿਨ ਲੈਣੀ ਪੈਂਦੀ ਹੈ। ਸਰਿੰਜ ਦੀ ਨੋਜਲ ਬਹੁਤ ਪਤਲੀ ਹੈ (125 ਮਾਈਕਰੋਨ ਇਕ ਵਾਲ ਦੀ ਚੌੜਾਈ)। ਦਵਾਈ ਬਿਨਾਂ ਕਿਸੇ ਦਰਦ ਜਾਂ ਸੱਟ ਦੇ ਸਰੀਰ ਤੱਕ ਪਹੁੰਚ ਜਾਂਦੀ ਹੈ। ਦਵਾਈ ਦੀ ਸਹੀ ਮਾਤਰਾ ਨੂੰ ਸਹੀ ਥਾਂ 'ਤੇ ਪਹੁੰਚਾਉਣ ਲਈ ਤਿਆਰ ਕੀਤਾ ਗਿਆ ਹੈ। ਚਮੜੀ ਅਤੇ ਟਿਸ਼ੂਆਂ ਨੂੰ ਕੋਈ ਨੁਕਸਾਨ ਨਹੀਂ ਹੁੰਦਾ। ਲਾਗਤ ਰਵਾਇਤੀ ਟੀਕਿਆਂ ਨਾਲੋਂ ਘੱਟ ਹੈ। ਸ਼ਾਕ ਸਰਿੰਜ ਦਾ ਪਰੀਖਣ ਚੂਹਿਆਂ 'ਤੇ ਕੀਤਾ ਗਿਆ ਸੀ ਜਿੱਥੇ ਵੱਖ-ਵੱਖ ਦਵਾਈਆਂ ਦੀ ਵਰਤੋਂ ਕੀਤੀ ਗਈ ਸੀ। ਨਤੀਜਿਆਂ ਨੇ ਦਿਖਾਇਆ ਕਿ ਇਹ ਸਰਿੰਜ ਰਵਾਇਤੀ ਸੂਈਆਂ ਵਾਂਗ ਹੀ ਅਸਰਦਾਰ ਹੈ। ਇਨਸੁਲਿਨ ਦੇਣ 'ਤੇ : ਬਲੱਡ ਸੂਗਰ ਨੂੰ ਲੰਬੇ ਸਮੇਂ ਤੱਕ ਕੰਟਰੋਲ ਕੀਤਾ ਜਾਂਦਾ ਹੈ। ਐਂਟੀਫੰਗਲ ਅਤੇ ਬੇਹੋਸ ਕਰਨ ਵਾਲੀਆਂ ਦਵਾਈਆਂ: ਚਮੜੀ ਅਤੇ ਖੂਨ 'ਚ ਬਿਹਤਰ ਤਰੀਕੇ ਨਾਲ ਪਹੁੰਚੀਆਂ।

## ਨਾਕਾਬਪੋਸ਼ ਲੁਟੇਰਿਆਂ ਨੇ ਪ੍ਰਵਾਸੀ ਮਜ਼ਦੂਰ ਨੂੰ ਘੇਰ ਲੁੱਟਣ ਦੀ ਕੀਤੀ ਕੋਸ਼ਿਸ਼

ਬੰਗਾ 29 ਦਸੰਬਰ। ਬੰਗਾ-ਹੀਉ ਰੋਡ 'ਤੇ ਪੈਂਦੀ ਚੂੰਗੀ ਨਜ਼ਦੀਕ ਇਕ ਮੋਟਰਸਾਈਕਲ ਸਵਾਰ ਦੋ ਨਾਕਾਬਪੋਸ਼ ਲੁਟੇਰਿਆਂ ਵੱਲੋਂ ਸਬਜ਼ੀ ਮੰਡੀ ਤੋਂ ਸਾਮਾਨ ਖਰੀਦ ਲਈ ਜਾ ਰਹੇ ਪ੍ਰਵਾਸੀ ਮਜ਼ਦੂਰ ਨੂੰ ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਲੁੱਟਣ ਦੀ ਕੋਸ਼ਿਸ਼ ਕੀਤੀ। ਬੇਸ਼ੱਕ ਉਕਤ ਮਜ਼ਦੂਰ ਆਪਣੀ ਹੁਸ਼ਿਆਰੀ ਨਾਲ ਉਕਤ ਲੁਟੇਰਿਆਂ ਨੂੰ ਚਕਮਾ ਦੇ ਕੇ ਲੁੱਟ ਦਾ ਸ਼ਿਕਾਰ ਹੋਣੋ ਜ਼ਰੂਰ ਬੱਚ ਗਿਆ ਪਰ ਮੋਟਰਸਾਈਕਲ ਸਵਾਰ ਲੁਟੇਰੇ ਜਾਂਦੇ-ਜਾਂਦੇ ਉਸ ਦੀ ਰੇਹੜੀ 'ਤੇ ਪਏ ਪਿਆਜ਼ ਅਤੇ ਲਸਣ ਜਰੂਰ ਲੁੱਟ ਕੇ ਲੈ ਗਏ। ਇਸ ਸਬੰਧੀ ਜਾਣਕਾਰੀ ਦਿੰਦੇ ਲੁੱਟ ਦਾ ਸ਼ਿਕਾਰ ਹੋਏ ਪ੍ਰਵਾਸੀ ਮਜ਼ਦੂਰ ਵਰਿੰਦਰ ਸਿੰਘ ਨੇ ਦੱਸਿਆ ਕਿ ਉਹ ਰੋਜ਼ਾਨਾ ਦੀ ਤਰਾਂ ਅੱਜ ਸਵੇਰੇ 5.15 ਵਜੇ ਦੇ ਕਰੀਬ ਆਪਣੀ ਰੇਹੜੀ ਜਿਸ ਉਪਰ 30 ਕਿਲੋ ਦੇ ਕਰੀਬ ਪਿਆਜ਼ ਅਤੇ 2 ਕਿਲੋ ਦੇ ਕਰੀਬ ਲਸਣ ਪਿਆ ਹੋਇਆ ਸੀ ਅਤੇ ਕੁਝ ਹੋਰ ਸਾਮਾਨ ਦੀ ਖਰੀਦ-ਫਿਰੋਤ ਕਰਨ ਲਈ ਸਬਜ਼ੀ ਮੰਡੀ ਨੂੰ ਜਾ ਰਿਹਾ ਸੀ। ਉਸ ਨੇ ਦੱਸਿਆ ਜਿਵੇਂ ਹੀ ਉਹ ਬੰਗਾ ਹੀਉ ਰੋਡ 'ਤੇ ਪੈਂਦੀ ਚੁੰਗੀ ਨਜ਼ਦੀਕ ਕੋਲ ਪੁੱਜਾ ਤਾਂ ਇਕ ਮੋਟਰਸਾਈਕਲ 'ਤੇ ਸਵਾਰ ਦੋ ਵਿਅਕਤੀ ਜਿਨ੍ਹਾਂ ਨੇ ਕੰਬਲ ਲਪੇਟੇ ਹੋਏ ਸਨ ਅਤੇ ਮੂੰਹ ਵੀ ਕੱਪੜੇ ਨਾਲ ਢੱਕੇ ਹੋਏ ਸਨ, ਨੇ ਆਪਣਾ ਮੋਟਰਸਾਈਕਲ ਲਿਆ ਕੇ ਉਸ ਦੀ ਰੇਹੜੀ ਅੱਗੇ ਖੜ੍ਹਾ ਕਰ ਦਿੱਤਾ । ਮੋਟਰਸਾਈਕਲ 'ਤੇ ਬੈਠੇ ਇਕ ਵਿਅਕਤੀ ਨੇ ਤਲਵਾਰ ਕੱਢ ਕੇ ਉਸ ਦੇ ਮੋਢੇ ਤਾਣ ਦਿੱਤੀ ਅਤੇ ਦੂਜੇ ਨੇ ਕਿਹਾ ਜੋ ਕੁਝ ਵੀ ਤੇਰੇ ਕੋਲ ਹੈ ਤੂੰ ਬਿਨਾਂ ਰੋਲਾ ਪਾਏ ਦੇ ਦੇ। ਉਸ ਨੇ ਦੱਸਿਆ ਕਿ ਉਹ ਪਹਿਲਾਂ ਤਾਂ ਘਬਰਾ ਗਿਆ ਅਤੇ ਫਿਰ ਉਸ ਨੇ ਆਪਣੀ ਹੱਥ ਰੇਹੜੀ ਨੂੰ ਜ਼ੋਰ ਨਾਲ ਧੱਕਾ ਮਾਰ ਕੇ ਅੱਗੇ ਨੂੰ ਧੱਕ ਦਿੱਤਾ




ਅਤੇ ਆਪ ਤੇਜ਼ੀ ਨਾਲ ਉਥੋਂ ਭੱਜ ਪਿਆ ਅਤੇ ਦੋਹਾਂ ਵਿੱਚੋਂ ਇਕ ਲੁਟੇਰਾ ਵੀ ਉਸ ਦੇ ਪਿੱਛੇ ਭੱਜ ਪਿਆ। ਪ੍ਰਵਾਸੀ ਮਜਦੂਰ ਨੇ ਰੌਲਾ ਵੀ ਪਾਇਆ ਪਰ ਕਿਸੇ ਨੇ ਉਸ ਦੀ ਆਵਾਜ ਨਾ ਸੁਣੀ। ਉਸ ਨੇ ਦੱਸਿਆ ਕਿ ਭੱਜਦਾ-ਭੱਜਦਾ ਉਹ ਆਪਣੇ ਇਕ ਹੋਰ ਪ੍ਰਵਾਸੀ ਮਜਦੂਰ ਸਾਥੀ ਦੇ ਘਰ ਅੱਗੇ ਚਲਾ ਗਿਆ, ਜਿੱਥੇ ਜਾ ਕੇ ਉਸ ਨੇ ਉਨ੍ਹਾਂ ਦੇ ਘਰ ਦਾ ਦਰਵਾਜ਼ਾ ਖੜਕਾਇਆ। ਇਸ ਤੋਂ ਪਹਿਲਾ ਉਕਤ ਸਾਥੀ ਦਰਵਾਜ਼ਾ ਖੋਲ੍ਹਦਾ, ਉਸ ਦੇ ਪਿੱਛੇ ਲੱਗਾ ਲੁਟੇਰਾ, ਉੱਥੇ ਪੁੱਜ ਗਿਆ ਅਤੇ ਉਸ ਨਾਲ ਲੜਨ ਲੱਗਾ ਅਤੇ ਵੇਖਦੇ ਹੀ ਵੇਖਦੇ ਉਸ ਦਾ ਦੂਜਾ ਲੁਟੇਰਾ ਸਾਥੀ ਵੀ ਉੱਥੇ ਆ ਗਿਆ ਅਤੇ ਹੱਥ ਵਿੱਚ ਫੜੇ ਤੇਜ਼ਧਾਰ ਨੂੰ ਉਸ ਵੱਲ ਤਾਣ ਕੇ ਵਾਰ ਕਰਨ ਲੱਗਾ ਸੀ ਤਾਂ ਉਸ ਦਾ ਪ੍ਰਵਾਸੀ ਸਾਥੀ ਬਾਹਰ ਆ ਗਿਆ ਅਤੇ ਉਕਤ ਦੋਵੇਂ ਲੁਟੇਰੇ ਉਥੋਂ ਭੱਜ ਗਏ। ਉਸ ਨੇ ਦੱਸਿਆ ਜਦੋਂ ਉਹ ਆਪਣੇ ਕੁਝ ਹੋਰ ਪ੍ਰਵਾਸੀ ਸਾਥੀਆਂ ਨੂੰ ਨਾਲ ਲੈ ਕੇ ਆਪਣੀ ਰੇਹੜੀ ਨੂੰ ਲੈਣ ਲਈ ਹੀਉ ਰੋਡ 'ਤੇ ਪੁੱਜੇ ਤਾਂ ਵੇਖਿਆ ਕਿ ਉਕਤ ਦੋਵੇਂ ਲੁਟੇਰੇ ਉਸ ਦੀ ਰੇਹੜੀ 'ਤੇ ਪਏ ਪਿਆਜ਼ ਅਤੇ ਲਸਣ ਨੂੰ ਚੋਰੀ ਕਰ ਨਾਲ ਲੈ ਗਏ ਸਨ।

## ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਬਾਈਕ ਸਵਾਰ ਨੌਜਵਾਨ ਦੀ ਮੌਤ

ਨਵਾਂਸਹਿਰ 29 ਦਸੰਬਰ। ਅਣਪਛਾਤੇ ਵਾਹਨ ਦੀ ਲਪੇਟ 'ਚ ਆਉਣ ਨਾਲ ਬਾਈਕ ਸਵਾਰ ਨੌਜਵਾਨ ਦੀ ਮੌਤ ਹੋ ਗਈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਖੜਕ ਸਿੰਘ ਪੁੱਤਰ ਪਿਆਰਾ ਸਿੰਘ ਵਾਸੀ ਰਾਹੋਂ ਨੇ ਦੱਸਿਆ ਕਿ ਉਸ ਨੂੰ ਮੋਬਾਇਲ ਫੋਨ 'ਤੇ ਸੂਚਨਾ ਮਿਲੀ ਸੀ ਕਿ ਉਸ ਦੇ ਲੜਕੇ ਸਤਵਿੰਦਰ ਸਿੰਘ ਦੀ ਬਾਈਕ ਨੂੰ ਕਿਸੇ ਅਣਪਛਾਤੇ ਵਾਹਨ ਨੇ ਟੱਕਰ ਮਾਰ ਦਿੱਤੀ, ਜਿਸ ਕਾਰਨ ਉਹ ਸੜਕ 'ਤੇ ਡਿੱਗ ਗਿਆ ਅਤੇ ਸਿਰ 'ਤੇ ਸੱਟ ਲੱਗੀ ਅਤੇ ਮੌਕੇ 'ਤੇ ਹੀ ਮੌਤ ਹੋ ਗਈ। ਉਸ ਨੇ ਦੱਸਿਆ ਕਿ ਜਦੋਂ ਉਹ ਆਪਣੇ ਭਤੀਜੇ ਨਾਲ ਮੌਕੇ 'ਤੇ ਪਹੁੰਚਿਆ ਤਾਂ ਉਸ ਦਾ ਲੜਕਾ ਸੜਕ 'ਤੇ ਪਿਆ ਸੀ ਅਤੇ ਉਸ ਦੀ ਮੌਤ ਹੋ ਚੁੱਕੀ ਸੀ। ਪੁਲਸ ਨੇ ਮ੍ਰਿਤਕ ਦੀ ਲਾਸ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਹਸਪਤਾਲ ਭੇਜ ਦਿੱਤਾ ਹੈ। ਪੁਲਸ ਨੇ ਅਣਪਛਾਤੇ ਵਾਹਨ ਚਾਲਕ ਖ਼ਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸੁਰੂ ਕਰ ਦਿੱਤੀ ਹੈ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਦੁੱਗਰੀ ਵਿਚ ਹੈਰੋਇਨ ਸਣੇ ਫੜਿਆ ਗਿਆ ਨੌਜਵਾਨ

ਲੁਧਿਆਣਾ 29 ਦਸੰਬਰ। ਦੁੱਗਰੀ ਇਲਾਕੇ ਵਿਚ ਪੁਲਸ ਵੱਲੋਂ ਕੀਤੀ ਗਈ ਛਾਪੇਮਾਰੀ ਵਿਚ ਹੈਰੋਇਨ ਦੇ ਨਾਲ ਇਕ ਵਿਅਕਤੀ ਨੂੰ ਕਾਬੂ ਕੀਤਾ ਗਿਆ ਹੈ। ਪੁਲਸ ਮੁਤਾਬਕ 27 ਦਸੰਬਰ ਨੂੰ ਮੋਹਨ ਸਿੰਘ ਤੇ ਉਨ੍ਹਾਂ ਦੀ ਟੀਮ ਨੇ ਇਕ ਗੁਪਤ ਸੂਚਨਾ ਦੇ ਅਧਾਰ 'ਤੇ ਕਾਰਵਾਈ ਕੀਤੀ। ਜਦੋਂ ਪੁਲਸ ਪਾਰਟੀ ਪੈਟਰੋਲ ਪੰਪ ਨੇੜੇ ਪਹੁੰਚੀ ਤਾਂ ਉਨ੍ਹਾਂ ਨੇ ਸ਼ੱਕੀ ਵਿਅਕਤੀ ਨੂੰ ਵੇਖਿਆ। ਪੁਲਸ ਨੇ ਉਸ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਉਸ ਕੋਲੋਂ 63 ਗ੍ਰਾਮ ਹੈਰੋਇਨ ਬਰਾਮਦ ਹੋਈ। ਗ੍ਰਿਫਤਾਰ ਵਿਅਕਤੀ ਦੀ ਪਚਾਣ ਕਮਲਪ੍ਰੀਤ ਸਿੰਘ ਵਜੋਂ ਹੋਈ ਹੈ, ਜੋ ਨਵਾਂ ਪੰਜਾਬ ਮਾਤਾ ਨਗਰ, ਜਵਾੜੀ, ਲੁਧਿਆਣਾ ਦਾ ਰਹਿਣ ਵਾਲਾ ਹੈ ਤੇ ਫਿਲਹਾਲ ਕਿਰਾਏ 'ਤੇ ਦੁੱਗਰੀ ਵਿਚ ਰਹਿੰਦਾ ਸੀ। ਪੁਲਸ ਨੇ ਮੁਲਜਮ ਦੇ ਖਿਲਾਫ ਐਕਟ ਤਹਿਤ ਮਾਮਲਾ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਮਾਮਲੇ ਦੀ ਜਾਂਚ ਜਾਰੀ ਹੈ।

## ਸ੍ਰੀ ਫਤਹਿਗੜ੍ਹ ਸਾਹਿਬ ਆ ਰਹੀਆਂ ਤਾਈ-ਭਤੀਜੀ ਨਾਲ ਰਾਹ 'ਚ ਵਾਪਰੀ ਹੋਣੀ, ਮਿੰਟਾਂ 'ਚ ਪੈ ਗਈਆਂ ਚੀਕਾਂ

ਫਤਹਿਗੜ੍ਹ ਸਾਹਿਬ 29 ਦਸੰਬਰ। ਸਹੀਦੀ ਜੋੜ ਮੇਲ ਫਤਹਿਗੜ੍ਹ ਸਾਹਿਬ ਦੇ ਚੱਲ ਰਹੇ ਸ਼ਹੀਦੀ ਸਭਾ ਸਮਾਗਮਾਂ 'ਚ ਸ਼ਾਮਲ ਹੋਣ ਲਈ ਹਰਿਆਣਾ ਦੇ ਜੀਂਦ ਤੋਂ ਆ ਰਹੀ ਇਕ ਬੱਚੀ ਅਤੇ ਉਸ ਦੀ ਤਾਈ ਦੀ ਸਰਹਿੰਦ ਰੇਲਵੇ ਸਟੇਸਨ 'ਤੇ ਟ੍ਰੇਨ ਦੀ ਲਪੇਟ ਵਿਚ ਆ ਗਈਆਂ।ਇਸ ਭਿਆਨਕ ਹਾਦਸੇ ਵਿਚ ਬੱਚੀ ਦੀ ਮੌਤ ਹੋ ਗਈ ਜਦਕਿ ਉਸ ਦੀ ਤਾਈ ਉਸ ਨੂੰ ਬਚਾਉਂਦਿਆਂ ਗੰਭੀਰ ਜਖਮੀ ਹੋ ਗਈ। ਮ੍ਰਿਤਕ ਬੱਚੀ ਦੀ ਪਛਾਣ ਪ੍ਰੀਤੀ ਕੌਰ ਵਜੋਈ ਹੋਈ ਹੈ। ਦੱਸਿਆ ਜਾ ਰਿਹਾ ਹੈ ਕਿ ਬੱਚੀ ਪ੍ਰੀਤੀ ਕੌਰ ਅਚਾਨਕ ਰੇਲ ਗੱਡੀ ਦੀ ਲਪੇਟ ਵਿਚ ਆ ਗਈ ਅਤੇ ਉਸ ਦੀ ਤਾਈ ਰਜਨੀ ਕੌਰ ਉਸ ਨੂੰ ਬਚਾਉਂਦਿਆਂ ਗੰਭੀਰ ਜ਼ਖਮੀ ਹੋ ਗਈ, ਜਿਸ ਨੂੰ ਇਲਾਜ ਲਈ ਪੀ. ਜੀ. ਆਈ. ਚੰਡੀਗੜ੍ਹ ਵਿਖੇ ਦਾਖਲ ਕਰਵਾਇਆ ਗਿਆ ਹੈ। ਦੂਜੇ ਪਾਸੇ ਜੀ. ਆਰ. ਪੀ. ਥਾਣਾ ਸਰਹਿੰਦ ਦੇ ਜਾਂਚ ਅਧਿਕਾਰੀ ਏ. ਐੱਸ. ਆਈ. ਕਾਬਲ ਸਿੰਘ ਨੇ ਦੱਸਿਆ ਕਿ ਪੁਲਸ ਵਲੋਂ ਬਣਦੀ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

# ਕੜਾਕੇ ਦੀ ਠੰਡ ਤੋਂ ਬਚਦਿਆਂ ਉੱਜੜ ਗਿਆ ਪਰਿਵਾਰ, ਦਮ ਘੁੱਟਣ ਕਾਰਨ ਮਾਂ-ਪੁੱਤ ਦੀ ਮੌਤ

ਨਿਊ ਚੰਡੀਗੜ੍ਹ 29 ਦਸੰਬਰ। ਕੜਾਕੇ ਦੀ ਠੰਡ ਤੋਂ ਬਚਾਅ ਕਰਨ ਲਈ ਪਰਿਵਾਰ ਰਾਤ ਨੂੰ ਕਮਰੇ 'ਚ ਅੰਗੀਠੀ ਬਾਲ ਕੇ ਸੌਂ ਗਿਆ ਪਰ ਕੀ ਪਤਾ ਸੀ ਕਿ ਛੋਟੀ ਜਿਹੀ ਗਲਤੀ ਭਾਰੀ ਪੈ ਜਾਵੇਗੀ। ਧੂੰਏਂ ਨਾਲ ਦਮ ਘੁੱਟਣ ਕਾਰਨ ਮਾਂ ਅਤੇ ਡੇਢ ਸਾਲਾ ਮਾਸੂਮ ਬੱਚੇ ਦੀ ਮੌਤ ਹੋ ਗਈ। ਮ੍ਰਿਤਕਾਂ ਦੀ ਪਛਾਣ ਪਸ਼ੂਪਤੀ (23) ਤੇ ਦਿਵਿਆਂਸ਼ ਵਜੋਂ ਹੋਈ ਹੈ, ਜਦੋਂ ਕਿ ਪਿਤਾ ਦੀਪਕ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਪੁਲਸ ਨੇ ਉਸ ਨੂੰ ਚੰਡੀਗੜ੍ਹ ਸੈਕਟਰ-16 ਸਥਿਤ ਹਸਪਤਾਲ 'ਚ ਦਾਖਲ ਕਰਵਾਇਆ ਹੈ। ਥਾਣਾ ਮੁੱਲਾਂਪੁਰ ਨਿਊ ਚੰਡੀਗੜ੍ਹ ਦੇ ਏ. ਐੱਸ. ਆਈ. ਦਲਵਿੰਦਰ ਸਿੰਘ ਮੁਤਾਬਕ ਦੋਵੇਂ ਲਾਸ਼ਾਂ ਖਰੜ ਦੇ ਸਰਕਾਰੀ ਹਸਪਤਾਲ ਦੇ ਮੁਰਦਾਘਰ 'ਚ ਰਖਵਾ ਦਿੱਤੀਆਂ ਗਈਆਂ ਹਨ। ਸ਼ੁੱਕਰਵਾਰ ਨੂੰ ਉਨ੍ਹਾਂ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ ਪਰਿਵਾਰ ਹਵਾਲੇ ਕਰ ਦਿੱਤਾ ਜਾਵੇਗਾ। ਉਕਤ ਪਰਿਵਾਰ ਮੂਲ ਰੂਪ 'ਚ ਨੇਪਾਲ ਦਾ ਰਹਿਣ ਵਾਲਾ ਸੀ। ਉਹ ਨਿਊ ਚੰਡੀਗੜ੍ਹ ਦੀ ਇਕ ਕੋਠੀ ਦੇ ਸਰਵੈਂਟ ਕੁਆਰਟਰ 'ਚ ਰਹਿੰਦਾ ਸੀ। ਜਾਣਕਾਰੀ ਮੁਤਾਬਕ ਪੰਜਾਬ ਯੂਨੀਵਰਸਿਟੀ ਦੇ ਪ੍ਰੋ. ਭੀਮ ਮਲਹੋਤਰਾ ਦਾ ਘਰ ਮੁੱਲਾਂਪੁਰ-ਨਿਊ ਚੰਡੀਗੜ੍ਹ ਸਥਿਤ ਡੀ. ਐੱਲ. ਐੱਫ. 'ਚ ਹੈ, ਜਦਕਿ ਉਹ ਖੁਦ ਚੰਡੀਗੜ੍ਹ 'ਚ ਸਰਕਾਰੀ ਰਿਹਾਇਸ਼ 'ਚ ਰਹਿੰਦੇ ਹਨ। ਉਨ੍ਹਾਂ ਦਾ ਬੇਟਾ ਡੀ. ਐੱਲ. ਐੱਫ. ਸਥਿਤ ਘਰ 'ਚ ਰਹਿੰਦਾ ਹੈ। ਉਨ੍ਹਾਂ ਨੇ ਘਰ 'ਚ ਬਣੇ ਸਰਵੈਂਟ ਕੁਆਰਟਰ 'ਚ ਨੇਪਾਲੀ ਪਰਿਵਾਰ ਨੂੰ ਰੱਖਿਆ ਹੋਇਆ ਸੀ, ਜਿੱਥੇ ਦੀਪਕ ਆਪਣੀ ਪਤਨੀ ਅਤੇ ਡੇਢ ਸਾਲਾ ਬੱਚੇ ਨਾਲ ਰਹਿੰਦਾ ਸੀ। ਬੁੱਧਵਾਰ ਸਵੇਰੇ 8 ਵਜੇ ਤੱਕ ਜਦੋਂ ਨੌਕਰ ਨਹੀਂ ਉੱਠਿਆ ਤਾਂ ਪ੍ਰੋਫੈਸਰ ਦੇ ਬੇਟੇ ਨੇ ਉਸ ਦੇ ਕਮਰੇ ਦਾ ਦਰਵਾਜ਼ਾ ਖੜਕਾਇਆ। ਉਸ



ਨੇ ਜਿਵੇਂ ਹੀ ਦਰਵਾਜ਼ਾ ਖੋਲ੍ਹਿਆ ਤਾਂ ਉਹ ਉੱਥੇ ਬੇਹੋਸ਼ ਹੋ ਕੇ ਡਿੱਗ ਪਿਆ। ਫਿਰ ਮਾਲਕ ਨੇ ਉਸ ਨੂੰ ਚੁੱਕਿਆ ਅਤੇ ਪਾਣੀ ਪਿਲਾਇਆ ਤੇ ਉਸ ਨੂੰ ਹੋਸ਼ 'ਚ ਲਿਆਉਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਨੌਕਰ ਦੀ ਪਤਨੀ ਤੇ ਛੋਟਾ ਬੱਚਾ ਵੀ ਬੇਹੋਸ਼ ਪਏ ਸਨ। ਜਦੋਂ ਨੇਪਾਲੀ ਨੌਕਰ ਨੂੰ ਹੋਸ਼ ਆਇਆ ਤਾਂ ਉਸ ਨੇ ਦੱਸਿਆ ਕਿ ਰਾਤ ਨੂੰ ਠੰਡ ਕਾਰਨ ਉਹ ਕਮਰੇ 'ਚ ਅੰਗੀਠੀ ਬਾਲ ਕੇ ਸੌਂ ਗਿਆ ਸੀ ਪਰ ਰਾਤ ਨੂੰ ਗੈਸ ਚੜ੍ਹਨ ਨਾਲ ਹਾਦਸਾ ਵਾਪਰ ਗਿਆ। ਇਸ ਬਾਰੇ ਡਾ. ਦਿਲਬਾਗ ਸਿੰਘ, ਸਾਬਕਾ ਐੱਸ. ਐੱਮ. ਓ., ਘੜੂੰਆਂ ਦਾ ਕਹਿਣਾ ਹੈ ਕਿ ਅੰਗੀਠੀ ਬਾਲਣ ਲਈ ਕੱਚੇ ਕੋਲੇ ਤੇ ਲੱਕੜ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਨਾਲ ਜਹਿਰੀਲੀ ਕਾਰਬਨ ਮੋਨੋਆਕਸਾਈਡ ਗੈਸ ਨਿਕਲਦੀ ਹੈ। ਇਸ ਨਾਲ ਸਰੀਰ 'ਚ ਆਕਸੀਜਨ ਦੀ ਕਮੀ ਤੇ ਸਾਹ ਦੀ ਬੀਮਾਰੀ ਵੀ ਹੋ ਸਕਦੀ ਹੈ। ਇਸ ਨਾਲ ਚਮੜੀ ਦੀ ਸਮੱਸਿਆ, ਸਿਰਦਰਦ, ਅੱਖਾਂ ਨੂੰ ਨੁਕਸਾਨ, ਬੱਚਿਆਂ ਤੇ ਪਾਲਤੂ ਜਾਨਵਰਾਂ ਲਈ ਜਲਣ ਦਾ ਖਤਰਾ ਪੈਦਾ ਹੋ ਜਾਂਦਾ ਹੈ। ਇਹ ਗੈਸ ਕਮਰੇ ਵਿੱਚ ਮੌਜੂਦ ਆਕਸੀਜਨ ਗੈਸ ਦੀ ਥਾਂ ਲੈਂਦੀ ਹੈ। ਆਕਸੀਜਨ ਘੱਟ ਹੋਣ 'ਤੇ ਵਿਅਕਤੀ ਬੇਹੋਸ ਹੋ ਜਾਂਦਾ ਹੈ। ਜੇਕਰ ਬਹੁਤ ਜਿਆਦਾ ਕਾਰਬਨ ਮੋਨੋਆਕਸਾਈਡ ਸਰੀਰ 'ਚ ਦਾਖਲ ਹੋ ਜਾਂਦੀ ਹੈ, ਤਾਂ ਇਹ ਮੌਤ ਦਾ ਕਾਰਨ ਵੀ ਬਣ ਸਕਦੀ ਹੈ। ਜਦੋਂ ਇਹ ਗੈਸ ਖੂਨ 'ਚ ਰਲ ਜਾਂਦੀ ਹੈ ਤਾਂ ਹੀਮੋਗਲੋਬਿਨ ਦਾ ਪੱਧਰ ਘਟ ਜਾਂਦਾ ਹੈ। ਆਕਸੀਜਨ ਦੀ ਸਪਲਾਈ ਘੱਟਣ ਲੱਗਦੀ ਹੈ ਅਤੇ ਮੌਤ ਹੋ ਸਕਦੀ ਹੈ। ਇਸ ਤੋਂ ਬਚਣ ਲਈ ਸਾਨੂੰ ਖਿੜਕੀਆਂ ਜਾਂ ਦਰਵਾਜ਼ੇ ਖੁੱਲ੍ਹੇ ਰੱਖਣੇ ਚਾਹੀਦੇ ਹਨ ਤਾਂ ਜੋ ਬਹੁਤ ਜ਼ਿਆਦਾ ਗੈਸ ਪੈਦਾ ਨਾ ਹੋਵੇ ਤੇ ਤਾਜ਼ੀ ਹਵਾ ਅੰਦਰ ਆਉਂਦੀ ਰਹੇ।

# ਗਰਲਫਰੈਂਡ ਦੇ ਦੋਸਤ ਨੂੰ ਮਾਰ 'ਤੀ ਛਾਤੀ 'ਚ ਗੋਲੀ

ਮੋਹਾਲੀ 29 ਦਸੰਬਰ। ਕੁੜੀ ਨਾਲ ਦੋਸਤੀ ਨੂੰ ਲੈ ਕੇ 2 ਨੌਜਵਾਨਾਂ ਵਿਚਕਾਰ ਤਕਰਾਰ ਇਸ ਹੱਦ ਤੱਕ ਵਧ ਗਈ ਕਿ ਇਕ ਨੇ ਦੂਜੇ 'ਤੇ ਗੋਲੀਆਂ ਚਲਾ ਦਿੱਤੀਆਂ। ਇਸ ਕਾਰਨ ਸੈਕਟਰ-79 ਵਿਖੇ ਪੀ. ਜੀ. 'ਚ ਰਹਿਣ ਵਾਲਾ ਸ਼ੁਭਮ (26) ਜਖਮੀ ਹੋ ਗਿਆ। ਉਸ ਦਾ ਇਲਾਜ ਜੀ. ਐੱਮ. ਸੀ. ਐੱਚ. 32 (ਚੰਡੀਗੜ੍ਹ) 'ਚ ਜਾਰੀ ਹੈ। ਵੀਰਵਾਰ ਨੂੰ ਥਾਣਾ ਫੇਜ਼-1 ਦੀ ਪੁਲਸ ਨੇ ਮੁਲਜ਼ਮ ਕਰਨ ਸ਼ਰਮਾ ਖ਼ਿਲਾਫ਼ ਮਾਮਲਾ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਪੁਲਸ ਨੂੰ ਜ਼ਖਮੀ ਦੀ ਭੈਣ ਸ਼ਰਿਆ ਡੋਗਰਾ ਨੇ ਦੱਸਿਆ ਕਿ ਉਹ ਮੂਲ ਰੂਪ ਤੋਂ ਸ਼ਿਮਲਾ ਦੀ ਹੈ ਅਤੇ ਇੰਡਸਟਰੀਅਲ ਏਰੀਆ ਫੇਜ਼-8ਬੀ ਸਥਿਤ ਨਿੱਜੀ ਕੰਪਨੀ 'ਚ ਕੰਮ ਕਰਦੀ ਹੈ। ਉਹ ਫੇਜ਼-4 'ਚ ਕਿਰਾਏ ਦੇ ਮਕਾਨ 'ਚ ਮਮਤਾ ਨਾਲ ਰਹਿੰਦੀ ਹੈ। ਮਮਤਾ ਨਾਲ ਸ਼ੁਭਮ ਦੀ ਕਾਫੀ ਸਮੇਂ ਤੋਂ ਦੋਸਤੀ ਹੈ। ਦੋਵੇਂ ਅਕਸਰ ਮਿਲਦੇ ਰਹਿੰਦੇ ਹਨ। ਇਸ ਵਿਚਕਾਰ ਧਨਾਸ ਦਾ ਕਰਨ ਸ਼ਰਮਾ (ਮੂਲ ਰੂਪ ਤੋਂ ਹਿਮਾਚਲ) ਕੁੱਝ ਸਮੇਂ ਤੋਂ ਮਮਤਾ ਨੂੰ ਕਹਿ ਰਿਹਾ ਸੀ ਕਿ ਉਹ ਸ਼ੁਭਮ ਨੂੰ ਛੱਡ ਕੇ ਉਸ ਦੀ



ਦੋਸਤ ਬਣ ਜਾਵੇ। 25 ਦਸੰਬਰ ਨੂੰ ਸ਼ੁਭਮ ਨੇ ਉਸ ਤੋਂ ਫ਼ੋਨ 'ਤੇ ਮਮਤਾ ਬਾਰੇ ਪੁੱਛਿਆ। ਇਸ ਤੋਂ ਬਾਅਦ ਜਦੋਂ ਮਮਤਾ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਉਹ ਹੁਣੇ ਆ ਰਹੀ ਹੈ। ਸ਼ਰਿਆ ਨੇ ਇਹੀ ਗੱਲ ਅੱਗੇ ਭਰਾ ਨੂੰ ਦੱਸੀ। ਰਾਤ ਕਰੀਬ ਸਵਾ 10 ਵਜੇ ਮਮਤਾ ਅਤੇ ਕਰਨ ਬਾਈਕ 'ਤੇ ਘਰ ਪਹੁੰਚੇ। ਇਸ ਗੱਲ ਨੂੰ ਲੈ ਕੇ ਸ਼ੁਭਮ ਤੇ ਕਰਨ ਵਿਚਾਲੇ ਬਹਿਸ ਸ਼ੁਰੂ ਹੋ ਗਈ। ਮਮਤਾ ਨੇ ਕਿਹਾ ਕਿ ਸੁਸਾਇਟੀ 'ਚ ਰੌਲਾ ਨਾ ਪਾਓ। ਇਸ ਲਈ ਸਾਰੇ ਪਾਰਕ 'ਚ ਚਲੇ ਗਏ। ਕਰਨ ਨੂੰ ਦੱਸਿਆ ਕਿ ਸ਼ੁਭਮ ਤੇ ਮਮਤਾ ਦੋਸਤ ਹਨ ਪਰ ਕਰਨ ਨੇ ਗੁੱਸੇ 'ਚ ਪਿਸਤੌਲ ਕੱਢ ਕੇ ਸ਼ੁਭਮ 'ਤੇ 2 ਗੋਲੀਆਂ ਚਲਾ ਦਿੱਤੀਆਂ। ਇਕ ਗੋਲੀ ਸ਼ੁਭਮ ਦੀ ਛਾਤੀ 'ਚ ਲੱਗੀ। ਜਦੋਂ ਕਰਨ ਫਿਰ ਤੋਂ ਗੋਲੀ ਚਲਾਉਣ ਲੱਗਾ ਤਾਂ ਸ਼ਰਿਆ ਨੇ ਉਸ ਨੂੰ ਰੋਕ ਲਿਆ, ਜਿਸ ਤੋਂ ਬਾਅਦ ਉਹ ਬਾਈਕ 'ਤੇ ਭੱਜ ਗਿਆ। ਪੁਲਸ ਨੇ ਲਹੂ-ਲੁਹਾਨ ਹਾਲਤ 'ਚ ਸ਼ੁਭਮ ਨੂੰ ਫੇਜ਼-6 ਦੇ ਹਸਪਤਾਲ ਪਹੁੰਚਾਇਆ, ਜਿੱਥੇ ਹਾਲਤ ਵਿਗੜਦੀ ਦੇਖ ਡਾਕਟਰਾਂ ਨੇ ਉਸ ਨੂੰ ਜੀ. ਐੱਮ. ਸੀ. ਐੱਚ.-32 ਰੈਫਰ ਕਰ ਦਿੱਤਾ।

## ਰੰਜਿਸ਼ ਕਾਰਨ ਨੌਜਵਾਨ 'ਤੇ ਤੇਜਧਾਰ ਹਥਿਆਰਾਂ ਨਾਲ ਕੀਤਾ ਹਮਲਾ

ਮੋਗਾ 29 ਦਸੰਬਰ। ਮੋਗਾ ਦੇ ਕਲੋਨੀ ਇਲਾਕੇ ਤੋਂ ਵੱਡੀ ਵਾਰਦਾਤ ਦੀ ਖਬਰ ਸਾਹਮਣੇ ਆਈ ਹੈ, ਜਿੱਥੇ ਰਹਿਣ ਵਾਲੇ ਇਕ ਵਿਅਕਤੀ 'ਤੇ 7 ਤੋਂ 8 ਵਿਅਕਤੀਆਂ ਨੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਜਖਮੀ ਕਰ ਦਿੱਤਾ ਗਿਆ। ਜਾਣਕਾਰੀ ਮੁਤਾਬਕ ਇਹ ਹਮਲਾ ਕਿਸੇ ਪੁਰਾਣੀ ਰੰਜਿਸ ਦੇ ਕਾਰਨ ਕੀਤਾ ਗਿਆ ਹੈ। ਹਮਲੇ ਪਿੱਛੋਂ ਜਖਮੀ ਹੋਏ ਨੌਜਵਾਨ ਨੂੰ ਮੋਗਾ ਦੇ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਉਥੇ ਹੀ ਜਾਣਕਾਰੀ ਦਿੰਦੇ ਹੋਏ ਜਖਮੀ ਨਿਰਮਲ ਸਿੰਘ ਨੇ ਕਿਹਾ ਕਿ ਉਸੇ ਕਲੋਨੀ ਦੇ ਰਹਿਣ ਵਾਲੇ ਕੁਝ ਵਿਅਕਤੀਆਂ ਨੇ ਉਸ ਦੇ ਬੇਟੇ ਨਾਲ ਪੁਰਾਣੀ ਰੰਜਿਸ ਰੱਖਦੇ ਹੋਏ ਕੁੱਟਮਾਰ ਕਰਨ ਦੀ ਕੋਸਿਸ ਕੀਤੀ। ਬਚ-ਬਚਾਅ ਲਈ ਜਦੋਂ ਉਹ ਅੱਗੇ ਆਇਆ ਤੇ ਬੇਟੇ ਨੂੰ ਪਿੱਛੇ ਕੀਤਾ ਤਾਂ ਉਨ੍ਹਾਂ ਵਿਅਕਤੀਆਂ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਕਾਰਨ ਉਹ ਜਖਮੀ ਹੋ ਗਿਆ। ਉਕਤ ਸਾਰੀ ਘਟਨਾ ਉੱਥੇ ਲੱਗੇ ਸੀ.ਸੀ.ਟੀ.ਵੀ. ਕੈਮਰਿਆਂ 'ਚ ਕੈਦ ਹੋ ਗਈ ਹੈ ਤੇ ਮਾਮਲੇ ਦੀ ਜਾਣਕਾਰੀ ਪੁਲਸ ਨੂੰ ਦੇ ਦਿੱਤੀ ਗਈ ਹੈ। ਮਾਮਲੇ ਬਾਰੇ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਗੁਰਮੇਜ ਸਿੰਘ ਨੇ ਕਿਹਾ ਕਿ ਸਾਡੇ ਕੋਲ ਨਿਰਮਲ ਸਿੰਘ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਨਾਲ ਕਲੋਨੀ ਦੇ ਰਹਿਣ ਵਾਲੇ ਵਿਅਕਤੀਆਂ ਵੱਲੋਂ ਕੁੱਟਮਾਰ ਕੀਤੀ ਗਈ ਹੈ। ਅਸੀਂ ਮੌਕੇ 'ਤੇ ਪਹੁੰਚੇ ਅਤੇ ਸੀ.ਸੀ.ਟੀ.ਵੀ. ਫੁਟੇਜ ਕਢਵਾ ਕੇ ਜਾਂਚ ਕਰ ਰਹੇ ਹਾਂ ਤੇ ਜੋ ਵੀ ਤੱਥ ਸਾਹਮਣੇ ਆਉਣਗੇ, ਉਸ ਹਿਸਾਬ ਨਾਲ ਬਣਦੀ ਕਾਰਵਾਈ ਕੀਤੀ ਜਾਵੇਗੀ।

# 'ਲੌਂਗ ਲਾਚੀ' ਫੇਮ ਗੀਤਕਾਰ ਨੂੰ ਜਾਨੋਂ ਮਾਰਨ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ

ਐਂਟਰਟੇਨਮੈਂਟ ਡੈਸਕ 29 ਦਸੰਬਰ। ਪੰਜਾਬੀ ਮਿਊਜ਼ਿਕ ਇੰਡਸਟਰੀ ਦੇ ਕਈ ਕਲਾਕਾਰ ਗੈਂਗਸਟਰਾਂ ਦੇ ਨਿਸਾਨੇ 'ਤੇ ਹਨ। ਉਨ੍ਹਾਂ ਨੂੰ ਲਗਾਤਾਰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਇਸੇ ਦੌਰਾਨ ਇੱਕ ਹੋਰ ਪ੍ਰਸਿੱਧ ਗੀਤਕਾਰ ਨੂੰ ਜਾਨੋਂ ਮਾਰਨ ਦੀਆਂ ਧਮਕੀ ਮਿਲੀ ਹੈ। ਦਰਅਸਲ, ਮਸ਼ਹੂਰ ਗੀਤ 'ਲੌਂਗ ਲਾਚੀ' ਅਤੇ ਕਿਤਾਬ 'ਰਾਣੀ ਤੱਤ' ਲਿਖ ਕੇ ਨੈਸਨਲ ਐਵਾਰਡ ਹਾਸਲ ਕਰਨ ਵਾਲੇ ਮਸਹੂਰ ਗੀਤਕਾਰ ਹਰਮਨਜੀਤ ਸਿੰਘ ਖਿਆਲਾ ਨੂੰ ਜਾਨੋਂ ਮਾਰਨ ਦੀ ਧਮਕੀ ਮਿਲੀ ਹੈ। ਜਾਣਕਾਰੀ ਮੁਤਾਬਕ, ਗੀਤਕਾਰ ਤੋਂ 5 ਲੱਖ ਰੁਪਏ ਦੀ ਫਿਰੌਤੀ ਮੰਗੀ ਗਈ ਹੈ। ਦੱਸ ਦਈਏ ਕਿ ਗੀਤਕਾਰ ਹਰਮਨਜੀਤ ਸਿੰਘ ਖਿਆਲਾ ਨੇ ਧਮਕੀ ਮਿਲਣ ਤੋਂ ਬਾਅਦ ਤੁਰੰਤ ਵੱਡਾ ਕਦਮ ਚੁੱਕਿਆ। ਉਨ੍ਹਾਂ ਨੇ ਮਾਨਸਾ ਥਾਣਾ ਸਦਰ 'ਚ ਸ਼ਿਕਾਇਤ ਦਰਜ ਕਰਵਾਈ। ਇਸ ਮਗਰੋਂ ਪੁਲਸ ਨੇ ਤੁਰੰਤ ਕਰਵਾਈ ਕਰਦਿਆਂ ਮਾਮਲਾ ਦਰਜ ਕਰਕੇ ਸਕੂਲ ਦੇ ਇਕ ਅਧਿਆਪਕ ਨੂੰ ਗ੍ਰਿਫਤਾਰ ਕਰ ਲਿਆ ਹੈ। ਮਾਨਸਾ ਦੇ ਡੀ.



ਐੱਸ. ਪੀ. ਬੂਟਾ ਸਿੰਘ ਗਿੱਲ ਨੇ ਦੱਸਿਆ ਕਿ ਗੀਤਕਾਰ ਹਰਮਨਜੀਤ ਸਿੰਘ ਵੱਲੋਂ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਉਸ ਨੂੰ 5 ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕਰਨ ਵਾਲਾ ਪੱਤਰ ਮਿਲਿਆ ਹੈ ਅਤੇ ਫਿਰੌਤੀ ਨਾ ਦੇਣ 'ਤੇ ਜਾਨੋਂ ਮਾਰਨ ਦੀ ਧਮਕੀ ਵੀ ਦਿੱਤੀ। ਇਸ 'ਤੇ ਮਾਨਸਾ ਸਦਰ ਪੁਲਸ ਨੇ ਤੁਰੰਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਨੇ ਜਾਂਚ ਤੋਂ ਬਾਅਦ ਅਧਿਆਪਕ ਨੂੰ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੱਸਣਯੋਗ ਹੈ ਕਿ ਗੀਤਕਾਰ ਹਰਮਨਜੀਤ ਸਿੰਘ ਮਾਨਸਾ ਜ਼ਿਲ੍ਹੇ ਦੇ ਪਿੰਡ ਕੋਟਲੂ 'ਚ ਅਧਿਆਪਕ ਵਜੋਂ ਤਾਇਨਾਤ ਹਨ। ਉਨ੍ਹਾਂ ਦੇ ਲਿਖੇ ਜ਼ਿਆਦਾਤਰ ਗੀਤ ਗਾਇਕ ਦਿਲਜੀਤ ਦੋਸਾਂਝ ਨੇ ਹੀ ਗਾਏ ਹਨ। ਹਰਮਨਜੀਤ ਦੇ ਗੀਤ ਕਈ ਪੰਜਾਬੀ ਫਿਲਮਾਂ ਦਾ ਸ਼ਿੰਗਾਰ ਬਣ ਚੁੱਕੇ ਹਨ ਅਤੇ ਉਨ੍ਹਾਂ ਨੂੰ ਰਾਣੀ ਤੱਤ ਕਿਤਾਬ ਲਈ ਰਾਸਟਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ।

## ਪੈਦਲ ਜਾਂਦੇ ਨੌਜਵਾਨ ਨਾਲ ਹੋ ਗਈ ਅਣਹੋਣੀ, ਟਰੱਕ ਦੀ ਲਪੇਟ 'ਚ ਆ ਕੇ ਹੋਈ ਦਰਦਨਾਕ ਮੌਤ

ਭਵਾਨੀਗੜ੍ਹ 29 ਦਸੰਬਰ। ਸਥਾਨਕ ਸ਼ਹਿਰ 'ਚੋਂ ਲੰਘਦੇ ਬਠਿੰਡਾ-ਜੀਰਕਪੁਰ ਨੈਸ਼ਨਲ ਹਾਈਵੇ ਦੀ ਸਰਵਿਸ ਰੋਡ 'ਤੇ ਨਵੇਂ ਬੱਸ ਅੱਡੇ ਨਜ਼ਦੀਕ ਇਕ ਟਰੱਕ ਦੀ ਲਪੇਟ 'ਚ ਆਉਣ ਕਾਰਨ ਇਕ ਪੈਦਲ ਜਾ ਰਹੇ



ਇਕ ਦਲਿਤ ਵਰਗ ਨਾਲ ਸਬੰਧਤ ਨੌਜਵਾਨ ਦੀ ਮੌਤ ਹੋ ਜਾਣ ਦਾ ਦੁਖਦਾਈ ਸਮਾਚਾਰ ਪ੍ਰਾਪਤ ਹੋਇਆ ਹੈ। ਜਾਣਕਾਰੀ ਦਿੰਦਿਆਂ ਸਹਾਇਕ ਸਬ ਇੰਸਪੈਕਟਰ ਚਮਕੌਰ ਸਿੰਘ ਨੇ ਦੱਸਿਆ ਕਿ ਸਤਨਾਮ ਸਿੰਘ ਪੁੱਤਰ ਕੇਸ਼ਰ ਸਿੰਘ ਵਾਸੀ ਰਵੀਦਾਸ ਕਾਲੋਨੀ ਜਦੋਂ ਪਟਿਆਲਾ ਰੋਡ ਉਪਰ ਨਵੇ ਬੱਸ ਅੱਡੇ ਨਜ਼ਦੀਕ ਸਰਵਿਸ ਰੋਡ 'ਤੇ ਪੈਦਲ ਜਾ ਰਿਹਾ ਸੀ, ਤਾਂ ਉਥੇ ਲੰਘ ਰਹੇ ਟਰੱਕ ਦੀ ਲਪੇਟ 'ਚ ਆਉਣ ਕਾਰਨ ਉਹ ਗੰਭੀਰ ਰੂਪ 'ਚ ਜਖ਼ਮੀ ਹੋ ਗਿਆ। ਉਸ ਨੂੰ ਇਲਾਜ ਲਈ ਸਥਾਨਕ ਸਰਕਾਰੀ ਹਸਪਤਾਲ ਲਿਆਂਦਾ ਗਿਆ, ਜਿਥੇ ਉਸ ਦੀ ਗੰਭੀਰ ਹਾਲਤ ਨੂੰ ਦੇਖਦੇ ਹੋਏ ਉਸ ਨੂੰ ਮੁਢਲੀ ਸਹਾਇਤਾ ਦੇਣ ਉਪਰੰਤ ਸੰਗਰੂਰ ਵਿਖੇ ਰੈਫ਼ਰ ਕਰ ਦਿੱਤਾ ਜਿਥੇ ਉਸ ਦੀ ਮੌਤ ਹੋ ਗਈ। ਉਨ੍ਹਾਂ ਦੱਸਿਆ ਕਿ ਪੁਲਸ ਵਲੋਂ ਇਸ ਮਾਮਲੇ ਸਬੰਧੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਕਬਜ਼ੇ ਹਟਾਉਣ ਦੌਰਾਨ ਹੋ ਗਿਆ ਹੰਗਾਮਾ, ਹੱਥੋਪਾਈ ਹੋਣ ਮਗਰੋਂ ਵਧ ਗਿਆ ਮਾਮਲਾ

ਲੁਧਿਆਣਾ 29 ਦਸੰਬਰ। ਨਗਰ ਨਿਗਮ ਵੱਲੋਂ ਵੀਰਵਾਰ ਨੂੰ ਮੋਚਪੁਰਾ ਬਾਜ਼ਾਰ 'ਚ ਕਬਜੇ ਹਟਾਉਣ ਦੀ ਕਾਰਵਾਈ ਦੌਰਾਨ ਜੰਮ ਕੇ ਹੰਗਾਮਾ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਤਹਿਬਾਜ਼ਾਰੀ ਇੰਸਪੈਕਟਰ ਹਾਂਡਾ ਨੇ ਦੱਸਿਆ ਕਿ ਦੁਕਾਨਾਂ ਦੇ ਕਈ ਫੁੱਟ ਬਾਹਰ ਤੱਕ ਸੜਕ ਦੀ ਜਗ੍ਹਾ 'ਚ ਸਾਮਾਨ ਰੱਖਣ ਦੀ ਵਜ੍ਹਾ ਨਾਲ ਆ ਰਹੀ ਟ੍ਰੈਫਿਕ ਜਾਮ ਦੀ ਸਮੱਸਿਆ ਨੂੰ ਲੈ ਕੇ ਮਿਲੀ ਸ਼ਿਕਾਇਤ ਦੇ ਆਧਾਰ 'ਤੇ ਮੋਚਪੁਰਾ ਬਾਜ਼ਾਰ



'ਚ ਮੁਹਿੰਮ ਚਲਾਈ ਗਈ। ਇਸ ਦੌਰਾਨ ਕਈ ਦੁਕਾਨਾਂ ਦੇ ਬਾਹਰ ਪਏ ਸਾਮਾਨ ਨੂੰ ਜਬਤ ਕੀਤਾ ਗਿਆ, ਜਿਸ ਨੂੰ ਵਾਪਸ ਲੈਣ ਲਈ ਕੁਝ ਦੁਕਾਨਦਾਰਾਂ ਵੱਲੋਂ ਪਹਿਲਾਂ ਸਿਵਲ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਉਥੇ ਹੀ ਜਾਣਕਾਰੀ ਦਿੰਦੇ ਹੋਏ ਜਖਮੀ ਨਿਰਮਲ ਸਿੰਘ ਨੇ ਕਿਹਾ ਕਿ ਉਸੇ ਕਲੋਨੀ ਦੇ ਰਹਿਣ ਵਾਲੇ ਕੁਝ ਵਿਅਕਤੀਆਂ ਨੇ ਉਸ ਦੇ ਬੇਟੇ ਨਾਲ ਪੁਰਾਣੀ ਰੰਜਿਸ ਰੱਖਦੇ ਹੋਏ ਕੁੱਟਮਾਰ ਕਰਨ ਦੀ ਕੋਸਿਸ ਕੀਤੀ। ਬਚ-ਬਚਾਅ ਲਈ ਜਦੋਂ ਉਹ ਅੱਗੇ ਆਇਆ ਤੇ ਬੇਟੇ ਨੂੰ ਪਿੱਛੇ ਕੀਤਾ ਤਾਂ ਉਨ੍ਹਾਂ ਵਿਅਕਤੀਆਂ ਨੇ ਉਸ 'ਤੇ ਤੇਜਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਹੱਥੋਪਾਈ ਕੀਤੀ ਗਈ ਅਤੇ ਫਿਰ ਗਾਲੀ-ਗਲੋਚ ਕਰਦੇ ਹੋਏ ਲੋਹੇ ਦੀਆਂ ਪਾਈਪਾਂ ਨਾਲ ਹਮਲਾ ਕਰ ਦਿੱਤਾ ਗਿਆ। ਨਗਰ ਨਿਗਮ ਵੱਲੋਂ ਦੁਕਾਨਦਾਰਾਂ ਦੇ ਹਮਲੇ ਦੀ ਵਜ੍ਹਾ ਨਾਲ 2 ਮੁਲਾਜ਼ਮਾਂ ਦੇ ਜ਼ਖਮੀ ਹੋਣ ਦੇ ਸਬੰਧ 'ਚ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਗਈ, ਜਿਸ ਦੇ ਆਧਾਰ 'ਤੇ ਥਾਣਾ ਡਵੀਜ਼ਨ ਨੰ. 3 'ਚ ਕੇਸ ਦਰਜ ਕੀਤਾ ਗਿਆ ਹੈ। ਭਾਵੇਂ ਇਸ ਮਾਮਲੇ 'ਚ ਹਾਲੇ ਕਿਸੇ ਦੁਕਾਨਦਾਰ ਦੀ ਗ੍ਰਿਫਤਾਰੀ ਨਹੀਂ ਹੋਈ ਪਰ 3 ਲੋਕਾਂ ਨੂੰ ਨਾਮਜ਼ਦ ਕਰਨ ਤੋਂ ਬਾਅਦ ਬਾਕੀ ਅਣਪਛਾਤੇ ਦੱਸੇ ਗਏ ਹਨ, ਜਿਨ੍ਹਾਂ ਦੀ ਵੀਡੀਓ ਦੇ ਆਧਾਰ 'ਤੇ ਸ਼ਨਾਖਤ ਕਰਨ ਦੀ ਗੱਲ ਕਹੀ ਗਈ ਹੈ।

# ਕਰਿਆਨੇ ਦੀ ਦੁਕਾਨ 'ਤੇ ਲੁੱਟ ਕਰਨ ਆਏ 3 ਨੌਜਵਾਨ ਹਥਿਆਰਾਂ ਸਣੇ ਗ੍ਰਿਫਤਾਰ

ਬੁਢਲਾਡਾ 29 ਦਸੰਬਰ। ਸਥਾਨਕ ਮਾਨਸਾ ਪੁਲਸ ਵੱਲੋਂ ਪਿਸਤੌਲ ਦੀ ਨੋਕ 'ਤੇ ਕਰਿਆਨੇ ਦੀ ਦੁਕਾਨ 'ਚ ਲੁੱਟ ਦੀ ਕੋਸ਼ਿਸ਼ ਕਰਨ ਵਾਲੇ 3 ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਕੋਲੋਂ 2 ਦੇਸੀ ਪਿਸਤੌਲ ਕੱਟਾ ਅਤੇ 5 ਜ਼ਿੰਦਾ ਕਾਰਤੂਸ ਬਰਾਮਦ ਕੀਤੇ ਗਏ ਹਨ। ਅੱਜ ਇਸ ਸਬੰਧੀ ਪੁਲਸ ਵੱਲੋਂ ਕੀਤੀ ਗਈ ਪ੍ਰੈੱਸ ਕਾਨਫਰੰਸ ਦੌਰਾਨ ਗ੍ਰਿਫਤਾਰ ਕੀਤੇ ਗਏ ਮੁਲਜਮਾਂ ਅਤੇ ਬਰਾਮਦ ਕੀਤੇ ਹਥਿਆਰਾਂ ਬਾਰੇ ਜਾਣਕਾਰੀ ਦਿੱਤੀ ਗਈ। ਇਸ ਮੌਕੇ ਐੱਸ. ਐੱਸ. ਪੀ. ਮਾਨਸਾ ਭਾਗੀਰਥ ਮੀਨਾ ਦੀ ਅਗਵਾਈ ਹੇਠ ਮੌਜੂਦ ਪੁਲਸ ਅਧਿਕਾਰੀਆਂ ਨੇ ਦੱਸਿਆ ਕਿ 23 ਦਸੰਬਰ ਨੂੰ ਰੇਲਵੇ ਓਵਰਬ੍ਰਿਜ ਹੇਠਾਂ ਕਰਿਆਨੇ ਦੀ ਦੁਕਾਨ ਦੇ ਮਾਲਕ ਜੈਕੀ ਸਿੰਗਲਾ ਪੁੱਤਰ ਸੁਰੇਸ਼ ਕੁਮਾਰ ਵਾਸੀ ਬੁਢਲਾਡਾ ਨੇ ਬਿਆਨ ਲਿਖਵਾਇਆ ਕਿ 2 ਨੌਜਵਾਨਾਂ ਨੇ ਉਸਦੀ ਦੁਕਾਨ 'ਤੇ ਆ ਕੇ ਪਿਸਤੌਲ ਦੀ ਨੋਕ 'ਤੇ ਉਸ ਕੋਲੋਂ ਪੈਸੇ ਖੋਹਣ ਦੀ ਕੋਸ਼ਿਸ਼ ਕੀਤੀ। ਮੌਕੇ 'ਤੇ ਉਸ ਨੇ ਰੌਲਾ ਪਾ ਦਿੱਤਾ ਤਾਂ ਉਕਤ ਦੋਵੇਂ ਭੱਜ ਗਏ। ਇਸ ਸਬੰਧੀ ਮੁਕੱਦਮਾ ਦਰਜ ਕਰਦਿਆਂ ਪੁਲਸ ਨੇ ਮੁਲਜਮਾਂ ਦੀ ਭਾਲ ਸ਼ੁਰੂ ਕਰ ਦਿੱਤੀ। ਪੁਲਸ ਅਧਿਕਾਰੀਆਂ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ



ਡੀ. ਐੱਸ. ਪੀ. ਬੁਢਲਾਡਾ ਗਮਦੂਰ ਸਿੰਘ ਚਹਿਲ ਦੀ ਨਿਗਰਾਨੀ ਹੇਠ ਇੰਚਾਰਜ ਸੀ. ਆਈ. ਏ. ਸਟਾਫ ਮਾਨਸਾ ਅਤੇ ਮੁੱਖ ਅਫਸਰ ਥਾਣਾ ਸਿਟੀ ਬੁਢਲਾਡਾ ਦੀ ਪੁਲਸ ਟੀਮ ਦਾ ਗਠਨ ਕੀਤਾ ਗਿਆ ਸੀ। ਇਸ ਟੀਮ ਵੱਲੋਂ ਤੁਰੰਤ ਕਾਰਵਾਈ ਕਰਦਿਆਂ ਵਿਗਿਆਨਕ ਢੰਗ ਨਾਲ ਤਫਤੀਸ਼ ਕਰਕੇ ਜਗਤਾਰ ਸਿੰਘ ਉਰਫ ਕਾਕਾ ਪਟਵਾਰੀ ਪੁੱਤਰ ਹਰਬੰਸ ਸਿੰਘ ਵਾਸੀ ਟਾਹਲੀਆ, ਦਲਜੀਤ ਸਿੰਘ ਉਰਫ ਦੱਲੀ ਪੁੱਤਰ ਗੁਰਦੀਪ ਸਿੰਘ ਵਾਸੀ ਆਲਮਪੁਰ ਮੰਦਰਾਂ ਨੂੰ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਪਾਸੋਂ ਦੌਰਾਨੇ ਤਫਤੀਸ਼ ਇੱਕ ਦੇਸੀ ਪਿਸਤੌਲ ਸਮੇਤ ਜ਼ਿੰਦਾ ਕਾਰਤੂਸ ਬਰਾਮਦ ਕੀਤਾ ਗਿਆ। ਉਨ੍ਹਾਂ ਨੇ ਦੌਰਾਨੇ ਤਫਤੀਸ਼ ਦੱਸਿਆ ਕਿ ਉਕਤ ਅਸਲਾ ਸੁਖਵਿੰਦਰ ਸਿੰਘ ਉਰਫ ਕਾਲੂ ਪੁੱਤਰ ਜਗਦੀਸ਼ ਸਿੰਘ ਵਾਸੀ ਆਲਮਪੁਰ ਮੰਦਰਾਂ ਪਾਸੋਂ 15000 ਰੁਪਏ 'ਚ ਖਰੀਦਿਆ ਸੀ। ਇਸ 'ਤੇ ਸੁਖਵਿੰਦਰ ਸਿੰਘ ਉਰਫ ਕਾਲੂ ਉਕਤ ਨੂੰ ਵੀ ਮੁਕੱਦਮੇ ਵਿੱਚ ਨਾਮਜ਼ਦ ਕਰਕੇ ਗ੍ਰਿਫਤਾਰ ਕੀਤਾ ਗਿਆ ਅਤੇ ਉਸ ਕੋਲੋਂ ਵੀ ਇੱਕ ਦੇਸੀ ਪਿਸਤੌਲ (ਕੱਟਾ) ਸਮੇਤ ਕਾਰਤੂਸ ਜ਼ਿੰਦਾ ਬਰਾਮਦ ਕੀਤਾ ਗਿਆ ਹੈ।


**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYUR-DHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**PUBLIC NOTICE**
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained
**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BAL-JEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਮੁੱਖ ਮੰਤਰੀ ਨੇ ਗੁਰੂਗ੍ਰਾਮ ਵਿਚ ਰਾਜ ਪੱਧਰੀ ਸੁਸਾਸ਼ਨ ਦਿਵਸ ਸਮਾਰੋਹ ਵਿਚ ਬਤੌਰ ਮੁੱਖ ਮਹਿਮਾਨ ਕੀਤੀ ਸ਼ਿਰਕਤ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤ ਰਤਨ ਨਾਲ ਸਨਮਾਨਿਤ ਸਾਬਕਾ ਪ੍ਰਧਾਨ ਮੰਤਰੀ ਸੁਰਗਵਾਸੀ ਸ੍ਰੀ ਅਟਲ ਬਿਹਾਰੀ ਵਾਜਪੇਯੀ ਦੇ ਜਨਮਦਿਨ ਮੌਕੇ ਵਿਚ ਸੁਸਾਸ਼ਨ ਦਿਵਸ ਦੇ ਮੌਕੇ 'ਤੇ ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਅਧਿਕਾਰੀਆਂ ਨੂੰ ਜਨ ਸੇਵਾ ਰਾਹੀਂ ਸੁਸਾਸ਼ਨ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਸਰਕਾਰੀ ਸੇਵਕਾਂ ਨੂੰ ਕਿਹਾ ਕਿ ਅਸੀਂ ਜਦੋਂ ਅੰਤੋਂਦੇਯ ਦੀ ਗੱਲ ਕਰਦੇ ਹਨ ਤਾਂ ਅਸੀਂ ਸਾਡੇ ਕੰਮ ਵਿਚ ਸੰਵੇਦਨਸ਼ੀਲਤਾ ਹੋਣੀ ਚਾਹੀਦੀ ਹੈ, ਜਿਸ ਵੀ ਕੁਰਸੀ 'ਤੇ ਅਸੀਂ ਬੈਠੇ ਹਨ, ਉਹ ਇਕ ਮੌਕਾ ਸਾਨੂੰ ਇਸ਼ਵਰ ਨੇ ਦਿੱਤਾ ਹੈ ਕਿ ਅਸੀਂ ਅੰਤੋਂਦੇਯ ਦੇ ਉਥਾਨ ਦੀ ਸੋਚਣ। ਇਸ ਲਈ ਹਮਸ਼ਾ ਧਿਆਨ ਰੱਖਣਾ ਹੈ ਕਿ ਜਦੋਂ ਵੀ ਕੋਈ ਵਿਅਕਤੀ ਸਾਡੇ ਦਫਤਰ ਵਿਚ ਆਉਂਦਾ ਹੈ, ਸਾਡੇ ਨਾਲ ਮਿਲਦਾ ਹੈ ਅਤੇ ਆਪਣੀ ਸਮਸਿਆ ਰੱਖਦਾ ਹੈ ਤਾਂ ਉਸ ਨੂੰ ਸੰਵੇਦਨਸ਼ੀਲਤਾ ਨਾਲ ਸਮਝਣ। ਉਸ ਦਾ ਦਿੱਤਾ ਹੋਇਆ ਕਾਗਜ਼, ਦਰਖਾਸਤ, ਉਹ ਸਿਰਫ ਇਕ ਕਾਗਜ਼ ਦਾ ਟੁਕੜਾ ਨਹੀਂ ਹੈ, ਸਗੋਂ ਉਸ ਦੇ ਦਰਦ ਦਾ ਨਿਚੋੜ ਹੈ, ਇਸ ਲਈ ਉਸ ਕਾਗਜ਼ ਦੇ ਪਿੱਛੇ ਦੀ ਕਹਾਣੀ ਨੂੰ ਸਮਝਣ ਅਤੇ ਜਿਸ ਦਿਨ ਅਸੀਂ ਉਸ ਕਹਾਣੀ ਨੂੰ ਸਮਝ ਪਾਏ, ਤਾਂ ਮੰਨ ਲੈਣਾ ਅਸੀਂ ਆਪਣੇ ਸੁਸਾਸ਼ਨ ਦੇ ਯਤਨ ਵਿਚ ਸਫਲ ਹੋ ਗਏ ਹਾਂ।

ਮੁੱਖ ਮੰਤਰੀ ਨੇ ਕਿਹਾ ਕਿ ਸੁਸਾਸ਼ਨ ਦਿਵਸ ਮੌਕੇ 'ਤੇ ਸਾਨੂੰ ਇਹ ਸੰਕਲਪ ਲੈਣਾ ਚਾਹੀਦਾ ਹੈ ਕਿ ਅਸੀਂ ਹਰਿਆਣਾ ਸੂਬੇ ਨੂੰ ਅਜਿਹਾ ਬਣਾਵਾਂਗੇ, ਜਿੱਥੇ ਵਿਕਾਸ ਸਮਾਵੇਸ਼ੀ ਹੋਵੇਗਾ, ਜਿੱਥੇ ਨਾਗਰਿਕ ਨੂੰ ਆਪਣੀ ਸਮਰੱਥਾਵਾਂ ਨੂੰ ਪਹਿਚਾਨਣ ਅਤੇ ਨਿਖਾਰਣ ਦਾ ਮੌਕਾ ਮਿਲੇਗਾ। ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਸਰਕਾਰ ਨੇ ਅਨੇਕ ਫੈਸਲੇ ਲੈ ਕੇ ਜਨਤਾ ਦੇ ਜੀਵਨ ਵਿਚ ਸਕਾਰਾਤਮਕ ਬਦਲਾਅਅ ਲਿਆਉਣ ਦਾ ਕੰਮ ਕੀਤਾ ਹੈ। ਅੱਜ ਘਰ ਬੈਠੇ ਸਹੂਲਤਾਂ ਦਾ ਲਾਭ ਨਗਾਰਿਕਾਂ ਨੂੰ ਮਿਲ ਰਿਹਾ ਹੈ, ਇਹੀ ਸੁਸਾਸ਼ਨ ਦਾ ਸੱਭ ਤੋਂ ਵੱਧ ਮੰਤਰ ਹੈ।

ਮੁੱਖ ਮੰਤਰੀ ਬੁੱਧਵਾਰ ਨੂੰ ਸੁਸਾਸ਼ਨ ਦਿਵਸ ਮੌਕੇ 'ਤੇ ਜਿਲ੍ਹਾ ਗੁਰੂਗ੍ਰਾਮ ਵਿਚ ਪ੍ਰਬੰਧਿਤ ਰਾਜ ਪੱਧਰੀ ਸੁਸਾਸ਼ਨ ਦਿਵਸ ਸਮਾਰੋਹ ਨੂੰ ਸੰਬੋਧਿਤ ਕਰ ਰਹੇ ਸਨ। ਸ੍ਰੀ ਨਾਇਬ ਸਿੰਘ ਸੈਣੀ ਨੇ ਭਾਰਤ ਰਤਨ ਨਾਲ ਸਨਮਾਨਿਤ ਮਹਾਮਨਾ ਪੰਡਿਤ ਮਦਨ ਮੋਹਨ ਮਾਲਵੀਯ ਤੇ ਸਾਬਕਾ ਪ੍ਰਧਾਨ ਮੰਤਰੀ ਸ੍ਰੀ ਅਟਲ ਬਿਹਾਰੀ ਵਾਜਪੇਯੀ ਦੇ ਜਨਮ ਦਿਨ 'ਤੇ ਵਧਾਈ ਦਿੰਦੇ ਹੋਏ ਉਨ੍ਹਾਂ ਨੂੰ ਨਮਨ ਕੀਤਾ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਇਹ ਦਿਨ ਸਾਡੇ ਸਾਰਿਆਂ ਲਈ ਨਾ ਸਿਰਫ ਇਕ ਸੁਨਹਿਰਾ ਮੌਕਾ ਹੈ, ਸਗੋਂ ਇਹ ਮੌਕਾ ਸਾਡੇ ਸਾਰਿਆਂ ਲਈ ਇਹ ਪ੍ਰੇਰਣਾ ਦਿੰਦਾ ਹੈ ਕਿ ਅਸੀਂ ਇਕ ਬਿਤਹਰ ਅਤੇ ਮਜਬੂਤ ਰਾਸ਼ਟਰ ਦੇ ਨਿਰਮਾਣ ਦੇ ਪ੍ਰਤੀ ਆਪਣੀ ਪ੍ਰਤੀਬੱਧਤਾ ਨੂੰ ਹੋਰ ਮਜਬੂਤ ਕਰਨ।

ਉਨ੍ਹਾਂ ਨੇ ਕਿਹਾ ਕਿ ਸ੍ਰੀ ਅਟਲ ਬਿਹਾਰੀ ਵਾਜਪੇਯੀ ਨੇ ਆਪਣੇ ਵਿਚਾਰਾਂ, ਕਰਮਾਂ ਅਤੇ ਦੂਰਦਰਸ਼ਿਤਾ ਨਾਲ ਭਾਰਤ ਨੂੰ ਨਵੀਂ ਦਿਸ਼ਾ ਅਤੇ ਪਹਿਚਾਣ ਦਿੱਤੀ। ਉਨ੍ਹਾਂ ਨੇ ਭਾਰਤ ਨੂੰ ਵਿਕਸਿਤ ਅਤੇ ਮਜਬੂਤ ਬਨਾਉਣ ਲਈ ਮਜਬੂਤ ਨੀਤੀਆਂ ਦੀ ਨੀਂਹ ਰੱਖੀ। ਇਸ ਨਾਲ ਉਸ ਵਿਕਸਿਤ ਭਾਂਰਤ ਦੇ ਨਿਰਮਾਣ ਦਾ ਮਾਰਗ ਪ੍ਰਸ਼ਸਤ ਹੋਇਆ, ਜਿਸ ਦਾ ਸੰਕਲਪ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਲਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਵਿਚ ਜਨਸੇਵਾ ਦੀ ਜਿਮੇਵਾਰੀ ਸੰਭਾਲਦੇ ਹੀ ਸਾਡੀ ਸਰਕਾਰ ਨੇ ਵਿਵਸਥਾ ਬਦਲਣ ਨਾਲ ਸੁਸਾਸ਼ਨ ਅਤੇ ਸੁਸਾਸ਼ਨ ਤੋਂ ਸੇਵਾ ਦੀ ਆਪਣੀ ਮੁਹਿੰਮ ਸ਼ੁਰੂ ਕੀਤੀ ਸੀ। ਅਜਿਹੀ ਮੁਹਿੰਮ ਦੀ ਸਫਲਤਾ ਸਾਫ ਨੀਅਤ, ਨੀਤੀ ਅਤੇ ਨਿਸ਼ਠਾ 'ਤੇ ਨਿਰਭਰ ਕਰਦੀ ਹੈ। ਸੁਸਾਸ਼ਨ ਲਈ ਸੇਵਾ ਦੀ ਨੀਅਤ ਹੋਣੀ ਚਾਹੀਦੀ ਹੈ ਅਤੇ ਨੀਤੀਆਂ ਵੀ ਅਜਿਹੀ ਹੋਣੀ ਚਾਹੀਦੀਆਂ ਹਨ ਕਿ ਉਨ੍ਹਾਂ ਵਿਚ ਭ੍ਰਿਸ਼ਟਾਚਾਰ ਦੀ ਕੋਈ ਗੁੰਜਾਇਸ਼ ਨਾ ਹੋਵੇ। ਇੰਨ੍ਹਾਂ ਹੀ ਸਾਫ ਨੀਅਤ ਅਤੇ ਸਹੀ ਨੀਤੀਆਂ ਦੇ ਬਲਬੂਤੇ ਸਾਡੀ ਸਰਕਾਰ ਸੁਸਾਸ਼ਨ ਦੇ ਇਸ ਮੁਹਿੰਮ ਵਿਚ ਸਫਲਤਾ ਪ੍ਰਾਪਤ ਹੋ ਰਹੀ ਹੈ। ਇਸ ਸਫਲਤਾ ਨੂੰ ਸੂਬਾਵਾਸੀਆਂ ਨੂੰ ਵੀ ਆਪਣਾ ਭਰਪੂਰ ਸਮਰਥਨ ਦਿੱਤਾ ਹੈ ਅਤੇ ਲਗਾਤਾਰ ਤੀਜੀ ਵਾਰ ਹਰਿਆਣਾ ਵਿਚ ਭਾਜਪਾ ਨੂੰ ਜਨ ਸੇਵਾ ਦਾ ਜਨਾਦੇਸ਼ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਸਾਡੀ ਸਰਕਾਰ ਸੁਸਾਸ਼ਨ ਦੇ ਇਸ ਦੌਰ ਨੂੰ ਲਗਾਤਾਰ ਅੱਗੇ ਵਧਾਉਂਦੀ ਰਹੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸਾਡੀ ਸਰਕਾਰ ਨੇ ਈ-ਗਰਵਨੈਂਸ ਨੂੰ ਵੱਖ-ਵੱਖ ਪਹਿਲਾਂ ਨੂੰ ਅਪਨਾਉਂਦੇ ਹੋਏ ਸੁਸਾਸ਼ਨ ਦਾ ਸਫਰ ਤੈਅ ਕੀਤਾ ਹੈ। ਜਮੀਨਾਂ ਦੀ ਰਜਿਸਟਰੀ ਵਿਚ ਗੜਬੜੀ ਨੂੰ ਰੋਕਨ ਲਈ ਰਜਿਸਟਰੀ ਦੇ ਸਮੇਂ ਪੇਸ਼ ਕੀਤੇ ਜਾਣ ਵਾਲੇ ਵੱਖ-ਵੱਖ ਵਿਭਾਗਾਂ, ਬੋਰਡਾਂ ਤੇ ਨਿਗਮਾਂ ਆਦਿ ਦੇ ਐਨਓਸੀ ਆਨਲਾਇਨ ਜਾਰੀ ਕਰਨੇ ਸ਼ੁਰੂ ਕੀਤੇ ਹਨ। ਜਮੀਨਾਂ ਦਾ ਰਿਕਾਰਡ ਵਿਚ ਪਾਰਦਰਸ਼ਿਤਾ ਲਿਆਉਣ ਲਈ ਪੂਰੇ ਸੂਬੇ ਵਿਚ ਵੈਬ-ਹੈਲਰਿਸ ਪ੍ਰਣਾਲੀ ਲਾਗੂ ਕੀਤੀ ਗਈ। ਰਾਜ ਸਰਕਾਰ ਨੇ ਈ-ਨੀਲਾਮੀ ਅਤੇ ਈ-ਰਵਾਨਾ ਸਕੀਮ ਰਾਹੀਂ ਖਣਨ ਠੇਕਿਆਂ ਵਿਚ ਪਾਰਦਰਸ਼ਿਤਾ ਯਕੀਨੀ ਕੀਤੀ। ਸਰਕਾਰ ਨੇ ਸੇਵਾ ਦਾ ਅਧਿਕਾਰ ਕਾਨੂੰਨ ਬਣਾਇਆ, ਜਿਸ ਦੇ ਤਹਿਤ ਨਿਰਧਾਰਿਤ ਸਮੇਂ ਵਿਚ ਸੇਵਾ ਨਾ ਮਿਲਣ 'ਤੇ ਸਬੰਧਿਤ ਦੇ ਖਿਲਾਫ ਕਾਰਵਾਈ ਹੋਣਾ ਤੈਅ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਮਾਨਦਾਰ ਅਤੇ ਪਾਰਦਰਸ਼ੀ ਪ੍ਰਸ਼ਾਸ਼ਨ ਦੀ ਨੀਂਹ ਰੱਖੀ ਹੈ ਅਤੇ ਸਰਕਾਰ ਵੱਲੋਂ ਕੀਤੇ ਗਏ ਸੁਧਾਰਾਂ ਨਾਲ ਸਥਾਪਿਤ ਸੁਸਾਸ਼ਨ ਦੇ ਸਕਾਰਾਤਮਕ ਨਤੀਜੇ ਆਏ ਹਨ। ਪਰਿਵਾਰ ਪਹਿਚਾਣ ਪੱਤਰ ਰਾਹੀਂ ਸਰਕਾਰੀ ਸੇਵਾਵਾਂ ਅਤੇ ਯੋਜਨਾਵਾਂ ਦਾ ਲਾਭ ਘਰ ਬੈਠੇ ਹੀ ਯੋਗ ਲੋਕਾਂ ਨੂੰ ਮਿਲ ਰਿਹਾ ਹੈ। ਸੁਸਾਸ਼ਨ ਦਾ ਹੀ ਨਤੀਜਾ ਹੈ ਕਿ ਤਮਾਮ ਰੁਕਾਵਟਾਂ ਨੂੰ ਪਾਰ ਕਰਦੇ ਹੋਏ ਸਾਡੀ ਸਰਕਾਰ ਨੇ 1 ਲੱਖ 71 ਹਜਾਰ ਨੌਜੁਆਨਾਂ ਨੂੰ ਬਿਨ੍ਹਾਂ ਖਰਚੀ-ਪਰਚੀ ਦੇ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਅੱਜ ਸੂਬੇ ਵਿਚ ਪੜੀ-ਲਿਖੀ ਪੰਚਾਇਤਾਂ ਪਿੰਡਾਂ ਦੇ ਵਿਕਾਸ ਨੂੰ ਨਵੀਂ ਨੀਤੀ ਦੇ ਰਹੀ ਹੈ। ਸੁਸਾਸ਼ਨ ਦੇ ਬਲਬੂਤੇ ਹੀ ਸੂਬੇ ਦਾ ਹਰ ਪਿੰਡ ਲਾਲ ਡੋਰਾ ਮੁਕਤ ਹੋ ਚੁੱਕਾ ਹੈ। ਸੀਐਮ ਵਿੰਡੋਂ ਦੇ ਜਰਇਏ ਲੋਕਾਂ ਨੂੰ ਘਰ ਬੈਠੇ ਹੀ ਨਿਆਂ ਦੇਣ ਦਾ ਕੰਮ ਸਾਡੀ ਸਰਕਾਰ ਨੇ ਕੀਤਾ ਹੈ। ਸੀਐਮ ਵਿੰਡੋਂ 'ਤੇ 12 ਲੱਖ ਤੋਂ ਵੱਧ ਸਮਸਿਆਵਾਂ ਅਤੇ ਸ਼ਿਕਾਇਤਾਂ ਦਾ ਹੱਲ ਹੋ ਚੁੱਕਾ ਹੈ। ਸੁਸਾਸ਼ਨ ਦਾ ਹੀ ਨਤੀਜਾ ਹੈ ਕਿ ਹੁਣ ਗਰੀਬ ਦੇ ਰੋਸ਼ਨ ਦਾ ਹੱਕ ਕੋਈ ਦੂਜਾ ਵਿਅਕਤੀ ਨਹੀਂ ਮਾਰ ਸਕਦਾ। ਉਨ੍ਹਾਂ ਨੇ ਕਿਹਾ ਕਿ ਅੱਜ ਸੂਬੇ ਵਿਚ 59 ਵਿਭਾਗਾਂ ਦੀ 772 ਯੋਜਨਾਵਾਂ ਅਤੇ ਸੇਵਾਵਾਂ ਆਨਲਾਇਨ ਉਪਲਬਧ ਹੈ, ਜਿਨ੍ਹਾਂ ਦਾ ਆਮ ਨਾਗਰਿਕ ਘਰ ਬੈਠੇ ਹੀ ਲਾਭ ਪ੍ਰਾਪਤ ਕਰ ਸਕਦੇ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਪਹਿਲਾਂ ਦੀ ਸਰਕਾਰਾਂ ਵਿਚ ਡਰ, ਭ੍ਰਿਸ਼ਟਾਚਾਰ, ਭਾਈ-ਭਤੀਜਵਾਦ ਅਤੇ ਖੇਤਰਵਾਦ ਦਾ ਬੋਲਬਾਲਾ ਸੀ। ਸਾਡੀ ਸਰਕਾਰ ਨੇ ਇਕ-ਇਕ ਕਰ ਭ੍ਰਿਸ਼ਟਾਚਾਰਦੇ ਸਾਰੇ ਰਸਤਿਆਂ ਨੂੰ ਬੰਦ ਕੀਤਾ ਹੈ। ਚਾਹੇ ਸੀਐਲਯੂ ਦੇ ਨਾਂਅ 'ਤੇ ਲੁੱਟ ਨੂੰ ਬੰਦ ਕਰਨਾ ਹੋਵੇ, ਸਰਕਾਰੀ ਨੌਕਰੀਆਂ ਸਿਰਫ ਮੈਰਿਟ 'ਤੇ ਦੇਣ ਦਾ ਕੰਮ ਹੋਵੇ, ਕਰਮਚਾਰੀਆਂ ਦੇ ਤਬਾਦਲਿਆਂ ਨੂੰ ਆਨਲਾਇਨ ਕਰਨ ਦਾ ਸੰਕਲਪ ਹੋਵੇ, ਚਾਹੇ ਮਿੱਟੀ ਦੇ ਤਲੇ ਦੇ ਖੇਲ ਨੂੰ ਬੰਦ ਕਰ ਹੋਏ ਗਰੀਬ ਨੂੰ ਮੁਫਤ ਗੈਸ ਸਿਲੇਂਡਰ ਦੇਣ ਦੀ ਸੋਚ ਹੋਵੇ ਜਾਂ ਫਿਰ ਗਰੀਬਾਂ ਦੇ ਰਾਸ਼ਨ, ਪੈਂਸ਼ਨ, ਵਜੀਫਿਆਂ, ਸਬਸਿਡੀ ਵਿਚ ਚੱਲ ਰਹੇ ਫਰਜੀਵਾੜੇ ਨੂੰ ਬੰਦ ਕਰਨ ਦੀ ਗੱਲ ਹੋਵ, ਇੰਨ੍ਹਾਂ ਸੁਸਾਸ਼ਨ ਦੀ ਪਹਿਲਾਂ ਨੂੰ ਅਸੀਂ ਅਪਣਾਇਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਵਿਰੋਧੀ ਧਿਰ ਦੇ ਨੇਤਾ ਗਲਤ ਪ੍ਰਚਾਰ ਕਰਦੇ ਸਨ ਕਿ ਜਦੋਂ ਉਹ ਸਰਕਾਰ ਵਿਚ ਆਉਣਗੇ ਤਾਂ ਪੋਰਟਲ ਨੂੰ ਬੰਦ ਕਰ ਦੇਣਗੇ। ਉਨ੍ਹਾਂ ਨੂੰ ਇਸ ਗੱਲ ਤੋਂ ਤਕਲੀਫ ਹੋ ਰਹੀ ਹੈ ਕਿਪੋਰਟਲ ਰਾਹੀਂ ਜਨਤਾ ਨੂੰ ਲਾਭ ਕਿਉਂ ਮਿਲ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇੰਨ੍ਹੀ ਪੋਰਟਲ ਰਾਹੀਂ ਸਾਡੀ ਸਰਕਾਰ ਨੇ ਕਿਸਾਨਾਂ ਦੇ ਖਾਤਿਆਂ ਵਿਚ ਸਿੱਧੇ ਪੈਸਾ ਪਹੁੰਚਾਇਆ ਹੈ। ਪਿਛਲੇ 10 ਸਾਲਾਂ ਵਿਚ ਕਿਸਾਨਾਂ ਦੇ ਖਾਤਿਆਂ ਵਿਚ 1.25 ਲੱਖ ਕਰੌੜ ਰੁਪਏ ਸਿੱਧੇ ਪਾਏ ਗਏ ਹਨ। ਇੰਨ੍ਹਾਂ ਹੀ ਨਹੀਂ, ਇਸ ਸਾਲ ਬਰਸਾਤ ਘੱਟ ਹੋਣ ਦੇ ਕਾਰਨ ਕਿਸਾਨਾਂ 'ਤੇ ਪਏ ਵੱਧ ਬੋਝ ਨੂੰ ਘੱਟ ਕਰਨ ਲਈ 2 ਹਜਾਰ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ 825 ਕਰੋੜ ਰੁਪਏ ਸਿੱਧ ਕਿਸਾਨਾਂ ਦੇ ਖਾਤਿਆਂ ਵਿਚ ਭੇਜੇ ਜਾ ਚੁੱਕੇ ਹਨ, ਇਹ ਵੀ ਪੋਰਟਲ ਦੀ ਬਦੌਲਤ ਹੀ ਸੰਭਵ ਹੋ ਪਾਇਆ ਹੈ। ਉਨ੍ਹਾਂ ਨੇ ਕਿਹਾ ਕਿ ਪਹਿਲਾਂ ਬਜੁਰਗਾਂ ਨੂੰ ਪੈਂਸ਼ਨ ਬਨਵਾਉਣ ਲਈ ਦਫਤਰਾਂ ਦੇ ਚੱਕਰ ਕੱਟਣੇ ਪੈਂਦੇ ਸਨ। ਪਰ ਪੋਰਟਲ ਦੇ ਹੀ ਕਾਰਨ ਹੁਣ ਬਜੁਰਗਾਂ ਨੂੰ ਘਰ ਬੈਠੇ ਹੀ ਪੈਂਸ਼ਨ ਬਨਣ ਲੱਗੀ ਹੈ। ਪਿਛਲੇ 10 ਸਾਲਾਂ ਵਿਚ ਲੱਖ ਬਜੁਰਗਾਂ ਦੀ ਪੈਂਸ਼ਨ ਘਰ ਬੈਠੇ ਆਨਲਾਇਨ ਬਣੀ ਹੈ ਮੁੱਖ ਮੰਤਰੀ ਨੇ ਵਿਰੋਧੀ ਪਾਰਟੀ 'ਤੇ ਕਟਾਕਸ਼ ਕਰਦੇ ਹੋਏ ਕਿਹਾ ਕਿ ਹਾਲ ਹੀ ਦੇ ਵਿਧਾਨਸਭਾ ਚੋਣ ਤੋਂ ਪਹਿਲਾਂ ਵਿਰੋਧੀ ਧਿਰ ਦੇ ਉਮੀਦਵਾਰ ਨੇ ਤਾਂ ਆਪਣਾ ਰਾਜ ਆਉਣ 'ਤੇ ਪੋਰਟਲ ਬੰਦ ਕਰਨ, ਇਕ ਹੋਰ ਉਮੀਦਵਾਰ ਨੇ ਪਹਿਲਾਂ ਆਪਣਾ ਘਰ ਭਰਨ ਤੱਕ ਦੀ ਗੱਲ ਕਹੀ। ਇੰਨ੍ਹਾਂ ਹੀ ਨਹੀਂ , ਵਿਰੋਧੀ ਧਿਰ ਦੇ ਇਕ ਹੋਰ ਉਮੀਦਵਾਰ ਨੇ ਤਾਂ 50 ਵੋਟਾਂ 'ਤੇ ਇਕ ਨੌਕਰੀ ਦੇਣ ਤੱਕ ਦਾ ਐਲਾਨ ਕੀਤਾ ਸੀ। ਉਨ੍ਹਾਂ ਦੀ ਇਹ ਸੋਚ ਸੁਸਾਸ਼ਨ ਦੀ ਸੋਚ ਨਈਂ, ਸਗੋਂ ਭ੍ਰਿਸ਼ਟਾਚਾਰ ਨੂੰ ਵਧਾਉਣ ਵਾਲੀ ਸੋਚ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਚੋਣ ਨਤੀਜਿਆਂ ਤੋਂ ਪਹਿਲਾਂ ਉਨ੍ਹਾਂ ਨੇ ਨੌਜੁਆਨਾਂ ਨਾਲ ਵਾਦਾ ਕੀਤਾ ਸੀ ਕਿ ਉਹ 25 ਹਜਾਰ ਨੌਜੁਆਨਾਂ ਨੂੰ ਪਹਿਲਾਂ ਸਰਕਾਰੀ ਨੌਕਰੀ ਜੁਆਇੰਨ ਕਰਵਾਉਣਗੇ, ਉਨ੍ਹਾਂ ਦੇ ਬਾਅਦ ਖੁਦ ਸੁੰਹ ਗ੍ਰਹਿਣ ਕਰਣਗੇ ਅਤੇ ਆਪਣੇ ਇਸ ਵਾਦੇ ਨੂੰ ਉਨ੍ਹਾਂ ਨੇ ਪੂਰਾ ਕਰ ਕੇ ਦਿਖਾਇਆ। ਉਨ੍ਹਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਗਾਰੰਟੀਆਂ 'ਤੇ ਆਪਣੇ ਸਮਰਥਨ ਦੀ ਮੋਹਰ ਲਗਾ ਕੇ ਸੁਸਾਸ਼ਨ ਦੀ ਸਰਕਾਰ ਨੂੰ ਬਰਕਰਾਰ ਰੱਖਣ ਲਈ ਹਰਿਆਣਾ ਦੀ ਜਨਤਾ ਦਾ ਧੰਨਵਾਦ ਕੀਤਾ। ਉਨ੍ਹਾਂ ਨੇ ਕਿਹਾ ਕਿ ਪਿਛਲੇ 10 ਸਾਲਾਂ ਵਿਚ ਕੀਤੀ ਗਈ ਸੁਸਾਸ਼ਨ ਦੀ ਇਹ ਪਹਿਲਾਂ ਪ੍ਰਮਾਣ ਹੈ ਕਿ ਸੁਸਾਸ਼ਨ ਸਾਡੇ ਲਈ ਸਿਰਫ ਨਾਰਾ ਨਹੀਂ, ਸਗੋਂ ਵਿਕਸਿਤ ਹਰਿਆਣਾ-ਵਿਕਸਿਤ ਭਾਰਤ ਦੀ ਆਤਮਾ ਹੈ।

ਇਸ ਮੌਕੇ 'ਤੇ ਮੁੱਖ ਸਕੱਤਰ ਡਾ. ਵਿਵੇਕ ਜੋਸ਼ੀ ਨੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਮੁੱਖ ਮੰਤਰੀ ਦੀ ਅਗਵਾਈ ਹੇਠ ਸਰਕਾਰ ਲਗਾਤਾਰ ਸੁਸਾਸ਼ਨ ਦੀ ਪਹਿਲ ਕਰ ਰਹੀ ਹੈ। ਆਮਜਨਤਾ ਵੱਲੋਂ ਸ਼ਿਕਾਇਤਾਂ ਦਰਜ ਕਰਵਾਉਣ ਅਤੇ ਉਨ੍ਹਾਂ ਦੇ ਤੁਰੰਤ ਹੱਲ ਲਈ ਸੀਐਮ ਵਿੰਡੋਂ ਦੀ ਗੱਲ ਹੋਵੇ, ਸਮੇਂ 'ਤੇ ਕੰਮ ਨਾ ਹੋਣ 'ਤੇ ਖੁਦ ਅਪੀਲ ਲਈ ਆਟੋ ਅਪੀਲ ਸਾਫਟਵੇਅਰ ਦੀ ਲਾਂਚਿੰਗ ਹੋਵੇ, ਜਾਂ ਫਿਰ ਕਿਸਾਨ ਨੂੰ ਬਿਜਾਈ ਤੋਂ ਲੈ ਕੇ ਫਸਲ ਵੇਚਣ ਤੱਕ ਦੀ ਸਹੂਲਤ ਸਿੰਗਲ ਪਲੇਟਫਾਰਮ 'ਤੇ ਪ੍ਰਦਾਨ ਕਰਨ ਦੇ ਉਦੇਸ਼ ਨਾਲ ਮੇਰੀ ਫਸਲ ਮੇਰਾ ਬਿਊਰਾ ਪੋਰਟਲ ਦੀ ਸ਼ੁਰੂਆਤ ਕਰਨਾ ਹੋਵੇ, ਰਾਜ ਸਰਕਾਰ ਨੇ ਅਜਿਹੀ ਅਨੇਕ ਪਹਿਲ ਕੀਤੀ ਹੈ, ਜਿਨ੍ਹਾਂ ਦੇਰਾਹੀਂ ਸਮਾਜ ਦੇ ਹਰ ਵਰਗ ਨਾਲ ਜੁੜੇ ਲੋਕਾਂ ਦਾ ਜੀਵਨ ਅਸਾਨ ਹੋਇਆ ਹੈ।

# ਪ੍ਰਸਿੱਧ ਸੂਫੀ ਗਾਇਕ ਡਾ: ਸਤਿੰਦਰ ਸਰਤਾਜ ਦਾ ਲਾਈਵ ਕੰਸਰਟ 31 ਦਸੰਬਰ ਨੂੰ



**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾ: ਸਤਿੰਦਰ ਸਰਤਾਜ ਸੱਚਮੁੱਚ ਇੱਕ ਬਹੁਮੁਖੀ ਕਲਾਕਾਰ ਹੈ ਜਿਸ ਨੇ ਵੱਖ-ਵੱਖ ਕਲਾਤਮਕ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਭਾਵ ਪਾਇਆ ਹੈ। ਇੱਕ ਗਾਇਕ, ਗੀਤਕਾਰ, ਸੰਗੀਤਕਾਰ ਅਤੇ ਅਭਿਨੇਤਾ ਦੇ ਰੂਪ ਵਿੱਚ, ਉਸਨੇ ਆਪਣੀ ਅਸਾਧਾਰਣ ਪ੍ਰਤਿਭਾ ਅਤੇ ਮਨਮੋਹਕ ਅਦਾਕਾਰੀ ਲਈ ਅੰਤਰਰਾਸ਼ਟਰੀ ਪਛਾਣ ਪ੍ਰਾਪਤ ਕੀਤੀ ਹੈ।

ਇਸ ਨਵੇਂ ਸਾਲ ਦੀ ਸ਼ੁਰੂਆਤ ਨੂੰ ਇੱਕ ਜਾਦੂਈ, ਯਾਦਗਾਰੀ ਅਨੁਭਵ ਵਿੱਚ ਬਦਲਣ ਲਈ, ਪ੍ਰਸਿੱਧ ਸੂਫੀ ਗਾਇਕ ਡਾ. ਸਤਿੰਦਰ ਸਰਤਾਜ ਤੁਹਾਨੂੰ ਇੱਕ ਵਿਸ਼ੇਸ਼ ਲਾਈਵ ਕੰਸਰਟ ਮਹਿਫਿਲ-ਏ-ਸਰਤਾਜ ਦਾ ਹਿੱਸਾ ਬਣਨ ਲਈ ਸੱਦਾ ਦਿੰਦੇ ਹਨ। ਇਹ ਸ਼ਾਨਦਾਰ ਸਮਾਗਮ 31 ਦਸੰਬਰ 2024 ਨੂੰ ਰਾਤ 9 ਵਜੇ ਤੋਂ ਇੰਡੀਆ ਟਰੇਡ ਟਾਵਰ – ਓਮੈਕਸ ਨਿਊ ਚੰਡੀਗੜ੍ਹ ਵਿਖੇ ਆਯੋਜਿਤ ਕੀਤਾ ਜਾਵੇਗਾ। ਇਸ ਯਾਦਗਾਰੀ ਸ਼ਾਮ ਨੂੰ ਯਾਦਗਾਰੀ ਬਣਾਉਣ ਲਈ; ਇਹ ਮਹਿਫ਼ਿਲ-ਏ-ਸਰਤਾਜ ਸਮਾਗਮ ਸੰਗੀਤ ਪ੍ਰੇਮੀਆਂ ਲਈ ਡਾ: ਸਤਿੰਦਰ ਸਰਤਾਜ ਦੇ ਜਾਦੂਈ ਅਤੇ ਦਿਲ ਨੂੰ ਛੂਹ ਲੈਣ ਵਾਲੇ ਗੀਤਾਂ ਦਾ ਆਨੰਦ ਲੈਣ ਦਾ ਇੱਕ ਸ਼ਾਨਦਾਰ ਮੌਕਾ ਹੈ।

# ਸੋਨੀਪਤ ਵਿੱਚ ਭੂਚਾਲ ਦੇ ਝਟਕੇ

**ਸੋਨੀਪਤ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕੌਮੀ ਭੂਚਾਲ ਵਿਗਿਆਨ ਕੇਂਦਰ (ਐੱਨ.ਸੀ.ਐੱਸ.) ਨੇ ਦੱਸਿਆ ਕਿ ਵੀਰਵਾਰ ਨੂੰ ਹਰਿਆਣਾ ਦੇ ਸੋਨੀਪਤ 'ਚ ਰਿਕਟਰ ਪੈਮਾਨੇ 'ਤੇ 2.6 ਦੀ ਤੀਬਰਤਾ ਨਾਲ ਭੂਚਾਲ ਆਇਆ। ਭਾਰਤੀ ਸਮੇਂ ਅਨੁਸਾਰ ਭੂਚਾਰ ਸਵੇਰੇ 09:42 ਵਜੇ ਆਇਆ ਜਿਸ ਦਾ ਕੇਂਦਰ 28.82 ਡਿਗਰੀ ਉੱਤਰ ਅਕਸ਼ਾਂਸ਼ ਅਤੇ ਲੰਬਕਾਰ 76.90 ਡਿਗਰੀ 'ਤੇ 10 ਕਿਲੋਮੀਟਰ ਦੀ ਡੂੰਘਾਈ 'ਤੇ ਰਿਕਾਰਡ ਕੀਤਾ ਗਿਆ।ਇਸ ਤੋਂ ਪਹਿਲਾਂ ਬੀਤੇ ਦਿਨ ਦੁਪਹਿਰ ਸਮੇਂ ਹਰਿਆਣਾ ਦੇ ਰੋਹਤਕ, ਸੋਨੀਪਤ ਅਤੇ ਪਾਣੀਪਤ ਵਿੱਚ ਤੇਜ਼ ਝਟਕੇ ਮਹਿਸੂਸ ਕੀਤੇ ਗਏ ਸਨ। ਇਸ ਦੌਰਾਨ ਲੋਕ ਆਪਣੇ ਘਰਾਂ ਤੋਂ ਬਾਹਰ ਨਿੱਕਲ ਆਏ ਸਨ। ਕੌਮੀ ਸੀਸਮੋਲਜੀ ਵਿਭਾਗ ਅਨੁਸਾਰ ਭੂਚਾਰਲ ਦੀ ਤੀਬਰਤਾ 3.5 ਰਹੀ ਸੀ।

# ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਲੰਗਰ



**ਸ਼ਾਹਬਾਦ ਮਾਰਕੰਡਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜੋਰਾਵਾਰ ਸਿੰਘ, ਬਾਬਾ ਫ਼ਤਹਿ ਸਿੰਘ ਤੇ ਮਾਤਾ ਗੁਜਰ ਕੌਰ ਦੇ ਬਲੀਦਾਨ ਦੀ ਯਾਦ ਵਿਚ ਲਾਡਵਾ ਸ਼ਾਹਬਾਦ ਰੋਡ 'ਤੇ ਸੁਜਰਾ ਬੱਸ ਅੱਡੇ 'ਤੇ ਗੁਰਦੁਆਰਾ ਸ੍ਰੀ ਮੰਡੋਖਰਾ ਸਾਹਿਬ ਪਾਤਸ਼ਾਹੀ ਨੌਵੀ ਵੱਲੋਂ ਰਾਹਗੀਰਾਂ ਲਈ ਲੰਗਰ ਲਾਇਆ ਗਿਆ। ਇਸ ਮੌਕੇ ਗੁਰਦੁਆਰੇ ਦੇ ਮੁੱਖ ਸੇਵਾਦਾਰ ਬਾਬਾ ਸੁਰਿੰਦਰ ਸਿੰਘ ਨੇ ਖੁਦ ਸੇਵਾਦਾਰਾਂ ਨਾਲ ਸੇਵਾ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਜੀ ਦੇ ਸਾਹਿਬਜ਼ਾਦਿਆਂ ਤੋਂ ਪ੍ਰੇਰਨਾ ਲੈ ਕੇ ਸਾਨੂੰ ਆਪਣੇ ਬੱਚਿਆਂ ਨੂੰ ਗੁਰਦੁਆਰਾ ਫ਼ਤਹਿਗੜ੍ਹ ਸਾਹਿਬ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਮਾਣਮੱਤੇ ਇਤਿਹਾਸ ਤੋਂ ਜਾਣੂੰ ਹੋਣ। ਇਸ ਮੌਕੇ ਕਾਫ਼ੀ ਗਿਣਤੀ ਵਿੱਚ ਬੱਚੇ ਅਤੇ ਉਨ੍ਹਾਂ ਦੇ ਮਾਪੇ ਹਾਜ਼ਰ ਸਨ। ਇਸ ਮੌਕੇ ਅਮਰਿੰਦਰ ਸਿੰਘ ਸ਼ਿਕਾਗੋ ਅਮਰੀਕਾ, ਹਰਪ੍ਰੀਤ ਸਿੰਘ ਚੀਮਾ, ਬਲਕਾਰ ਸਿੰਘ, ਬਲਬੀਰ ਸਿੰਘ, ਗੁਰਸੇਵਕ ਸਿੰਘ, ਗੁਰਵਿੰਦਰ ਸਿੰਘ, ਅਵਤਾਰ ਸਿੰਘ, ਮਨਪ੍ਰੀਤ ਸਿੰਘ, ਹਰਭਜਨ ਸਿੰਘ, ਰੋਸ਼ਨ ਲਾਲ, ਜਰਨੈਲ ਸਿੰਘ, ਸੁਰਜੀਤ ਸਿੰਘ, ਜਗਦੇਵ ਸਿੰਘ ਹਾਜ਼ਰ ਸਨ।

# ਹਰਿਆਣਾ ਗੁਰਦੁਆਰਾ ਕਮੇਟੀ ਦੇ ਉਮੀਦਵਾਰ ਸਬੰਧੀ ਮੀਟਿੰਗ ਬੇਸਿੱਟਾ



**ਫਰੀਦਾਬਾਦ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲਈ ਫਰੀਦਾਬਾਦ ਦੇ ਸੈਂਟਰਲ ਗਰੀਨ ਦੇ ਦਰਬਾਰ ਸਾਹਿਬ ਗੁਰਦੁਆਰੇ ਵਿੱਚ ਅੱਜ ਵੱਖ-ਵੱਖ ਸਥਾਨਕ ਸਿੱਖ ਆਗੂਆਂ ਦੀ ਦਿੱਲੀ ਦੇ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਪਰਮਜੀਤ ਸਿੰਘ ਸਰਨਾ ਅਤੇ ਮਨਜੀਤ ਸਿੰਘ ਜੀਕੇ ਨਾਲ ਉਹ ਮੀਟਿੰਗ ਬੇਸਿੱਟਾ ਰਹੀ ਜਿਸ ਵਿੱਚ ਇੱਕ ਉਮੀਦਵਾਰ 'ਤੇ ਸਹਿਮਤੀ ਬਣਾਉਣ ਦੀ ਕਥਿਤ ਕੋਸ਼ਿਸ਼ ਕੀਤੀ ਜਾ ਰਹੀ ਸੀ।

ਸਿੱਖ ਆਗੂਆਂ ਵੱਲੋਂ ਇੱਕ ਉਮੀਦਵਾਰ ਨੂੰ ਪ੍ਰਮੋਟ ਕਰਨ ਨੂੰ ਲੈ ਕੇ ਇਤਰਾਜ਼ ਉਠਾਇਆ ਗਿਆ ਅਤੇ ਹੋਰ ਸੰਭਾਵੀ ਉਮੀਦਵਾਰਾਂ ਨੂੰ ਇਸ ਮੀਟਿੰਗ ਵਿੱਚ ਬੁਲਾਉਣ ਜਾਂ ਸੰਭਾਵੀ ਉਮੀਦਵਾਰਾਂ ਵੱਲੋਂ ਹਾਜ਼ਰ ਨਾ ਹੋਣ ਦਾ ਮੁੱਦਾ ਉਭਰਨ ਕਰਕੇ ਇਹ ਮੀਟਿੰਗ ਬੇਸਿੱਟਾ ਰਹੀ। ਮੀਟਿੰਗ ਦੌਰਾਨ ਸੈਕਟਰ 15 ਸਿੰਘ ਸਭਾ ਦੇ ਅਮਰਜੀਤ ਸਿੰਘ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਫਰੀਦਾਬਾਦ ਤੋਂ ਮੌਜੂਦਾ ਮੈਂਬਰ ਸ੍ਰੀਮਤੀ ਰਾਣਾ ਕੌਰ ਭੱਟੀ ਸਣੇ ਹੋਰ ਆਗੂਆਂ ਨੇ ਮੀਟਿੰਗ ਦੇ ਏਜੰਡੇ ਨੂੰ ਲੈ ਕੇ ਹੀ ਸਵਾਲ ਉਠਾ ਦਿੱਤੇ। ਇਸ ਦੌਰਾਨ ਅਮਰਜੀਤ ਸਿੰਘ ਨੇ ਕਿਹਾ ਇੱਕ ਉਮੀਦਵਾਰ ਖ਼ੁਦ ਨੂੰ ਸਾਂਝਾ ਉਮੀਦਵਾਰ ਐਲਾਨ ਕਰਵਾਉਣਾ ਚਾਹੁੰਦਾ ਹੈ ਅਤੇ ਇਹ ਇਕੱਠ ਇਕ ਪਾਸੜ ਹੋਣ ਤੋਂ ਰੋਕਿਆ ਗਿਆ।

ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਪੰਚਾਇਣ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਖ਼ਾਲਸਾ ਦੇ ਸਮਰਥਕਾਂ ਨੇ ਵੀ ਇਸ ਮੀਟਿੰਗ 'ਤੇ ਇਤਰਾਜ਼ ਪ੍ਰਗਟਾਇਆ। ਉਧਰ, ਸੰਭਾਵੀ ਉਮੀਦਵਾਰ ਰਵਿੰਦਰ ਸਿੰਘ ਰਾਣਾ ਨੇ ਕਿਹਾ ਕਿ ਅਗਲੀ ਮੀਟਿੰਗ ਫਿਰ ਕੀਤੀ ਜਾਵੇਗੀ। ਉਨ੍ਹਾਂ ਮੀਟਿੰਗ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਧੰਨਵਾਦ ਕੀਤਾ। ਇਸ ਮੌਕੇ ਹੋਰ ਸਥਾਨਕ ਆਗੂ ਵੀ ਮੀਟਿੰਗ ਵਿੱਚ ਸ਼ਾਮਲ ਹੋਏ।

# ਗੁਜਰਾਤ ਦੇ ਰਾਜਪਾਲ ਤੇਜਾਖੇੜਾ ਫਾਰਮ ਪੁੱਜੇ



**ਡੱਬਵਾਲੀ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਓਮ ਪ੍ਰਕਾਸ਼ ਚੌਟਾਲਾ ਦੇ ਪਰਿਵਾਰ ਨਾਲ ਦੁੱਖ ਵੰਡਾਉਣ ਲਈ ਦੇਸ਼-ਵਿਦੇਸ਼ ਤੋਂ ਸ਼ਖ਼ਸੀਅਤਾਂ ਤੇਜਾਖੇੜਾ ਫਾਰਮ ਪੁੱਜ ਰਹੀਆਂ ਹਨ। ਅੱਜ ਗੁਜਰਾਤ ਦੇ ਰਾਜਪਾਲ ਅਚਾਰਿਆ ਦੇਵਵ੍ਰ, ਸੁਪਰੀਮ ਕੋਰਟ ਦੇ ਜਸਟਿਸ ਸੂਰਿਆਕਾਂਤ, ਜਸਟਿਸ ਅਬਦੁੱਲ ਮਾਜਿਦ, ਜਰਮਨੀ ਦੇ ਸੰਸਦ ਮੈਂਬਰ ਰਾਹੁਲ ਕੰਬੋਜ, ਸੰਸਦ ਮੈਂਬਰ ਕਿਰਨ ਚੌਧਰੀ, ਮੰਤਰੀ ਸ਼ਰੁਤੀ ਚੌਧਰੀ, ਸੰਸਦ ਮੈਂਬਰ ਜੈਪ੍ਰਕਾਸ਼ ਜੇਪੀ, ਸੰਸਦ ਮੈਂਬਰ ਸੁਸ਼ੀਲ ਗੁਪਤਾ, ਐੱਨਸੀ ਵਧਵਾ, ਹਰਿਆਣਾ ਸਾਹਿਤ ਤੇ ਸੰਸਕ੍ਰਿਤੀ ਅਕਾਦਮੀ (ਪੰਜਾਬੀ) ਦੇ ਨਿਰਦੇਸ਼ਕ ਹਰਪਾਲ ਸਿੰਘ ਚੀਕਾ, ਕੈਪਟਨ ਅਜੈ ਸਿੰਘ ਯਾਦਵ ਪੁੱਜੇ। ਇਨ੍ਹਾਂ ਸਾਬਕਾ ਮੁੱਖ ਮੰਤਰੀ ਮਰਹੂਮ ਚੌਟਾਲਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਅਤੇ ਇਨੈਲੋ ਆਗੂ ਅਭੈ ਸਿੰਘ ਚੌਟਾਲਾ, ਅਜੈ ਸਿੰਘ ਚੌਟਾਲਾ, ਸਾਬਕਾ ਮੰਤਰੀ ਚੌਧਰੀ ਰਣਜੀਤ ਸਿੰਘ ਚੌਟਾਲਾ, ਵਿਧਾਇਕ ਅਦਿੱਤਿਆ ਦੇਵੀ ਲਾਲ, ਸਾਬਕਾ ਉਪ ਮੁੱਖ ਮੰਤਰੀ ਦੁਸ਼ਯੰਤ ਚੌਟਾਲਾ, ਦਿਗਵਿਜੈ ਚੌਟਾਲਾ, ਵਿਧਾਇਕ ਅਰਜੁਨ ਸਿੰਘ ਚੌਟਾਲਾ ਨਾਲ ਮੁਲਾਕਾਤ ਕਰ ਕੇ ਦੁੱਖ ਦਾ ਪ੍ਰਗਟਾਵਾ ਕੀਤਾ। ਇਸ ਤੋਂ ਇਲਾਵਾ ਜੇਡੀਯੂ ਦੇ ਸੀਨੀਅਰ ਆਗੂ ਕੇਸੀ ਤਿਆਗੀ, ਸਾਬਕਾ ਮੰਤਰੀ ਮੂਲਚੰਦ ਸ਼ਰਮਾ, ਅਸੰਧ ਦੇ ਵਿਧਾਇਕ ਸ਼ਮਸ਼ੇਰ ਗੋਗੀ, ਵਿਧਾਇਕ ਸੁਨੀਲ ਸਾਂਗਵਾਨ, ਵਿਧਾਇਕ ਉਮੇਦ ਪਾਤੂਵਾਸ, ਰਾਹੁਲ ਸੇਤੀਆ, ਚਿਰੰਜੀਵੀ ਰਾਓ, ਸੁਭਾਸ਼ ਬੱਤਰਾ, ਰਾਧਾ ਸਵਾਮੀ ਦਿਨੋਦ ਆਸ਼ਰਮ ਦੇ ਸੰਤ ਮਾਸਟਰ ਕੰਵਰ ਸਿੰਘ, ਕਿਸਾਨ ਆਗੂ ਗੁਰਨਾਮ ਸਿੰਘ ਚੜੂਨੀ ਨੇ ਮਰਹੂਮ ਚੌਟਾਲਾ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ।

# ਏਲਨਾਬਾਦ ਦੀਆਂ ਗਲੀਆਂ 'ਚ ਭਰਿਆ ਸੀਵਰੇਜ ਦਾ ਪਾਣੀ



**ਏਲਨਾਬਾਦ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਥੇ ਸਿਰਸਾ ਰੋਡ 'ਤੇ ਸਥਿਤ ਵਾਰਡ ਨੰਬਰ 14 ਵਿੱਚ ਸੀਵਰੇਜ ਓਵਰਫਲੋਅ ਹੋਣ ਕਾਰਨ ਪਿਛਲੇ ਚਾਰ ਦਿਨ ਤੋਂ ਗਲੀਆਂ ਵਿੱਚ ਪਾਣੀ ਭਰਿਆ ਪਿਆ ਹੈ। ਸਬੰਧਤ ਵਿਭਾਗ ਦੇ ਅਧਿਕਾਰੀਆਂ ਨੂੰ ਵਾਰ-ਵਾਰ ਕਹਿਣ ਦੇ ਬਾਵਜੂਦ ਲੋਕਾਂ ਦੀ ਸਮੱਸਿਆ ਦਾ ਹੱਲ ਨਹੀਂ ਹੋ ਰਿਹਾ। ਵਾਰਡ ਵਾਸੀਆਂ ਸੰਜੇ ਕੁਮਾਰ, ਪੁਸ਼ਪਾ ਰਾਣੀ, ਕੁਲਦੀਪ ਸਿੰਘ, ਰਾਜਿੰਦਰ ਪ੍ਰਸ਼ਾਦ, ਨੀਤੂ ਰਾਣੀ ਆਦਿ ਨੇ ਦੱਸਿਆ ਕਿ ਪਿਛਲੇ ਚਾਰ ਦਿਨ ਤੋਂ ਆਨੰਦਪੁਰ ਸਤਿਸੰਗ ਭਵਨ ਵਾਲੀ ਗਲੀ ਅਤੇ ਇਸਦੇ ਨਾਲ ਵਾਲੀ ਗਲੀ ਵਿੱਚ ਸੀਵਰੇਜ ਦਾ ਗੰਦਾ ਪਾਣੀ ਭਰਿਆ ਹੋਇਆ ਹੈ, ਜਿਸ ਕਾਰਨ ਉਨ੍ਹਾਂ ਨੂੰ ਆਪਣੇ ਘਰਾਂ ਵਿੱਚ ਰਹਿਣਾ ਵੀ ਮੁਸ਼ਕਲ ਹੋ ਗਿਆ ਹੈ। ਵਾਰਡ ਵਾਸੀਆਂ ਨੇ ਦੱਸਿਆ ਕਿ ਸਕੂਲ ਜਾਣ ਵਾਲੇ ਬੱਚਿਆਂ ਨੂੰ ਵੀ ਇਸ ਗੰਦੇ ਪਾਣੀ ਵਿੱਚੋਂ ਲੰਘ ਕੇ ਸਕੂਲ ਜਾਣਾ ਪੈ ਰਿਹਾ ਹੈ। ਲੋਕਾਂ ਨੇ ਆਖਿਆ ਕਿ ਇਸ ਸਮੇਂ ਸ਼ਹਿਰ ਵਿੱਚ ਡੇਂਗੂ ਦਾ ਪ੍ਰਕੋਪ ਚੱਲ ਰਿਹਾ ਹੈ ਅਤੇ ਸਰਕਾਰੀ ਆਦੇਸ਼ ਅਨੁਸਾਰ ਵੀ ਘਰਾਂ ਦੇ ਆਸਪਾਸ ਸਫ਼ਾਈ ਦਾ ਹੋਣਾ ਅਤਿ ਜ਼ਰੂਰੀ ਹੈ ਤਾਂ ਕਿ ਮੱਛਰ ਨਾ ਫੈਲ ਸਕੇ ਪਰ ਇਹ ਦੂਸ਼ਿਤ ਪਾਣੀ ਬਿਮਾਰੀਆਂ ਨੂੰ ਸੱਦਾ ਦੇ ਰਿਹਾ ਹੈ ਅਤੇ ਲੋਕ ਇੱਥੇ ਨਰਕ ਭਰੀ ਜ਼ਿੰਦਗੀ ਜਿਊਣ ਲਈ ਮਜਬੂਰ ਹੋ ਰਹੇ ਹਨ। ਲੋਕਾਂ ਨੇ ਦੱਸਿਆ ਕਿ ਇਸ ਸਮੱਸਿਆ ਦੇ ਹੱਲ ਲਈ ਉਹ ਵਿਭਾਗ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਲਿਖ਼ਤੀ ਰੂਪ ਵਿੱਚ ਕਹਿ ਚੁੱਕੇ ਹਨ ਪਰ ਕੋਈ ਸੁਣਵਾਈ ਨਹੀਂ ਹੋਈ। ਲੋਕਾਂ ਨੇ ਇਸ ਸਮੱਸਿਆ ਦੇ ਜਲਦੀ ਤੋਂ ਜਲਦੀ ਹੱਲ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇ ਅਜੇ ਵੀ ਕਿਧਰੇ ਸੁਣਵਾਈ ਨਹੀਂ ਹੋਈ ਤਾਂ ਉਹ ਜਾਮ ਲਾਉਣਗੇ।

ਜੇਈ ਦੀਪਕ ਕੁਮਾਰ ਨੇ ਕਿਹਾ ਕਿ ਇੱਥੇ ਸੀਵਰੇਜ ਸਿਸਟਮ ਜਾਮ ਹੈ। ਠੇਕੇਦਾਰ ਦੀ ਮਸ਼ੀਨ ਖ਼ਰਾਬ ਹੋਣ ਕਾਰਨ ਸੀਵਰ ਦੀ ਸਫ਼ਾਈ ਨਹੀਂ ਹੋ ਸਕੀ। ਅੱਜ ਸ਼ਾਮ ਤੱਕ ਮਸ਼ੀਨ ਠੀਕ ਹੋ ਕੇ ਆ ਜਾਵੇਗੀ ਅਤੇ ਸੀਵਰ ਦੀ ਸਫ਼ਾਈ ਕਰਵਾ ਦਿੱਤੀ ਜਾਵੇਗੀ।

# ਵਿਦਿਆਰਥੀਆਂ ਦੇ ਗਣਿਤ ਦਿਵਸ ਨੂੰ ਸਮਰਪਿਤ ਮੁਕਾਬਲੇ




**ਸ਼ਾਹਬਾਦ ਮਾਰਕੰਡਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਡੀਏਵੀ ਸੈਨੇਟਰੀ ਪਬਲਿਕ ਸਕੂਲ 'ਚ ਗਣਿਤ ਦਿਵਸ ਸਬੰਧੀ ਪ੍ਰਸ਼ਨੋਤਰੀ ਦਾ ਪ੍ਰਬੰਧ ਕੀਤਾ ਗਿਆ।

ਦਇਆ ਨੰਦ ਸਦਨ ਵਿਚ ਅਕਸ਼ੇ, ਹਾਰਦਿਕ ਤੇ ਅਕਸ਼ਿਤਾ ਸਾਂਗਵਾਨ ਦੀ ਐਲਜਬਰਾ ਟੀਮ, ਹੰਸ ਰਾਜ ਸਦਨ ਦੀ ਟੀਮ ਵਿੱਚ ਏਕਮਪ੍ਰੀਤ, ਅਨੁਸ਼ਕਾ ਤੇ ਸਾਈਨਾ ਦੀ ਟੀਮ, ਵਿਰਜਾ ਨੰਦ ਸਦਨ ਦੀ ਟੀਮ ਵਿਚ ਮੋਹਿਤ, ਰਿਤੇਸ਼, ਸਿਧਾਰਥ, ਅਨੰਦ ਸਦਨ ਦੀ ਟੀਮ ਵਿਚ ਨੀਤਿਮਾ, ਪਿਯੂਸ਼ ਤੇ ਵੈਭਵੀ ਨੇ ਹਿੱਸਾ ਲਿਆ।

ਇਸ ਤੋਂ ਪਹਿਲਾਂ ਸਕੂਲ ਦੇ ਪ੍ਰਿੰਸੀਪਲ ਜੀਵਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਗਣਿਤ ਦਿਵਸ ਮਨਾਏ ਜਾਣ ਦੇ ਇਤਿਹਾਸ ਬਾਰੇ ਚਾਨਣਾ ਪਾਉਂਦੇ ਹੋਏ ਕਿਹਾ ਕਿ ਐਸ ਰਾਮਾਜੁਨਮ ਦਾ ਜਨਮ 22 ਦਸੰਬਰ 1887 ਨੂੰ ਹੋਇਆ ਸੀ। ਉਨ੍ਹਾਂ ਦੇ ਜਨਮ ਦਿਨ ਨੂੰ ਮਨਮੋਹਨ ਸਿੰਘ ਦੀ ਸਰਕਾਰ ਨੇ ਸਾਲ 2012 ਨੂੰ ਕੌਮੀ ਗਣਿਤ ਦਿਵਸ ਦੇ ਰੂਪ ਵਿੱਚ ਮਨਾਉਣ ਦਾ ਐਲਾਨ ਕੀਤਾ ਸੀ। ਹਰ ਸਾਲ 22 ਦਸੰਬਰ ਨੂੰ ਇਹ ਦਿਨ ਕੌਮੀ ਗਣਿਤ ਦਿਵਸ ਦੇ ਰੂਪ ਵਿਚ ਮਨਾਇਆ ਜਾਂਦਾ ਹੈ। ਉਨਾਂ ਕਿਹਾ ਕਿ ਰਾਮਾਜੁਨਮ ਵਿਲਖੱਣ ਪ੍ਰਤਿਭਾ ਦੇ ਮਾਲਕ ਸਨ ਤੇ ਉਹ ਅੰਕਾਂ ਨਾਲ ਇਸ ਤਰ੍ਹਾਂ ਖੇਡਦੇ ਸਨ ਜਿਵੇਂ ਕੋਈ ਬੱਚਾ ਆਪਣੇ ਖਿਡੌਣਿਆਂ ਨਾਲ ਖੇਡਦਾ ਹੈ।

ਉਨ੍ਹਾਂ ਆਪਣੇ ਜੀਵਨ ਵਿੱਚ ਕਈ ਖੋਜ ਕਾਰਜ ਕੀਤੇ। ਉਨ੍ਹਾਂ ਨੇ 32 ਸਾਲ ਦੀ ਉਮਰ ਵਿਚ ਹੀ ਗਣਿਤ ਵਿੱਚ ਉਹ ਯੋਗਦਾਨ ਦਿੱਤਾ ਜਿਸ ਦੀ ਬਰਾਬਰੀ ਕੁਝ ਲੋਕ ਹੀ ਆਪਣੇ ਜੀਵਨ ਵਿਚ ਕਰ ਸਕਦੇ ਹਨ। ਇਸ ਮੁਕਾਬਲੇ ਦੇ ਜੇਤੂ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਆ ਗਿਆ।

ਇਸ ਮੌਕੇ ਗਣਿਤ ਵਿਭਾਗ ਦੀਆਂ ਆਧਿਆਪਕਾਵਾਂ, ਈਸ਼ਾ ਸ਼ਰਮਾ, ਡਿੰਪਲ ਡਾਵਰਾ, ਡਿੰਪਲ ਗਰਗ, ਖੁਸ਼ਬੂ, ਵੰਦਨਾ ਤੋਂ ਇਲਾਵਾ ਹੋਰ ਅਧਿਆਪਕਾਵਾਂ ਤੇ ਵਿਦਿਆਰਥੀ ਮੌਜੂਦ ਸਨ।

# ਕੈਂਪ ਦੌਰਾਨ 32 ਵਿਅਕਤੀਆਂ ਵੱਲੋਂ ਖ਼ੂਨਦਾਨ



**ਸ਼ਾਹਬਾਦ ਮਾਰਕੰਡਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਵ ਸਮਾਜ ਕਲਿਆਣ ਸੇਵਾ ਸਮਿਤੀ ਤੇ ਸ੍ਰੀ ਕ੍ਰਿਸ਼ਨ ਆਯੂਸ਼ ਯੂਨੀਵਰਸਿਟੀ ਦੀ ਸਾਂਝੀ ਅਗਵਾਈ ਹੇਠ ਯੂਨੀਵਰਸਿਟੀ ਦੇ ਆਯੁਰਵੇਦ ਅਧਿਐਨ ਤੇ ਖੋਜ ਸੰਸਥਾਨ ਵਿਖੇ ਮੁਨਸ਼ੀ ਲਾਲ ਸੈਣੀ ਦੀ ਯਾਦ ਵਿਚ ਖ਼ੂਨਦਾਨ ਕੈਂਪ ਲਾਇਆ ਗਿਆ।

ਇਸ ਮੌਕੇ 32 ਖ਼ੂਨਦਾਨੀਆਂ ਨੇ ਖ਼ੂਨ ਦਾਨ ਕੀਤਾ। ਕੈਂਪ ਵਿਚ ਸ੍ਰੀ ਕ੍ਰਿਸ਼ਨਾ ਆਯੂਸ਼ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੈਦ ਕਰਤਾਰ ਸਿੰਘ ਧੀਮਾਨ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ ਤੇ ਸਮਿਤੀ ਦੇ ਸੂਬਾ ਪ੍ਰਧਾਨ ਰਮੇਸ਼ਵਰ ਸੈਣੀ ਨੇ ਪ੍ਰਧਾਨਗੀ ਕੀਤੀ। ਮੁੱਖ ਮਹਿਮਾਨ ਨੇ ਖ਼ੂਨ ਦਾਨੀਆਂ ਦੀ ਹੌਸਲਾ ਅਫਜ਼ਾਈ ਕਰਦਿਆਂ ਸਰਦੀ ਦੇ ਮੌਸਮ ਵਿਚ ਖ਼ੂਨਦਾਨ ਦੀ ਮਹੱਤਤਾ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਖ਼ੂਨ ਦਾਨ ਕਰਨ ਵਾਲੇ ਵਿਅਕਤੀ ਪਿੱਤ, ਨਾਲ ਸਬੰਧਤ ਬਿਮਾਰੀਆਂ ਜਿਵੇਂ ਕਿ ਦਾਦ, ਖੁਜਲੀ, ਚੰਬਲ ਤੇ ਚਿੱਟੇ ਕੁਸ਼ਟ ਰੋਗ ਤੋਂ ਪੀੜਤ ਨਹੀਂ ਹੁੰਦੇ। ਉਨ੍ਹਾਂ ਖ਼ੂਨ ਦਾਨ ਨੂੰ ਮਹਾਂਦਾਨ ਦੱਸਿਆ। ਡਾ. ਰਜਿੰਦਰ ਚੌਧਰੀ ਨੇ ਦੱਸਿਆ ਕਿ ਵੈਸੇ ਤਾਂ ਖ਼ੂਨ ਦਾਨ ਨੂੰ ਮਹਾਂਦਾਨ ਦੱਸਿਆ ਗਿਆ ਹੈ ਪਰ ਸਰਦ ਰੁੱਤ ਵਿਚ ਖ਼ੂਨਦਾਨ ਕਰਨ 'ਤੇ ਸਿਹਤ ਨੂੰ ਬਹੁਤ ਲਾਭ ਮਿਲਦੇ ਹਨ।

ਇਸ ਦੌਰਾਨ ਮੁੱਖ ਮਹਿਮਾਨ ਵੈਦ ਕਰਤਾਰ ਸਿੰਘ ਧੀਮਾਨ ਨੇ ਖ਼ੂਨਦਾਨੀਆਂ ਦੇ ਬੈਜ ਲਾ ਕੇ ਉਨ੍ਹਾਂ ਦਾ ਸਨਮਾਨ ਕੀਤਾ। ਉਨ੍ਹਾਂ ਖ਼ੂਨਦਾਨੀਆਂ ਦਾ ਧੰਨਵਾਦ ਵੀ ਕੀਤਾ ਇਸ ਮੌਕੇ ਡਾ. ਸੁਰਿੰਦਰ ਸਹਿਰਾਵਤ, ਡਾ. ਅਰਵਿੰਦ ਕੁਮਾਰ, ਕਰਮਵੀਰ ਸੈਣੀ, ਤਰੁਣ ਵਧਵਾ, ਅਜੀਤ ਸੈਣੀ ਮੌਜੂਦ ਸਨ।

## ਦਸ ਕਰੋੜ ਦੀ ਫਿਰੌਤੀ ਮੰਗਣ ਵਾਲਿਆਂ ਦੀ ਭਾਲ ਸ਼ੁਰੂ

ਸਿਰਸਾ ਪੁਲੀਸ ਨੇ ਵਟਸਐਪ ਕਾਲ 'ਤੇ ਵਿਦੇਸ਼ ਤੋਂ 10 ਕਰੋੜ ਰੁਪਏ ਦੀ ਫਿਰੌਤੀ ਮੰਗਣ ਵਾਲੇ ਦੋ ਮੁਲਜ਼ਮਾਂ ਦੇ ਫ਼ੋਨਾਂ ਦੇ ਆਈਪੀ ਐਡਰੈੱਸ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਥਾਣਾ ਸਿਟੀ ਦੇ ਇੰਚਾਰਜ ਸੱਤਿਆਵਾਨ ਸ਼ਰਮਾ ਨੇ ਦੱਸਿਆ ਕਿ ਇਸ ਮਾਮਲੇ ਦੇ ਦੋ ਮੁਲਜ਼ਮ ਪਿੰਡ ਖਾਈ ਸ਼ੇਰਗੜ੍ਹ ਦੇ ਰਹਿਣ ਵਾਲੇ ਸੁਸ਼ੀਲ ਕੁਮਾਰ ਅਤੇ ਸਰਕੂਲਰ ਰੋਡ 'ਤੇ ਸਥਿਤ ਅਲਟਰਾਸਾਊਂਡ ਸੈਂਟਰ ਦੇ ਸੰਚਾਲਕ ਨੂੰ ਪਹਿਲਾਂ ਹੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ ਅਤੇ ਫਿਲਹਾਲ ਉਹ ਨਿਆਂਇਕ ਹਿਰਾਸਤ ਵਿੱਚ ਹਨ।

# ਖੇਤੀ ਮੰਤਰੀ ਦੀ ਰਿਹਾਇਸ਼ ਵੱਲ ਜਾਂਦੇ ਮੁਲਾਜ਼ਮ ਪੁਲਿਸ ਨੇ ਰੋਕੇ



**ਯਮੁਨਾਨਗਰ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮਿਉਂਸਿਪਲ ਕਰਮਚਾਰੀ ਸੰਘ ਹਰਿਆਣਾ ਵੱਲੋਂ 8 ਦਸੰਬਰ ਨੂੰ ਰਾਜ ਪੱਧਰੀ ਵਰਕਰ ਸੰਮੇਲਨ ਵਿੱਚ ਲਏ ਗਏ ਫੈਸਲਿਆਂ ਅਨੁਸਾਰ ਨਗਰ ਨਿਗਮ ਅਤੇ ਫਾਇਰ ਕਰਮਚਾਰੀ ਅਨਾਜ ਮੰਡੀ ਵਿੱਚ ਇਕੱਠੇ ਹੋਏ ਅਤੇ ਹਰਿਆਣਾ ਸਰਕਾਰ ਦੇ ਖੇਤੀ ਮੰਤਰੀ ਸ਼ਿਆਮ ਸਿੰਘ ਰਾਣਾ ਦੀ ਰਿਹਾਇਸ਼ 'ਤੇ ਲਟਕਦੀਆਂ ਮੰਗਾਂ ਦਾ ਮੰਗ ਪੱਤਰ ਸੌਂਪਿਆ । ਇਸ ਦੌਰਾਨ ਪੁਲੀਸ ਪ੍ਰਸ਼ਾਸਨ ਨੇ ਸੁਰੱਖਿਆ ਕਾਰਨਾਂ ਕਰਕੇ ਬੈਰੀਕੇਡ ਲਗਾ ਕੇ ਪ੍ਰਦਰਸ਼ਨਕਾਰੀਆਂ ਨੂੰ ਰਿਹਾਇਸ਼ ਅੱਗੇ ਰੋਕ ਲਿਆ। ਉਥੇ ਮੁਲਾਜ਼ਮਾਂ ਨੇ ਮੰਗਾਂ ਨੂੰ ਲੈ ਕੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ । ਖੇਤੀ ਮੰਤਰੀ ਮੌਕੇ 'ਤੇ ਹਾਜ਼ਰ ਨਾ ਹੋਣ ਕਾਰਨ ਉਨ੍ਹਾਂ ਦੇ ਪੁੱਤਰ ਨੇਪਾਲ ਸਿੰਘ ਨੇ ਮੁਲਾਜ਼ਮਾਂ ਤੋਂ ਮੰਗ ਪੱਤਰ ਲਿਆ ਅਤੇ ਉਨ੍ਹਾਂ ਦੀਆਂ ਮੰਗਾਂ ਸਰਕਾਰ ਤੱਕ ਪਹੁੰਚਾਉਣ ਦਾ ਭਰੋਸਾ ਦਿੱਤਾ।

ਮਿਉਂਸਿਪਲ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਾਂਗੇ ਰਾਮ ਤਿਗਰਾ ਅਤੇ ਫਾਇਰ ਐਸੋਸੀਏਸ਼ਨ ਦੇ ਚੀਫ਼ ਆਰਗੇਨਾਈਜ਼ਰ ਗੁਲਸ਼ਨ ਭਾਰਦਵਾਜ ਨੇ ਦੱਸਿਆ ਕਿ 7 ਅਗਸਤ ਨੂੰ ਐਸੋਸੀਏਸ਼ਨ ਵੱਲੋਂ ਮੁਲਾਜ਼ਮਾਂ ਦੀਆਂ ਲਟਕਦੀਆਂ ਮੰਗਾਂ 'ਤੇ ਵਿਚਾਰ ਕਰਨ ਲਈ ਬੈਠਕ ਬੁਲਾਈ ਗਈ ਸੀ। ਇਸ ਦੌਰਾਨ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਯੂਨੀਅਨ ਦੇ ਅਧਿਕਾਰੀਆਂ ਵਿਚਕਾਰ ਹੋਈ ਗੱਲਬਾਤ ਵਿੱਚ ਸਰਕਾਰ ਨੇ ਯੂਨੀਅਨ ਦੀਆਂ ਕੁਝ ਮੰਗਾਂ ਮੰਨ ਲਈਆਂ ਸਨ ਪਰ ਇਸ ਤੋਂ ਬਾਅਦ ਮੰਨੀਆਂ ਮੰਗਾਂ ਸਬੰਧੀ ਪੱਤਰ ਜਾਰੀ ਨਹੀਂ ਕੀਤਾ ਗਿਆ ਅਤੇ ਹੋਰ ਮੰਗਾਂ 'ਤੇ ਵੀ ਕੋਈ ਕਾਰਵਾਈ ਨਹੀਂ ਕੀਤੀ ਗਈ ਜਿਸ ਕਾਰਨ ਸੂਬੇ ਦੀਆਂ ਨਗਰ ਪਾਲਿਕਾਵਾਂ, ਕੌਂਸਲਾਂ, ਨਗਰ ਨਿਗਮਾਂ ਅਤੇ ਫਾਇਰ ਸਟੇਸ਼ਨਾਂ ਦੇ ਮੁਲਾਜ਼ਮਾਂ ਵਿੱਚ ਭਾਰੀ ਰੋਸ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਜੇ ਮੁਲਾਜ਼ਮਾਂ ਦੀਆਂ ਮੰਨੀਆਂ ਹੋਈਆਂ ਮੰਗਾਂ ਸਬੰਧੀ ਪੱਤਰ ਜਲਦੀ ਜਾਰੀ ਨਾ ਕੀਤਾ ਗਿਆ ਤਾਂ ਉਹ ਵੱਡੇ ਅੰਦੋਲਨ ਦਾ ਐਲਾਨ ਕਰਨ ਲਈ ਮਜਬੂਰ ਹੋਣਗੇ । ਫਾਇਰ ਯੂਨੀਅਨ ਦੇ ਆਗੂਆਂ ਸੰਤੋਸ਼ ਕੁਮਾਰ ਅਤੇ ਰਿੰਕੂ ਕੁਮਾਰ ਨੇ ਕਿਹਾ ਕਿ ਮੁੱਖ ਮੰਤਰੀ ਦੇ ਐਲਾਨ ਦੇ ਬਾਵਜੂਦ ਸਾਲਾਂ ਤੋਂ ਕੰਮ ਕਰ ਰਹੇ ਕੱਚੇ ਫਾਇਰ ਬ੍ਰਿਗੇਡ ਕਰਮਚਾਰੀਆਂ ਨੂੰ ਨੌਕਰੀ ਦੀ ਸੁਰੱਖਿਆ ਨਹੀਂ ਦਿੱਤੀ ਜਾ ਰਹੀ।

# ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਪਏ ਲਾਵਾਰਿਸ ਬੈਗ ਮਿਲਣ ਕਾਰਨ ਪੁਲਿਸ ਨੂੰ ਪਈ ਹੱਥਾਂ-ਪੈਰਾਂ ਦੀ



**ਅੰਬਾਲਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਬਾਲਾ ਕੈਂਟ ਦੇ ਰੇਲਵੇ ਸਟੇਸ਼ਨ 'ਤੇ ਲਾਵਾਰਿਸ ਬੈਗ ਪਿਆ ਹੋਣ ਦੀ ਖ਼ਬਰ ਨਾਲ ਪੁਲੀਸ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਪੁਲੀਸ ਨੂੰ ਸੂਚਨਾ ਮਿਲੀ ਸੀ ਕਿ ਕੈਂਟ ਰੇਲਵੇ ਸਟੇਸ਼ਨ 'ਤੇ ਪਾਰਸਲ ਦਫ਼ਤਰ ਦੇ ਬਾਹਰ ਇੱਕ ਲਾਵਾਰਿਸ ਬੈਗ ਪਿਆ ਹੈ। ਇਸ ਵਿੱਚ ਵਿਸਫੋਟਕ ਵੀ ਹੋ ਸਕਦਾ ਹੈ। ਸੂਚਨਾ ਮਿਲਦੇ ਹੀ ਜੀਆਰਪੀ ਸਣੇ ਬੰਬ ਨਿਰੋਧਕ ਦਸਤੇ ਦੀ ਟੀਮ ਅਤੇ ਆਰਪੀਐੱਫ ਦਾ ਦਸਤਾ ਮੌਕੇ 'ਤੇ ਪਹੁੰਚ ਗਿਆ। ਜਦੋਂ ਇਸ ਲਾਵਾਰਿਸ ਬੈਗ ਦੀ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ ਫਟੇ-ਪੁਰਾਣੇ ਕੱਪੜੇ ਮਿਲੇ ਜੋ ਕਿ ਮੌਕ ਡਰਿੱਲ ਤਹਿਤ ਬੈਗ ਵਿੱਚ ਰੱਖੇ ਗਏ ਸਨ।

ਦਰਅਸਲ ਸੁਰੱਖਿਆ ਏਜੰਸੀਆਂ ਨੇ ਕ੍ਰਿਸਮਸ ਅਤੇ ਨਵੇਂ ਸਾਲ ਲਈ ਮੌਕ ਡਰਿੱਲ ਦੀ ਯੋਜਨਾ ਤਿਆਰ ਕੀਤੀ ਸੀ। ਇਸ ਦਾ ਉਦੇਸ਼ ਯਾਤਰੀਆਂ ਵਿੱਚ ਸੁਰੱਖਿਆ ਦੀ ਭਾਵਨਾ ਜਗਾਉਣਾ ਅਤੇ ਉਨ੍ਹਾਂ ਨੂੰ ਇਹ ਦੱਸਣਾ ਸੀ ਕਿ ਕਿਵੇਂ ਚੌਕਸ ਰਹਿੰਦਿਆਂ ਕਿਸੇ ਵੱਡੀ ਘਟਨਾ ਨੂੰ ਟਾਲਿਆ ਜਾ ਸਕਦਾ ਹੈ। ਬਾਅਦ ਦੁਪਹਿਰ ਕਰੀਬ 2.30 ਵਜੇ ਸ਼ੁਰੂ ਹੋਈ ਮੌਕ ਡਰਿੱਲ ਬਾਅਦ ਦੁਪਹਿਰ 3.30 ਤੱਕ ਇੱਕ ਘੰਟਾ ਜਾਰੀ ਰਹੀ। ਇਸ ਦੌਰਾਨ ਬੰਬ ਨਿਰੋਧਕ ਦਸਤੇ ਅਤੇ ਡੌਗ ਸਕੁਐਡ ਦੀ ਮਦਦ ਨਾਲ ਰੇਲਵੇ ਸਟੇਸ਼ਨ ਦੇ ਅਹਾਤੇ, ਕਾਰ ਪਾਰਕਿੰਗ, ਪਾਰਸਲ, ਪਲੈਟਫਾਰਮ, ਰਿਟਾਇਰਿੰਗ ਰੂਮ, ਖਾਣ-ਪੀਣ ਦੇ ਸਟਾਲਾਂ ਦਾ ਨਿਰੀਖਣ ਕੀਤਾ ਗਿਆ।

ਅੰਬਾਲਾ ਕੈਂਟ ਰੇਲਵੇ ਸਟੇਸ਼ਨ 'ਤੇ ਮੌਕ ਡਰਿੱਲ ਦੀ ਇਹ ਪਹਿਲੀ ਕਾਰਵਾਈ ਨਹੀਂ ਹੈ। ਇਸ ਤੋਂ ਪਹਿਲਾਂ ਵੀ ਸੁਰੱਖਿਆ ਟੀਮਾਂ ਕਈ ਵਾਰ ਅਚਨਚੇਤ ਨਿਰੀਖਣ ਕਰ ਚੁੱਕੀਆਂ ਹਨ। ਅੱਜ ਦੀ ਕਾਰਵਾਈ ਬਾਰੇ ਜੀਆਰਪੀ ਥਾਣੇ ਦੇ ਮੁਖੀ ਧਰਮਬੀਰ ਸਿੰਘ ਨੇ ਦੱਸਿਆ ਕਿ ਨਵੇਂ ਸਾਲ ਅਤੇ ਕ੍ਰਿਸਮਸ ਨੂੰ ਮੁੱਖ ਰੱਖਦੇ ਹੋਏ ਕੈਂਟ ਰੇਲਵੇ ਸਟੇਸ਼ਨ 'ਤੇ ਮੌਕ ਡਰਿੱਲ ਕੀਤੀ ਗਈ। ਇਸ ਵਿੱਚ ਬੰਬ ਨਿਰੋਧਕ ਦਸਤੇ ਦੀ ਮਦਦ ਲਈ ਗਈ ਹੈ। ਇਸ ਦਾ ਉਦੇਸ਼ ਯਾਤਰੀਆਂ ਵਿੱਚ ਸੁਰੱਖਿਆ ਦੀ ਭਾਵਨਾ ਪੈਦਾ ਕਰਨਾ ਸੀ। ਇਸ ਦੌਰਾਨ ਯਾਤਰੀਆਂ ਨੂੰ ਅਪੀਲ ਕੀਤੀ ਗਈ ਕਿ ਆਸ-ਪਾਸ ਕੋਈ ਵੀ ਸ਼ੱਕੀ ਵਸਤੂ ਜਾਂ ਵਿਅਕਤੀ ਨਜ਼ਰ ਆਉਣ 'ਤੇ ਉਹ ਤੁਰੰਤ ਨਜ਼ਦੀਕੀ ਪੁਲੀਸ ਮੁਲਾਜ਼ਮਾਂ ਨੂੰ ਸੂਚਿਤ ਕਰਨ।

# ਲੁਟੇਰਾ ਗਰੋਹ ਦੇ ਚਾਰ ਮੈਂਬਰ ਕਾਬੂ

**ਕਾਲਾਂਵਾਲੀ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਪੀ ਡੱਬਵਾਲੀ ਸਿਧਾਂਤ ਜੈਨ ਆਈਪੀਐੱਸ ਨੇ ਦੱਸਿਆ ਕਿ ਜ਼ਿਲ੍ਹਾ ਡੱਬਵਾਲੀ ਵਿੱਚ ਪਿਛਲੇ ਕਾਫੀ ਸਮੇਂ ਤੋਂ ਲੁੱਟ-ਖੋਹ ਦੀਆਂ ਘਟਨਾਵਾਂ ਨੂੰ ਦੇਖਦੇ ਹੋਏ ਉਪ ਪੁਲੀਸ ਕਪਤਾਨ ਕਾਲਾਂਵਾਲੀ ਸੰਦੀਪ ਧਨਖੜ ਦੀ ਅਗਵਾਈ ਵਿੱਚ ਸੀਆਈਏ ਸਟਾਫ ਕਾਲਾਂਵਾਲੀ ਅਤੇ ਸਾਈਬਰ ਸੈੱਲ ਦੀ ਟੀਮ ਦਾ ਗਠਨ ਕੀਤਾ ਗਿਆ ਸੀ।

ਗਠਿਤ ਕੀਤੀ ਸੀ.ਆਈ.ਏ. ਕਾਲਾਂਵਾਲੀ ਦੀ ਟੀਮ ਨੇ ਗੁਪਤ ਸੂਚਨਾ ਦੇ ਅਧਾਰ 'ਤੇ ਚਾਰ ਮੁਲਜ਼ਮਾਂ ਨੂੰ ਲੁੱਟੇ ਗਏ ਮੋਬਾਈਲ ਅਤੇ ਨਕਦੀ ਸਮੇਤ ਕਾਬੂ ਕੀਤਾ ਹੈ।

ਇਨ੍ਹਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਮੀਨਾ, ਭੂਸ਼ਨ ਸਿੰਘ ਉਰਫ ਪੂਸਾ ਵਾਸੀ ਪਿੰਡ ਦੇਸੂ ਮਲਕਾਣਾ, ਅਮਰਜੀਤ ਸਿੰਘ, ਸੁਖਜਿੰਦਰ ਸਿੰਘ ਉਰਫ ਸੁੱਚਾ ਵਾਸੀ ਜੱਜਲ ਜ਼ਿਲ੍ਹਾ ਬਠਿੰਡਾ ਪੰਜਾਬ ਅਤੇ ਵਿਸ਼ਾਲ ਵਾਸੀ ਪਿੰਡ ਕਾਲਝਰਾਣੀ ਪੰਜਾਬ ਵਜੋਂ ਹੋਈ ਹੈ।

# 'ਆਪ' ਦੇ ਚਾਰ ਆਗੂ ਮੇਅਰ ਬਣਨ ਦੀ ਦੌੜ 'ਚ ਸ਼ਾਮਲ

**ਪਟਿਆਲਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**


ਗੁਰਜੀਤ ਸਾਹਨੀ


ਹਰਪਾਲ ਜੁਨੇਜਾ


ਤੇਜਿੰਦਰ ਮਹਿਤਾ


ਕੁੰਦਨ ਗੋਗੀਆ

ਪਟਿਆਲਾ ਦੀ 60 ਮੈਂਬਰਾਂ ਆਧਾਰਿਤ ਨਗਰ ਨਿਗਮ ਦੀਆਂ ਭਾਵੇਂ 7 ਵਾਰਡਾਂ ਦੀ ਚੋਣ ਬਾਕੀ ਹੈ, ਪਰ 53 ਵਾਰਡਾਂ ਦੇ ਐਲਾਨੇ ਨਤੀਜਿਆਂ ਦੌਰਾਨ 'ਆਪ' 43 'ਚੋਂ ਜੇਤੂ ਰਹੀ ਹੈ। ਕਿਉਂਕਿ ਸਿਰਫ਼ ਦਸ ਉਮੀਦਵਾਰ ਹੀ ਹਾਰੇ ਹਨ ਜਿਨ੍ਹਾਂ 'ਚੋਂ ਜੇਤੂ ਰਹਿਣ ਵਾਲਿਆਂ 'ਚ ਭਾਜਪਾ ਅਤੇ ਕਾਂਗਰਸ ਦੇ ਚਾਰ-ਚਾਰ ਜਦਕਿ ਅਕਾਲੀ ਦਲ ਦੇ ਦੋ ਉਮੀਦਵਾਰ ਹਨ। ਮੇਅਰ ਬਣਾਉਣ ਲਈ 31 ਮੈਂਬਰਾਂ ਦੀ ਲੋੜ ਹੈ। ਇਲਾਕੇ ਦੇ ਤਿੰਨੋਂ ਵਿਧਾਇਕਾਂ ਦੀਆਂ ਵੋਟਾਂ ਵੀ 'ਆਪ' ਦੀਆਂ ਹਨ, ਜਿਸ ਤਹਿਤ 46 ਮੈਂਬਰ ਬਣਦੇ ਹਨ।

ਭਾਵੇਂ ਅਸਲੀਅਤ ਤਾਂ ਮੌਕੇ ਦੀ ਸਥਿਤੀ ਹੀ ਦੱਸੇਗੀ ਪਰ ਹੁਣ ਤੱਕ ਮੁੱਖ ਤੌਰ 'ਤੇ ਚਾਰ 'ਆਪ' ਆਗੂ ਮੇਅਰ ਦੇ ਅਹੁਦੇ ਦੀ ਦੌੜ 'ਚ ਮੰਨੇ ਜਾ ਰਹੇ ਹਨ। ਇਨ੍ਹਾਂ 'ਚੋਂ ਗੁਰਜੀਤ ਸਿੰਘ ਸਾਹਨੀ ਵਾਰਡ ਨੰਬਰ 58 ਤੋਂ ਕਾਂਗਰਸ ਦੇ ਗੋਪਾਲ ਸਿੰਗਲਾ ਤੋਂ 585 ਵੋਟਾਂ ਦੇ ਫਰਕ ਨਾਲ ਜਿੱਤੇ ਹਨ। ਸ਼ਹਿਰੀ ਸਿੱਖ ਤੇ ਸਮਾਜ ਸੇਵੀ ਵਜੋਂ ਪ੍ਰਸਿੱਧ ਸਾਹਨੀ ਹਲਕਾ ਵਿਧਾਇਕ ਅਜੀਤਪਾਲ ਕੋਹਲੀ ਦੇ ਅਤਿ ਭਰੋਸੇਯੋਗ ਹਨ। ਇਸ ਕਰਕੇ ਜੇਕਰ ਮੇਅਰ ਬਣਾਉਣ ਦਾ ਅਧਿਕਾਰ ਕੋਹਲੀ ਨੂੰ ਮਿਲਦਾ ਹੈ ਤਾਂ ਯਕੀਨਨ ਮੇਅਰ ਦੀ ਕੁਰਸੀ ਗੁਰਜੀਤ ਸਾਹਨੀ ਦੇ ਹੇਠ ਹੋਵੇਗੀ।

ਇਸ ਦੌੜ 'ਚ ਦੂਜਾ ਵੱਡਾ ਨਾਮ 2591 ਵੋਟਾਂ ਦੀ ਸਭ ਤੋਂ ਵੱਡੀ ਲੀਡ ਨਾਲ ਜਿੱਤੇ ਹਰਪਾਲ ਜੁਨੇਜਾ ਦਾ ਹੈ। ਅਕਾਲੀ ਦੀ ਸਬੰਧਤ ਜੁਨੇਜਾ ਦਾ ਵੱਡਾ ਸਿਆਸੀ ਕੱਦ ਰਿਹਾ ਹੈ ਕਿਉਂਕਿ 2022 'ਚ ਜਿਥੇ ਉਹ ਖੁਦ ਪਟਿਆਲਾ ਤੋਂ ਅਕਾਲੀ ਟਿਕਟ 'ਤੇ ਵਿਧਾਨ ਸਭਾ ਦੀ ਚੋਣ ਲੜੇ ਸਨ, ਉਥੇ ਹੀ ਉਸ ਤੋਂ ਪਹਿਲਾਂ ਉਨ੍ਹਾਂ ਦੇ ਪਿਤਾ ਭਗਵਾਨ ਦਾਸ ਜੁਨੇਜਾ ਵੀ ਵਿਧਾਨ ਸਭਾ ਦੀ ਜ਼ਿਮਨੀ ਚੋਣ ਲੜ ਚੁੱਕੇ ਹਨ। ਕਿਸੇ ਸਮੇਂ ਯੂਥ ਅਕਾਲੀ ਦਲ ਮਾਲਵਾ ਜ਼ੋਨ ਦੇ ਪ੍ਰਧਾਨ ਰਹੇ ਜੁਨੇਜਾ ਦੀ 'ਆਪ' 'ਚ ਐਂਟਰੀ ਸੁਪਰੀਮੋ ਅਰਵਿੰਦ ਕੇਜਰੀਵਾਲ, ਸੰਦੀਪ ਪਾਠਕ ਅਤੇ ਮੁੱਖ ਮੰਤਰੀ ਭਗਵੰਤ ਮਾਨ ਰਾਹੀਂ ਹੋਈ ਮੰਨੀ ਜਾਂਦੀ ਹੈ। ਉਹ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਰਹੇ ਬਲਤੇਜ ਪੰਨੂ ਦੇ ਵੀ ਕਰੀਬੀ ਹਨ। ਰਾਜਸੀ ਗਲਿਆਰਿਆਂ 'ਚ ਚਰਚਾ ਹੈ ਕਿ ਜੇਕਰ ਮੁੱਖ ਮੰਤਰੀ ਨੂੰ ਮੇਅਰ ਚੁਣਨ ਦਾ ਮਿਲਿਆ ਹੈ ਤਾਂ ਹਰਪਾਲ ਜੁਨੇਜਾ ਨੂੰ ਪਟਿਆਲਾ ਦੇ ਅਗਲੇ ਮੇਅਰ ਵਜੋਂ ਦੇਖਿਆ ਜਾ ਸਕਦਾ ਹੈ।

ਦੂਜੇ ਬੰਨ੍ਹੇ ਮੁੱਢ ਤੋਂ ਹੀ 'ਆਪ' ਨਾਲੇ ਖੜ੍ਹੇ ਤੇ ਚੱਲੇ ਆ ਰਹੇ ਤੇਜਿੰਦਰ ਮਹਿਤਾ ਦਾ ਨਾਮ ਵੀ ਸੁਰਖੀਆਂ 'ਚ ਹੈ। ਵਾਰਡ ਨੰਬਰ 34 ਵਿਚੋਂ 1412 ਵੋਟਾਂ ਦੇ ਫਰਕ ਨਾਲ ਜਿੱਤੇ ਮਹਿਤਾ ਸੱਤ ਸਾਲਾਂ ਤੋਂ 'ਆਪ' ਦੇ ਸ਼ਹਿਰੀ ਪ੍ਰਧਾਨ ਵੀ ਹਨ। ਉਹ ਲੋਕ ਮਨਾਂ 'ਤੇ ਮਾਇਆ ਜਾਲ ਪਾਉਣ ਦੀ ਕਲਾ ਰੱਖਦੇ ਹਨ। ਹੇਠਾਂ ਤੋਂ ਉਪਰ ਤੱਕ 'ਆਪ' ਦੀ ਸਮੁੱਚੀ ਲੀਡਰਸ਼ਿਪ ਦੇ ਚਹੇਤੇ ਮਹਿਤਾ ਟਕਸਾਲੀ ਹਨ।

ਇਸ ਤਰ੍ਹਾਂ ਜੇਕਰ ਕਿਸੇ ਟਕਸਾਲੀ 'ਤੇ ਗੁਣੀਆ ਪੈਂਦਾ ਹੈ ਤਾਂ ਮੇਅਰ ਰੂਮ 'ਚ ਮਹਿਤਾ ਦੀ ਸਰਦਾਰੀ ਕੋਈ ਨਹੀਂ ਰੋਕ ਸਕਦਾ। 30 ਨੰਬਰ ਵਾਰਡ ਵਿਚੋਂ 752 ਵੋਟਾਂ ਦੇ ਫਰਕ ਨਾਲ ਜਿੱਤੇ ਕੁੰਦਨ ਗੋਗੀਆ ਦੀ ਕੁੰਡਲੀ ਵੀ ਮਹਿਤਾ ਨਾਲ ਮਿਲਦੀ ਜੁਲਦੀ ਹੈ। ਟਕਸਾਲੀ ਹੋਣ ਨਾਤੇ ਉਹ ਵਿਧਾਨ ਸਭਾ ਦੀ ਟਿਕਟ ਦੇ ਦਾਅਵੇਦਾਰ ਵੀ ਰਹੇ ਹਨ, ਪਰ ਟਿਕਟ 'ਤੇ ਅਜੀਤਪਾਲ ਕੋਹਲੀ ਨੇ ਅਜਿਹਾ ਹੱਥ ਸਾਫ਼ ਕੀਤਾ ਕਿ ਪਟਿਆਲਾ 'ਚ ਕੈਪਟਨ ਅਮਰਿੰਦਰ ਸਿੰਘ ਵਰਗੇ ਵੱਡੇ ਨੇਤਾ ਦਾ ਹੀ ਸਫ਼ਾਇਆ ਸਾਫ ਕਰ ਦਿੱਤਾ।

# ਭਾਜਪਾ ਵਰਕਰਾਂ ਨੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦਾ 100ਵਾਂ ਜਨਮ ਦਿਨ ਮਨਾਇਆ



**ਜ਼ੀਰਕਪੁਰ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੇਸ਼ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ 100ਵੀਂ ਜਯੰਤੀ ਮਨਾ ਰਿਹਾ ਹੈ। ਇਸ ਮੌਕੇ ਡੇਰਾਬੱਸੀ ਵਿਧਾਨ ਸਭਾ ਦੇ ਸੀਨੀਅਰ ਭਾਜਪਾ ਆਗੂ ਐਸਐਮਐਸ ਸੰਧੂ ਨੇ ਭਾਜਪਾ ਵਰਕਰਾਂ ਨਾਲ ਜ਼ੀਰਕਪੁਰ ਦੇ ਢਕੋਲੀ ਇਲਾਕੇ ਵਿੱਚ ਸਥਿਤ ਉਨ੍ਹਾਂ ਦੇ ਦਫ਼ਤਰ ਵਿੱਚ ਭਾਰਤ ਰਤਨ ਅਟਲ ਬਿਹਾਰੀ ਵਾਜਪਾਈ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਦੌਰਾਨ ਐਸਐਮਐਸ ਸੰਧੂ ਨੇ ਕਿਹਾ ਕਿ ਅਟਲ ਬਿਹਾਰੀ ਵਾਜਪਾਈ ਨੇ ਆਪਣਾ ਜੀਵਨ ਇੱਕ ਮਜ਼ਬੂਤ, ਖੁਸ਼ਹਾਲ ਅਤੇ ਆਤਮ ਨਿਰਭਰ ਭਾਰਤ ਦੇ ਨਿਰਮਾਣ ਲਈ ਸਮਰਪਿਤ ਕਰ ਦਿੱਤਾ।

ਸੰਧੂ ਨੇ ਕਿਹਾ ਕਿ ਸਵਰਗੀ ਸ਼੍ਰੀ ਅਟਲ ਬਿਹਾਰੀ ਵਾਜਪਾਈ, ਜਿਨ੍ਹਾਂ ਦੀ ਸ਼ਖ਼ਸੀਅਤ ਬਾਰੇ ਗੱਲ ਕਰੀਏ ਤਾਂ ਸ਼੍ਰੀ ਵਾਜਪਾਈ ਦੇ ਸੁਸ਼ਾਸਨ ਨੂੰ ਅੱਜ ਵੀ ਯਾਦ ਕੀਤਾ ਜਾਂਦਾ ਹੈ, ਲਈ ਸਮਾਂ ਅਤੇ ਸ਼ਬਦ ਬਹੁਤ ਘੱਟ ਹੋਣਗੇ। ਸ਼੍ਰੀ ਅਟਲ ਬਿਹਾਰੀ ਵਾਜਪਾਈ ਇੱਕ ਮਹਾਨ ਕਵੀ ਸਨ ਜਿਨ੍ਹਾਂ ਨੇ ਆਪਣੀਆਂ ਕਵਿਤਾਵਾਂ ਵਿੱਚ ਹਮੇਸ਼ਾ ਭਾਰਤ ਦੀ ਗੱਲ ਕੀਤੀ, ਲੋਕਾਂ ਦੀ ਗੱਲ ਕੀਤੀ, ਇਹ ਉਨ੍ਹਾਂ ਦੀ ਸੋਚ ਸੀ ਕਿ ਭਾਰਤ ਹਮੇਸ਼ਾ ਤਰੱਕੀ ਕਰੇ। ਜਿਸ ਦੀ ਸਵੈ-ਜੀਵਨੀ ਹਰ ਵਿਅਕਤੀ ਨੂੰ ਪੜ੍ਹਨੀ ਚਾਹੀਦੀ ਹੈ, ਜਿਸ ਬਾਰੇ ਮੈਨੂੰ ਯਕੀਨ ਹੈ ਕਿ ਹਰ ਵਿਅਕਤੀ ਦੀ ਸ਼ਖ਼ਸੀਅਤ ਵਿਚ ਜ਼ਰੂਰ ਤਬਦੀਲੀ ਆਵੇਗੀ। ਸੰਧੂ ਨੇ ਕਿਹਾ ਕਿ ਡੇਰਾਬੱਸੀ ਵਿਧਾਨ ਸਭਾ ਵਿੱਚ ਸਾਰੇ ਮਿਲ ਕੇ ਕੰਮ ਕਰਨ ਤਾਂ ਹੀ ਪਾਰਟੀ ਨੂੰ ਕਾਮਯਾਬੀ ਮਿਲੇਗੀ।

ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਦਿੱਲੀ ਵਿੱਚ ਮਹਿਲਾ ਸਨਮਾਨ ਯੋਜਨਾ ਲਾਗੂ ਕਰਨ ਦੇ ਸਵਾਲ 'ਤੇ ਸ੍ਰੀ ਸੰਧੂ ਨੇ ਕਿਹਾ ਕਿ ਉਨ੍ਹਾਂ ਨੇ ਇੱਕ ਵੀ ਵਾਅਦਾ ਪੂਰਾ ਨਹੀਂ ਕੀਤਾ ਜਦਕਿ ਉਨ੍ਹਾਂ ਨੇ ਅਣਗਿਣਤ ਵਾਅਦੇ ਕੀਤੇ ਸਨ।

ਕਿਸਾਨਾਂ ਲਈ ਕਿਹਾ ਗਿਆ ਸੀ ਕਿ 24 ਫਸਲਾਂ 'ਤੇ ਘੱਟੋ-ਘੱਟ ਸਮਰਥਨ ਮੁੱਲ ਦਿੱਤਾ ਜਾਵੇਗਾ ਪਰ ਉਹ ਪਿੱਛੇ ਹਟ ਗਏ ਜਦਕਿ ਸਭ ਕੁਝ ਕੇਂਦਰ ਦੀ ਮਦਦ ਨਾਲ ਹੀ ਹੋਵੇਗਾ ਪਰ ਅਰਵਿੰਦ ਕੇਜਰੀਵਾਲ ਅਤੇ ਭਗਵੰਤ ਮਾਨ ਆਪਣੇ ਵਾਅਦੇ ਤੋਂ ਭੱਜ ਗਏ ਹਨ। ਰੇਤੇ ਦਾ ਰੇਟ 16 ਰੁਪਏ ਤੈਅ ਕਰਨ ਦਾ ਐਲਾਨ ਕੀਤਾ ਗਿਆ ਸੀ, ਜਦੋਂ ਕਿ ਕਾਂਗਰਸ ਅਤੇ ਅਕਾਲੀ ਦਲ ਦੀਆਂ ਪਿਛਲੀਆਂ ਸਰਕਾਰਾਂ ਨਾਲੋਂ ਦੁੱਗਣੇ ਰੇਟ 'ਤੇ ਰੇਤਾ ਬਾਜ਼ਾਰ ਵਿੱਚ ਮਿਲ ਰਿਹਾ ਹੈ। ਸੂਬੇ ਵਿੱਚ ਲੈਂਡ ਮਾਫੀਆ, ਰੇਤ ਮਾਫੀਆ, ਸ਼ਰਾਬ ਮਾਫੀਆ, ਟਰਾਂਸਪੋਰਟ ਮਾਫੀਆ ਜਾਂ ਕਿਹੜਾ ਮਾਫੀਆ ਹੈ ਜਿਸਨੂੰ ਲੁੱਟਣ ਦੀ ਇਜਾਜ਼ਤ ਨਹੀਂ ਹੈ। ਲੋਕ ਚਿੰਤਤ ਹਨ ਅਤੇ ਜੋ ਆਮ ਆਦਮੀ ਪਾਰਟੀ ਦੀ ਸਰਕਾਰ ਨਹੀਂ ਚਾਹੁੰਦੇ ਕਿਉਂਕਿ ਮੁੱਖ ਮੰਤਰੀ ਇੱਕ ਅਜਿਹਾ ਕਲਾਕਾਰ ਹੈ ਜਿਸ ਕੋਲ ਕੋਈ ਪ੍ਰਸ਼ਾਸਕੀ ਤਜੁਰਬਾ ਨਹੀਂ ਹੈ ਅਤੇ ਨਾ ਹੀ ਕੋਈ ਮਹਾਰਤ ਹਾਸਲ ਹੈ ਕਿ ਉਹ ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ ਦੇ ਤਜ਼ੁਰਬੇਕ ਤੋਂ ਸਿੱਖ ਲੈ ਸਕਣ। ਕ

ਅਜਿਹੇ ਗੈਰ ਤਜ਼ੁਰਬੇਕ ਰਾਜਨੀਤਿਕ ਲੋਕਾਂ ਦਾ ਸੂਬਿਆਂ ਦੇ ਮੁਖੀ ਹੋਣਾ ਦੇਸ਼ ਲਈ ਚੰਗਾ ਨਹੀਂ ਹੈ। ਇਸ ਮੌਕੇ ਵਿਸ਼ਾਲ ਸ਼ਰਮਾ, ਅਮਿਤ ਭਾਰਗਵ, ਕਰਮ ਚੰਦ, ਸਨੰਤ ਭਾਰਦਵਾਜ, ਰਮਨ ਰਾਣਾ, ਰਵੀ ਮੋਦੀ, ਰੋਬਿਨ ਰਾਣਾ, ਜਯੰਤ ਸ਼ਰਮਾ, ਮੋਹਿਤ, ਸਿਕੰਦਰ, ਅਮਨ ਜਾਂਗੜਾ, ਮਨੋਜ ਸਿੰਘਲ, ਸ਼ਸ਼ੀ ਸ਼ਰਮਾ, ਨੀਲਮ ਸੋਨੀ, ਸ਼ੋਨਾਯਾ, ਲਕਸ਼ਮੀ ਸ਼ਰਮਾ, ਕੁਸੁਮ, ਡਾ. ਕਲਿਆਣੀ, ਪੁਸ਼ਪਾ, ਵ੍ਰਿਸ਼ਵਨਾਥ, ਸੁਨੀਲ ਮੌਰੀਆ, ਦੀਪਕ ਆਦਿ ਹਾਜ਼ਰ ਸਨ।

# ਆਈਡੀਪੀ ਵੱਲੋਂ ਕਿਸਾਨ ਮੋਰਚੇ ਦੀ ਹਮਾਇਤ

**ਪਾਤੜਾਂ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੰਟਰਨੈਸ਼ਨਲਿਸਟ ਡੈਮੋਕ੍ਰੈਟਿਕ ਪਲੇਟਫਾਰਮ ਦੀ ਸੂਬਾ ਕਮੇਟੀ ਨੇ ਕਿਸਾਨੀ ਅੰਦੋਲਨ ਸਬੰਧੀ ਕੇਂਦਰ ਸਰਕਾਰ ਦੇ ਗੈਰ ਸੰਵਿਧਾਨਕ ਅਤੇ ਅਣਮਨੁੱਖੀ ਵਿਹਾਰ ਦੀ ਸਖ਼ਤ ਨਿਖੇਧੀ ਕੀਤੀ ਹੈ।

ਇਸ ਮੌਕੇ ਆਈਡੀਪੀ ਦੇ ਕੌਮੀ ਪ੍ਰਧਾਨ ਕਰਨੈਲ ਸਿੰਘ ਜਖੇਪਲ, ਸੂਬਾ ਪ੍ਰਧਾਨ ਦਰਸ਼ਨ ਸਿੰਘ ਧਨੇਠਾ, ਸੂਬਾ ਸਕੱਤਰ ਤਰਲੋਚਨ ਸਿੰਘ ਸੂਲਰ ਘਰਾਟ, ਫਲਜੀਤ ਸਿੰਘ, ਮਨਪ੍ਰੀਤ ਕੌਰ ਰਾਜਪੁਰਾ ਅਤੇ ਜ਼ਿਲ੍ਹਾ ਪ੍ਰਧਾਨ ਖਿਆਲੀ ਰਾਮ ਪਾਤੜਾਂ ਨੇ ਖਨੌਰੀ ਬਾਰਡਰ 'ਤੇ ਚੱਲ ਰਹੇ ਕਿਸਾਨ ਮੋਰਚੇ ਦੀ ਹਮਾਇਤ 'ਚ ਪਹੁੰਚੇ 12 ਮੈਂਬਰੀ ਜਥੇ ਸਮੇਤ ਕਿਹਾ ਕਿ ਕੇਂਦਰ ਤੇ ਹਰਿਆਣਾ ਸਰਕਾਰ ਦੇ ਰਵੱਈਏ ਦੀ ਨਿਖੇਧੀ ਕਰਦਿਆਂ ਮੰਗ ਕੀਤੀ ਕਿ ਕੇਂਦਰ ਸਰਕਾਰ ਬਾਰਡਰਾਂ 'ਤੇ ਚੱਲ ਰਹੇ ਕਿਸਾਨਾਂ ਦੇ ਸੰਘਰਸ਼ ਤੇ ਜਗਜੀਤ ਸਿੰਘ ਡੱਲੇਵਾਲ ਦੇ ਮਰਨ ਵਰਤ ਨੂੰ ਅੱਖੋਂ ਪਰੋਖੇ ਕਰਨ ਦੀ ਥਾਂ ਕਿਸਾਨ ਅੰਦੋਲਨ ਸਮੇਂ ਕੀਤੇ ਵਾਅਦਿਆਂ ਨੂੰ ਤੁਰੰਤ ਲਾਗੂ ਕਰਕੇ ਆਪਣੀ ਜ਼ਿੰਮੇਵਾਰੀ ਨਿਭਾਵੇ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਖਤਮ ਕਰਵਾਏ।

# ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਯੂਥ ਅਕਾਲੀ ਦਲ ਵੱਲੋਂ ਲਾਸਾਨੀ ਸ਼ਹਾਦਤ ਮੌਕੇ 2 ਰੋਜ਼ਾ 'ਦਸਤਾਰਾਂ ਦਾ ਲੰਗਰ' ਲਗਾਇਆ



**ਫਤਹਿਗੜ੍ਹ ਸਾਹਿਬ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ, ਅਤੇ ਮਾਤਾ ਗੁਜਰੀ ਜੀ ਲਾਸਾਨੀ ਸ਼ਹਾਦਤ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ ਅੱਜ ਯੂਥ ਅਕਾਲੀ ਦਲ ਵੱਲੋਂ ਕੌਮੀ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਦੀ ਅਗਵਾਈ ਹੇਠ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ 'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਤਹਿਤ ਵਿਸ਼ੇਸ਼ 2 ਰੋਜ਼ਾ 'ਦਸਤਾਰਾਂ ਦਾ ਲੰਗਰ' ਦਾ ਆਯੋਜਨ ਕੀਤਾ ਗਿਆ।

ਇਹ ਲੰਗਰ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿੱਚ ਆਯੋਜਿਤ ਕੀਤਾ ਗਿਆ ਸੀ, ਜੋ ਕ੍ਰਮਵਾਰ 9 ਅਤੇ 6 ਸਾਲ ਦੀ ਬਾਲ ਉਮਰ ਵਿੱਚ, ਆਪਣੇ ਧਰਮ ਨੂੰ ਤਿਆਗਣ ਤੋਂ ਇਨਕਾਰ ਕਰਨ ਲਈ ਸ਼ਹੀਦ ਹੋ ਗਏ ਸਨ। ਉਨ੍ਹਾਂ ਦੀ ਬਹਾਦਰੀ, ਆਪਣੇ ਧਰਮ ਪ੍ਰਤੀ ਸ਼ਰਧਾ ਅਤੇ ਉਨ੍ਹਾਂ ਦਾ ਵਿਸ਼ਵਾਸ ਦੁਨੀਆ ਭਰ ਦੇ ਸਿੱਖਾਂ ਦੀਆਂ ਪੀੜ੍ਹੀਆਂ ਨੂੰ ਪ੍ਰੇਰਿਤ ਕਰਦਾ ਰਹੇਗਾ।

ਇਨ੍ਹਾਂ ਦਿਨਾਂ ਦੌਰਾਨ ਹਰ ਸਾਲ ਲੱਖਾਂ ਸ਼ਰਧਾਲੂ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਣ ਆਉਂਦੇ ਹਨ। ਅੱਜ ਇਸ 'ਦਸਤਾਰਾਂ ਦੇ ਲੰਗਰ' (ਮੁਫ਼ਤ ਦਸਤਾਰ ਬੰਨ੍ਹਣ ਦੇ ਕੈਂਪ) ਵਿੱਚ ਛੋਟੇ ਬੱਚਿਆਂ ਸਮੇਤ 1500 ਤੋਂ ਵੱਧ ਸ਼ਰਧਾਲੂਆਂ ਨੇ ਭਾਗ ਲਿਆ ਅਤੇ ਸਿੱਖ ਗੌਰਵ ਅਤੇ ਵਿਰਾਸਤ ਦਾ ਪ੍ਰਤੀਕ ਦਸਤਾਰਾਂ ਉਨ੍ਹਾਂ ਦੇ ਸਜਾਈਆਂ ਗਈਆਂ। ਇਸ ਕੈਂਪ ਦੀ ਸ਼ੁਰੂਆਤ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਹੈਡ ਗ੍ਰੰਥੀ ਭਾਈ ਹਰਪਾਲ ਸਿੰਘ ਜੀ ਨੇ ਅਰਦਾਸ ਕਰਕੇ ਕੀਤੀ। ਇਹ ਕੈਂਪ ਦਾ ਪਹਿਲਾ ਦਿਨ ਸ਼੍ਰੋਮਣੀ ਅਕਾਲੀ ਦਲ ਦੀ ਜ਼ਿਲ੍ਹਾ ਇਕਾਈ ਅਤੇ ਯੂਥ ਅਕਾਲੀ ਦਲ ਦੇ ਯਤਨਾਂ ਸਦਕਾ ਹੀ ਸਫ਼ਲ ਹੋ ਸਕਿਆ।

ਇਹ ਸਾਡੀ ਚੰਗੇ ਭਾਗ ਹਨ ਕਿ ਸਾਨੂੰ ਇਸ 2 ਰੋਜ਼ਾ ਕੈਂਪ ਨਾਲ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਵਿਰਾਸਤ ਦਾ ਸਨਮਾਨ ਕਰਨ ਦਾ ਮੌਕਾ ਮਿਲਿਆ, ਜਿਨ੍ਹਾਂ ਨੇ ਸਿੱਖ ਧਰਮ ਦੀਆਂ ਕਦਰਾਂ-ਕੀਮਤਾਂ, ਦਲੇਰੀ, ਕੁਰਬਾਨੀ ਅਤੇ ਆਪਣੇ ਧਰਮ ਪ੍ਰਤੀ ਨਿਸ਼ਠਾ ਨੂੰ ਰੂਪਮਾਨ ਕੀਤਾ। ਯੂਥ ਅਕਾਲੀ ਦਲ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਨੇ ਕਿਹਾ।

ਝਿੰਜਰ ਨੇ ਅੱਗੇ ਕਿਹਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਆਪਣੇ ਵਿਸ਼ਵਾਸ ਅਤੇ ਸਿਧਾਂਤਾਂ ਪ੍ਰਤੀ ਅਟੁੱਟ ਵਚਨਬੱਧਤਾ ਦੀ ਇੱਕ ਚਮਕਦਾਰ ਉਦਾਹਰਣ ਹੈ। ਉਨ੍ਹਾਂ ਦੀ ਕੁਰਬਾਨੀ ਸਾਨੂੰ ਆਪਣੇ ਹੱਕਾਂ ਲਈ ਖੜ੍ਹੇ ਹੋਣ ਅਤੇ ਆਪਣੇ ਧਰਮ ਦੀ ਰੱਖਿਆ ਲਈ ਪ੍ਰੇਰਿਤ ਕਰਦੀ ਰਹੇਗੀ, ਝਿੰਜਰ ਨੇ ਅੱਗੇ ਕਿਹਾ।

ਝਿੰਜਰ ਨੇ ਕਿਹਾ, ਸਿੱਖ ਨੌਜਵਾਨਾਂ ਨੂੰ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਅਤੇ ਸਿੱਖਿਆਵਾਂ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ, ਜਿਨ੍ਹਾਂ ਨੇ ਬਹੁਤ ਬਾਲ ਉਮਰ ਹੋਣ ਦੇ ਬਾਵਜੂਦ ਅਤਿਅੰਤ ਮੁਸੀਬਤਾਂ ਦਾ ਸਾਹਮਣਾ ਕਰਦਿਆਂ ਮਿਸਾਲੀ ਦਲੇਰੀ ਅਤੇ ਦ੍ਰਿੜ ਇਰਾਦਾ ਦਿਖਾਇਆ।

'ਮੇਰੀ ਦਸਤਾਰ ਮੇਰੀ ਸ਼ਾਨ' ਮੁਹਿੰਮ ਬਾਰੇ ਗੱਲ ਕਰਦਿਆਂ ਝਿੰਜਰ ਨੇ ਕਿਹਾ ਕਿ ਯੂਥ ਅਕਾਲੀ ਦਲ ਸਿੱਖ ਕੌਮ ਦੇ ਅਮੀਰ ਇਤਿਹਾਸ ਅਤੇ ਵਿਰਸੇ ਨੂੰ ਸੰਭਾਲਣ ਲਈ ਵਚਨਬੱਧ ਹੈ ਅਤੇ ਅਸੀਂ ਸਿੱਖ ਸਵੈਮਾਣ ਅਤੇ ਏਕਤਾ ਨੂੰ ਬੜ੍ਹਾਵਾ ਦੇਣ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਕਰਦੇ ਰਹਾਂਗੇ। ਮੇਰੀ ਦਸਤਾਰ, ਮੇਰੀ ਸ਼ਾਨ ਪਹਿਲਕਦਮੀ ਦਾ ਉਦੇਸ਼ ਸਿੱਖ ਮਾਣ, ਵਿਰਾਸਤ ਅਤੇ ਭਾਈਚਾਰੇ ਵਿੱਚ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ।

# ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਗੁਰਬਾਣੀ ਕੰਠ ਮੁਕਾਬਲੇ ਕਰਵਾਏ

**ਬਠਿੰਡਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਗੁਰਦੁਆਰਾ ਟਿਕਾਣਾ ਭਾਈ ਜਗਤਾ ਜੀ ਸਾਹਿਬ ਵਿਖੇ ਗੁਰੂ ਨਾਨਕ ਮਲਟੀਵਰਸਿਟੀ ਲੁਧਿਆਣਾ ਜੋਨ ਜੈਤੋ ਵੱਲੋਂ ਸੰਗਤ ਦੇ ਸਹਿਯੋਗ ਨਾਲ ਗੁਰਬਾਣੀ ਕੰਠ ਅਤੇ ਸਵਾਲ ਜਵਾਬ ਮੁਕਾਬਲੇ ਕਰਵਾਏ ਗਏ। ਜੋਨ ਇੰਚਾਰਜ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਇਹ ਮੁਕਾਬਲੇ ਕਰਾਣ ਦਾ ਮੁੱਖ ਮਕਸਦ ਛੋਟੀ ਉਮਰ ਦੇ ਬੱਚਿਆਂ ਨੂੰ ਆਪਣੇ ਵਿਰਸੇ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ ਇਹਨਾਂ ਮੁਕਾਬਲਿਆਂ ਦੇ ਵਿੱਚ 100 ਤੋਂ ਵੱਧ ਬੱਚਿਆਂ ਨੇ ਭਾਗ ਲਿਆ ਜਿਸ ਵਿੱਚ ਤਿੰਨ ਗਰੁੱਪ ਬਣਾ ਕੇ ਬੱਚਿਆਂ ਤੋਂ ਗੁਰਬਾਣੀ ਸੁਣੀ ਗਈ ਅਤੇ ਸਵਾਲਾਂ ਦੇ ਜਵਾਬ ਲਏ ਗਏ।

ਇਨਾ ਮੁਕਾਬਲਿਆਂ ਵਿੱਚ ਬੱਚੇ ਗੁਰਸਿੱਖੀ ਬਾਣੇ ਵਿੱਚ ਸਜੇ ਸਨ ਜੋ ਕਿ ਖਿੱਚ ਦਾ ਕੇਂਦਰ ਬਣੇ ਰਹੇ ਪਹਿਲੀ ਦੂਜੀ ਅਤੇ ਤੀਜੀ ਪੁਜੀਸ਼ਨ ਹਾਸਲ ਕਰਨ ਵਾਲੇ ਬੱਚਿਆਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ ਇਸ ਮੌਕੇ ਸੰਤ ਜਗਜੀਤ ਸਿੰਘ, ਭਾਈ ਜਸਪ੍ਰੀਤ ਸਿੰਘ, ਜਸਵੀਰ ਸਿੰਘ, ਸਤਵੰਤ ਕੌਰ, ਬਲਜੀਤ ਕੌਰ,ਬੀਬੀ ਮਨਪ੍ਰੀਤ ਕੌਰ, ਭਾਈ ਗੁਰਸੇਵਕ ਸਿੰਘ ਅਤੇ ਟਿਕਾਣਾ ਭਾਈ ਜਗਤਾ ਜੀ ਤੋਂ ਸੇਵਾਦਾਰ ਅਤੇ ਬੱਚੇ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਪੁਲਿਸ ਨਾਲ ਦੁਰਵਿਹਾਰ ਦੇ ਕੇਸ 'ਚੋਂ ਹਰਪਾਲਪੁਰ ਬਰੀ



**ਪਟਿਆਲਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਜਪਾ ਦੇ ਸੂਬਾਈ ਆਗੂ ਹਰਵਿੰਦਰ ਸਿੰਘ ਹਰਪਾਲਪੁਰ ਪੁਲੀਸ ਨਾਲ ਦੁਰਵਿਹਾਰ ਅਤੇ ਹੱਥੋਪਾਈ ਕਰਨ ਦੇ ਕੇਸ ਤਹਿਤ ਛੇ ਸਾਲ ਪਹਿਲਾਂ ਦਰਜ ਹੋਏ ਇੱਕ ਕੇਸ 'ਚੋਂ ਬਰੀ ਹੋ ਗਏ ਹਨ। ਇਹ ਕੇਸ ਉਨ੍ਹਾਂ 'ਤੇ 7 ਜੁਲਾਈ 2018 ਨੂੰ ਥਾਣਾ ਮੂਲੇਪੁਰ 'ਚ ਦਰਜ ਹੋਇਆ ਸੀ ਜਿਸ ਸਬੰਧੀ ਛੇ ਸਾਲ ਚੱਲੀ ਸੁਣਵਾਈ ਦੌਰਾਨ ਅਦਾਲਤ ਨੇ ਉਨ੍ਹਾਂ ਨੂੰ ਬਰੀ ਕਰ ਦਿੱਤਾ।

ਇਸ ਸਬੰਧੀ ਹਰਪਾਲਪੁਰ ਦਾ ਕਹਿਣਾ ਹੈ ਕਿ ਉਸ 'ਤੇ ਇਹ ਝੂਠਾ ਕੇਸ ਕੁਝ ਰਾਜਸੀ ਆਗੂਆਂ ਦੀ ਸ਼ਹਿ 'ਤੇ ਸਿਆਸੀ ਕਿੜਾਂ ਕੱਢਣ ਲਈ ਦਰਜ ਕਰਵਾਇਆ ਗਿਆ ਸੀ। ਜ਼ਿਕਰਯੋਗ ਹੈ ਕਿ ਉਦੋਂ ਹਰਵਿੰਦਰ ਹਰਪਾਲਪੁਰ ਅਕਾਲੀ ਦਲ 'ਚ ਸ਼ਨ, ਪਰ ਹੁਣ ਉਹ ਭਾਜਪਾ ਦਾ ਹਿੱਸਾ ਹਨ।

# ਨਵਜੋਤ ਸਿੱਧੂ ਵੱਲੋਂ ਆਪਣੇ ਪੁਰਾਣੇ ਕ੍ਰਿਕਟ ਸਟੇਡੀਅਮ ਦਾ ਦੌਰਾ

**ਪਟਿਆਲਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸਾਬਕਾ ਕ੍ਰਿਕਟਰ ਅਤੇ ਕਾਂਗਰਸ ਆਗੂ ਨਵਜੋਤ ਸਿੱਧੂ ਨੇ 1891 ਵਿੱਚ ਬਣਾਏ ਪਟਿਆਲਾ ਦੇ ਧਰੁਵ ਪਾਂਡਵ ਕ੍ਰਿਕਟ ਸਟੇਡੀਅਮ ਦਾ ਅੱਜ ਦੌਰਾ ਕੀਤਾ। ਸਾਬਕਾ ਸਪੋਰਟਸ ਅਫ਼ਸਰ ਸਰਬਜੀਤ ਰੋਜ਼ੀ ਤੇ ਗਰਾਊਂਡ ਦੇ ਇੰਚਾਰਜ ਬਿੱਟੂ ਬਿਲਿੰਗ ਵੀ ਉਨ੍ਹਾਂ ਦੇ ਨਾਲ ਸਨ। ਇਸ ਸਬੰਧੀ ਵੀਡੀਓ ਸਿੱਧੂ ਨੇ ਐਕਸ 'ਤੇ ਵੀ ਸਾਂਝੀ ਕੀਤੀ ਹੈ। ਉਨ੍ਹਾਂ ਐਕਸ 'ਤੇ ਕਿਹਾ, 'ਤੀਹ ਸਾਲ ਬਾਰਾਂਦਰੀ ਕ੍ਰਿਕਟ ਗਰਾਊਂਡ ਤੱਕ ਪੈਦਲ ਜਾਣਾ ਸਾਡੀ ਜ਼ਿੰਦਗੀ ਦਾ ਨਿਰੰਤਰ ਹਿੱਸਾ ਰਿਹਾ ਹੈ। ਇਸ ਸਮੇਂ ਗਰਾਊਂਡ ਦੇ ਇੰਚਾਰਜ ਬਿੱਟੂ ਬਿਲਿੰਗ ਪੰਜਾਬ ਦੇ ਆਰਟੀਆਈ ਕਮਿਸ਼ਨਰ ਵਜੋਂ ਸੇਵਾ ਨਿਭਾਅ ਰਹੇ ਹਨ। ਇਸ ਦੇ ਹਰ ਕੋਨੇ ਵਿੱਚ ਮੇਰੇ ਮਰਹੂਮ ਪਿਤਾ ਦੀਆਂ ਯਾਦਾਂ ਵਸੀਆਂ ਹੋਈਆਂ ਹਨ।' ਇਸ ਮੈਦਾਨ ਵਿੱਚ ਲਾਲਾ ਅਮਰਨਾਥ ਤੇ ਸਚਿਨ ਤੇਂਦੁਲਕਰ ਵੀ ਖੇਡ ਚੁੱਕੇ ਹਨ। ਕ੍ਰਿਕਟ ਨੂੰ ਭਾਰਤ ਵਿੱਚ ਸ਼ੁਰੂ ਕਰਨ ਦਾ ਸਿਹਰਾ ਮਹਾਰਾਜਾ ਪਟਿਆਲਾ ਰਾਜਿੰਦਰ ਸਿੰਘ ਨੂੰ ਜਾਂਦਾ ਹੈ, ਜਿਨ੍ਹਾਂ ਨੇ ਬਰਤਾਨੀਆ ਦੀ ਇਸ ਪਸੰਦੀਦਾ ਖੇਡ ਨੂੰ ਪਟਿਆਲਾ ਵਿੱਚ ਸ਼ੁਰੂ ਕਰਨ ਦੀ ਪਹਿਲ ਕੀਤੀ। ਉਸ ਸਮੇਂ ਪਟਿਆਲਾ ਇਲੈਵਨ ਅਤੇ ਇੰਗਲੈਂਡ ਵਿਚਾਲੇ ਕਈ ਮੈਚ ਕਰਵਾਏ ਗਏ। ਪਟਿਆਲਾ ਇਲੈਵਨ ਵਿੱਚ ਮੁਹੰਮਦ ਨਿਸਾਰ, ਲਾਲਾ ਅਮਰਨਾਥ, ਅਮੀਰ ਇਲਾਹੀ, ਕਰਨਲ ਰਾਏ ਸਿੰਘ ਅਤੇ ਪਟਿਆਲਾ ਦੇ ਮਹਾਰਾਜਾ ਯਾਦਵਿੰਦਰ ਸਿੰਘ ਖੇਡਦੇ ਰਹੇ ਹਨ। 1992 ਵਿੱਚ ਦੇਸ਼ ਦੇ ਸਭ ਤੋਂ ਨੌਜਵਾਨ ਖਿਡਾਰੀ ਧਰੁਵ ਪਾਂਡਵ ਦੇ ਵਿਛੋੜੇ ਤੋਂ ਬਾਅਦ ਇਸ ਮੈਦਾਨ ਨੂੰ ਸਟੇਡੀਅਮ ਦਾ ਦਰਜਾ ਦੇ ਕੇ ਇਸ ਨੂੰ ਧਰੁਵ ਪਾਂਡਵ ਨੂੰ ਸਮਰਪਿਤ ਕਰ ਦਿੱਤਾ ਗਿਆ ਸੀ।

# ਪੰਜਾਬ ਸਰਕਾਰ ਅਤੇ 'ਆਪ' ਕਿਸਾਨਾਂ ਨਾਲ ਡਟ ਕੇ ਖੜੀ ਹੈ: ਅਮਨ ਅਰੋੜਾ

## ਸਾਡੇ ਲਈ ਕਿਸਾਨ ਆਗੂ ਡੱਲੇਵਾਲ ਦੀ ਸਿਹਤ ਸਭ ਤੋਂ ਪਹਿਲਾਂ, ਅਸੀਂ ਉਨ੍ਹਾਂ ਦੀ ਸਹਿਮਤੀ ਨਾਲ ਹੀ ਡਾਕਟਰੀ ਸੇਵਾਵਾਂ ਪ੍ਰਦਾਨ ਕਰਾਂਗੇ: ਡਾ ਬਲਬੀਰ ਸਿੰਘ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਅਗਵਾਈ ਹੇਠ ਇੱਕ ਉੱਚ ਪੱਧਰੀ ਵਫ਼ਦ ਅੱਜ ਖਨੌਰੀ ਬਾਰਡਰ ਤੇ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਿਆ। ਉਨ੍ਹਾਂ ਦੀ ਵਿਗੜਦੀ ਸਿਹਤ 'ਤੇ ਚਿੰਤਾ ਪ੍ਰਗਟ ਕਰਦਿਆਂ 'ਆਪ' ਆਗੂਆਂ ਨੇ ਉਨ੍ਹਾਂ ਨੂੰ ਡਾਕਟਰੀ ਇਲਾਜ ਰਾਹੀਂ ਭੋਜਨ ਲੈਣ ਦੀ ਅਪੀਲ ਕੀਤੀ।

ਵਫ਼ਦ ਵਿੱਚ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ, ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, 'ਆਪ' ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕੁਲਦੀਪ ਸਿੰਘ ਧਾਲੀਵਾਲ, ਤਰੁਨਪ੍ਰੀਤ ਸਿੰਘ ਸੌਂਧ, ਹਰਦੀਪ ਸਿੰਘ ਮੁੰਡੀਆਂ, ਬਰਿੰਦਰ ਗੋਇਲ, ਲਾਲਜੀਤ ਸਿੰਘ ਭੁੱਲਰ ਸਮੇਤ ਗੁਰਦਿੱਤ ਸਿੰਘ ਸੇਖੋਂ ਅਤੇ ਚੇਅਰਮੈਨ ਡਾ. ਸੰਨੀ ਆਹਲੂਵਾਲੀਆ ਸ਼ਾਮਿਲ ਸਨ

ਪੱਤਰਕਾਰਾਂ ਨੂੰ ਸੰਬੋਧਨ ਕਰਦਿਆਂ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਆਮ ਆਦਮੀ ਪਾਰਟੀ ਡੱਲੇਵਾਲ ਵੱਲੋਂ ਕਿਸਾਨਾਂ ਦੇ ਹੱਕਾਂ ਲਈ ਸ਼ੁਰੂ ਕੀਤੀ ਇਸ ਲੜਾਈ ਦਾ ਪੂਰਾ ਸਮਰਥਨ ਕਰਦੀ ਹੈ। ਅਰੋੜਾ ਨੇ ਕਿਹਾ, ਜਗਜੀਤ ਸਿੰਘ ਡੱਲੇਵਾਲ ਇਸ ਅੰਦੋਲਨ ਦੀ ਪ੍ਰੇਰਣਾ ਸ਼ਕਤੀ ਹਨ। ਉਨ੍ਹਾਂ ਦਾ ਸੰਘਰਸ਼ ਜਾਇਜ਼ ਹੈ ਅਤੇ ਅਸੀਂ ਉਨ੍ਹਾਂ ਦੇ ਨਾਲ ਡੱਟ ਕੇ ਖੜ੍ਹੇ ਹਾਂ। ਹਾਲਾਂਕਿ, ਅਸੀਂ ਉਨ੍ਹਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਉਹ ਆਪਣੀ ਭੁੱਖ ਹੜਤਾਲ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਘੱਟੋ-ਘੱਟ ਡਾਕਟਰੀ ਇਲਾਜ ਕਰਵਾਉਣ। ਉਨ੍ਹਾਂ ਅੱਗੇ ਭਰੋਸਾ ਦਿੱਤਾ ਕਿ ਪੰਜਾਬ ਦੇ ਕਿਸਾਨ ਇਸ ਲੜਾਈ ਨੂੰ ਇਕੱਲੇ ਨਹੀਂ ਲੜਨਗੇ। ਅਰੋੜਾ ਨੇ ਕਿਸਾਨਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਨਾਕਾਮ ਰਹਿਣ ਲਈ ਕੇਂਦਰ ਸਰਕਾਰ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਅਣਗਹਿਲੀ ਅਤੇ ਝੂਠੇ ਵਾਅਦਿਆਂ ਨੇ ਕਿਸਾਨਾਂ ਨੂੰ ਅਜਿਹੇ ਕਦਮ ਚੁੱਕਣ ਲਈ ਮਜਬੂਰ ਕੀਤਾ ਹੈ। ਇਹ ਅਸਵੀਕਾਰਨਯੋਗ ਹੈ। ਕੇਂਦਰ ਨੂੰ ਜ਼ਿੰਮੇਵਾਰੀ ਨਾਲ ਕੰਮ ਕਰਨਾ ਚਾਹੀਦਾ ਹੈ ਅਤੇ ਕਿਸਾਨਾਂ ਦੀਆਂ ਜਾਇਜ਼ ਮੰਗਾਂ ਨੂੰ ਤੁਰੰਤ ਹੱਲ ਕਰਨਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਇਹ ਬੇਹੱਦ ਸ਼ਰਮਨਾਕ ਹੈ ਕਿ ਮੋਦੀ ਸਰਕਾਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਵਿਗੜਦੀ ਸਿਹਤ ਅਤੇ ਸਾਡੇ ਕਿਸਾਨਾਂ ਦੇ ਉਠਾਏ ਮੁੱਦਿਆਂ ਨੂੰ ਲਗਾਤਾਰ ਨਜ਼ਰਅੰਦਾਜ਼ ਕਰ ਰਹੀ ਹੈ। ਉਨ੍ਹਾਂ ਦੀਆਂ ਮੰਗਾਂ ਜਾਇਜ਼ ਹਨ ਅਤੇ ਬਿਨਾਂ ਕਿਸੇ ਦੇਰੀ ਦੇ ਮੰਨੀਆਂ ਜਾਣੀਆਂ ਚਾਹੀਦੀਆਂ ਹਨ। 'ਆਪ' ਆਗੂ ਨੇ ਕਿਹਾ, "ਜੇਕਰ ਲੋੜ ਪਈ ਤਾਂ ਅਸੀਂ ਕਿਸਾਨਾਂ ਦੇ ਮੁੱਦਿਆਂ 'ਤੇ ਚਰਚਾ ਕਰਨ ਅਤੇ ਹੱਲ ਕਰਨ ਲਈ ਸਰਬ ਪਾਰਟੀ ਮੀਟਿੰਗ ਬੁਲਾਉਣ ਲਈ ਤਿਆਰ ਹਾਂ ਪਰ ਫਿਰ ਇਹ ਸਭ ਕੇਂਦਰ ਸਰਕਾਰ ਨਾਲ ਸਬੰਧਤ ਹੈ। ਕੇਂਦਰ ਸਰਕਾਰ ਨਾਲ ਇਹ ਸੰਘਰਸ਼ ਲੰਮਾ ਹੋ ਸਕਦਾ ਹੈ, ਪਰ ਪੰਜਾਬ ਸਰਕਾਰ ਇਨਸਾਫ਼ ਮਿਲਣ ਤੱਕ ਸਾਡੇ ਕਿਸਾਨਾਂ ਨਾਲ ਖੜ੍ਹਨ ਲਈ ਦ੍ਰਿੜ੍ਹ ਹੈ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਖਨੌਰੀ ਬਾਰਡਰ 'ਤੇ ਬੋਲਦਿਆਂ ਕਿਹਾ ਕਿ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਿੱਚ ਇਸ ਲੜਾਈ ਦਾ ਅਸੀਂ ਦਿਲੋਂ ਸਤਿਕਾਰ ਕਰਦੇ ਹਾਂ। ਇਸ ਅੰਦੋਲਨ ਦਾ ਸਮਰਥਨ ਕਰਨ ਲਈ, ਅਸੀਂ ਬਾਰਡਰ ਅਤੇ ਨੇੜਲੇ ਹਸਪਤਾਲਾਂ ਵਿੱਚ ਡਾਕਟਰੀ ਸੇਵਾਵਾਂ ਸਥਾਪਤ ਕੀਤੀਆਂ ਹਨ। ਮੇਰੀ ਟੀਮ ਸਥਿਤੀ ਦੀ ਨਿਗਰਾਨੀ ਕਰਨ ਅਤੇ ਸਹਾਇਤਾ ਪ੍ਰਦਾਨ ਕਰਨ ਲਈ ਰੋਜ਼ਾਨਾ ਸਾਈਟ ਦਾ ਦੌਰਾ ਕਰ ਰਹੀ ਹੈ।

ਬਲਬੀਰ ਸਿੰਘ ਨੇ ਡੱਲੇਵਾਲ ਦੀ ਸਿਹਤ ਨੂੰ ਸੁਰੱਖਿਅਤ ਰੱਖਣ ਲਈ ਡਾਕਟਰੀ ਦਖਲ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਡੱਲੇਵਾਲ ਦੀ ਸਿਹਤ ਵਿਗੜਦੀ ਜਾ ਰਹੀ ਹੈ, ਉਨ੍ਹਾਂ ਦੇ ਗੁਰਦੇ ਅਤੇ ਜਿਗਰ ਠੀਕ ਤਰ੍ਹਾਂ ਨਾਲ ਕੰਮ ਨਹੀਂ ਕਰ ਰਹੇ ਹਨ। ਸਾਨੂੰ ਉਨ੍ਹਾਂ ਨੂੰ ਇੱਥੇ ਲੋੜੀਂਦਾ ਡਾਕਟਰੀ ਇਲਾਜ ਮੁਹੱਈਆ ਕਰਵਾਉਣ ਲਈ ਉਨ੍ਹਾਂ ਦੀ ਸਹਿਮਤੀ ਦੀ ਲੋੜ ਹੈ, ਤਾਂ ਜੋ ਉਹ ਸਿਹਤਮੰਦ ਰਹਿੰਦਿਆਂ ਕਿਸਾਨਾਂ ਲਈ ਆਪਣੀ ਇਸ ਲੜਾਈ ਨੂੰ ਜਾਰੀ ਰੱਖ ਸਕਣ।

ਬਲਬੀਰ ਸਿੰਘ ਨੇ ਜਗਜੀਤ ਸਿੰਘ ਡੱਲੇਵਾਲ ਦੀ ਤੰਦਰੁਸਤੀ ਨੂੰ ਯਕੀਨੀ ਬਣਾਉਣ ਲਈ ਆਪਣੇ ਵਿਭਾਗ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਉਨ੍ਹਾਂ ਨੇ ਦੁਹਰਾਇਆ ਕਿ ਪੰਜਾਬ ਸਰਕਾਰ ਸਥਿਤੀ ਪ੍ਰਤੀ ਚਿੰਤਤ ਹੈ ਅਤੇ ਲੋੜਾਂ ਨੂੰ ਪੂਰਾ ਕਰਨ ਲਈ ਸਰਗਰਮ ਹੈ। ਉਨ੍ਹਾਂ ਕਿਹਾ ਕਿ ਅਸੀਂ ਇਸ ਸੰਘਰਸ਼ ਵਿੱਚ ਡੱਲੇਵਾਲ ਅਤੇ ਹੋਰ ਕਿਸਾਨਾਂ ਦਾ ਸਾਥ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹਾਂ। ਸਾਡੀ ਸਰਕਾਰ ਉਨ੍ਹਾਂ ਦੀ ਸਿਹਤ ਅਤੇ ਹੱਕਾਂ ਦੀ ਰਾਖੀ ਲਈ ਕੋਈ ਕਸਰ ਬਾਕੀ ਨਹੀਂ ਛੱਡੇਗੀ।

**ਪੰਜਾਬ ਸਰਕਾਰ ਸੂਬੇ ਦੇ ਛੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਜਲਦੀ ਸ਼ੁਰੂ ਕਰੇਗੀ ਇਨਡੋਰ ਸੇਵਾਵਾਂ**

# ਵੈਟਰਨਰੀ ਸੰਸਥਾਵਾਂ ਵਿੱਚ ਸਹੂਲਤਾਂ ਦੇ ਵਾਧੇ ਲਈ 1.85 ਕਰੋੜ ਰੁਪਏ ਜਾਰੀ: ਗੁਰਮੀਤ ਸਿੰਘ ਖੁੱਡੀਆਂ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਵਿੱਚ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਦੀ ਸਿਹਤ ਤੇ ਤੰਦਰੁਸਤੀ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਜਲਦੀ ਸੂਬੇ ਦੇ ਛੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਇਨਡੋਰ ਸੇਵਾਵਾਂ ਸ਼ੁਰੂ ਕੀਤੀਆਂ ਜਾਣਗੀਆਂ।

ਇਸ ਪਹਿਲਕਦਮੀ ਬਾਰੇ ਜਾਣਕਾਰੀ ਦਿੰਦਿਆਂ ਅੱਜ ਪੰਜਾਬ ਦੇ ਪਸ਼ੂ ਪਾਲਣ, ਡੇਅਰੀ ਵਿਕਾਸ ਅਤੇ ਮੱਛੀ ਪਾਲਣ ਮੰਤਰੀ ਸ. ਗੁਰਮੀਤ ਸਿੰਘ ਖੁੱਡੀਆਂ ਨੇ ਦੱਸਿਆ ਕਿ ਵੈਟਰਨਰੀ ਸੰਸਥਾਵਾਂ ਵਿੱਚ ਸਹੂਲਤਾਂ ਦੇ ਵਿਸਥਾਰ ਲਈ 1.85 ਕਰੋੜ ਰੁਪਏ ਤੋਂ ਵੱਧ ਦੇ ਫੰਡ ਮੁਹੱਈਆ ਕਰਵਾਏ ਗਏ ਹਨ ਅਤੇ ਪਟਿਆਲਾ, ਅੰਮ੍ਰਿਤਸਰ, ਬਠਿੰਡਾ, ਸੰਗਰੂਰ, ਗੁਰਦਾਸਪੁਰ ਅਤੇ ਲੁਧਿਆਣਾ ਦੇ ਵੈਟਰਨਰੀ ਪੌਲੀਕਲੀਨਿਕਾਂ ਵਿੱਚ ਜਲਦੀ ਇਨਡੋਰ ਸੇਵਾਵਾਂ ਸ਼ੁਰੂ ਕਰਨ ਲਈ ਉਪਕਰਨ ਵੀ ਮੁਹੱਈਆ ਕਰਵਾਏ ਜਾ ਰਹੇ ਹਨ। ਇਹਨਾਂ ਪੌਲੀਕਲੀਨਿਕਾਂ ਵਿੱਚ ਪਾਲਤੂ ਜਾਨਵਰਾਂ ਅਤੇ ਪਸ਼ੂਆਂ ਲਈ ਬਹੁਤ ਸਾਰੀਆਂ ਇਨਡੋਰ ਸੇਵਾਵਾਂ ਦਿੱਤੀਆਂ ਜਾਣਗੀਆਂ, ਜਿਨ੍ਹਾਂ ਵਿੱਚ ਗੰਭੀਰ ਬਿਮਾਰੀ ਦਾ ਇਲਾਜ, ਸਰਜਰੀਆਂ, ਸਰਜਰੀ ਉਪਰੰਤ ਦੇਖਭਾਲ, ਲੈਬ ਟੈਸਟ, ਐਕਸ-ਰੇਅ ਅਤੇ ਅਲਟਰਾਸਾਊਂਡ ਸਹੂਲਤਾਂ ਸ਼ਾਮਲ ਹਨ।

ਪਸ਼ੂ ਪਾਲਣ ਵਿਭਾਗ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਸ. ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਲੰਪੀ ਸਕਿੱਨ ਬਿਮਾਰੀ ਦੀ ਰੋਕਥਾਮ ਲਈ ਸਾਰੇ ਪਸ਼ੂਧਨ ਨੂੰ ਦੋ ਵਾਰ ਗੋਟ ਪੌਕਸ ਦੀਆਂ ਖੁਰਾਕਾਂ ਮੁਫ਼ਤ ਦਿੱਤੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸਾਰੇ ਯੋਗ ਪਸ਼ੂਆਂ ਦਾ ਸਾਲ ਵਿੱਚ ਦੋ ਵਾਰ ਮੂੰਹ-ਖੁਰ ਦੀ ਬਿਮਾਰੀ ਖਿਲਾਫ਼ ਟੀਕਾਕਰਨ ਵੀ ਕੀਤਾ ਗਿਆ ਹੈ। ਇਸ ਸਾਲ ਦੌਰਾਨ ਪਸ਼ੂਆਂ ਨੂੰ ਮੂੰਹ-ਖੁਰ ਦੀ ਬਿਮਾਰੀ ਤੋਂ ਬਚਾਉਣ ਲਈ ਵੈਕਸੀਨ ਦੀਆਂ 126.22 ਲੱਖ ਖੁਰਾਕਾਂ ਦੋ ਪੜਾਵਾਂ ਵਿੱਚ ਮੁਫ਼ਤ ਦਿੱਤੀਆਂ ਗਈਆਂ ਹਨ।

ਉਨ੍ਹਾਂ ਅੱਗੇ ਦੱਸਿਆ ਕਿ ਸੂਬੇ ਦੇ ਪਸ਼ੂ ਪਾਲਕਾਂ ਦੀ ਆਰਥਿਕ ਸਥਿਤੀ ਵਿੱਚ ਸੁਧਾਰ ਕਰਨ ਦੇ ਨਾਲ-ਨਾਲ ਅਵਾਰਾ ਪਸ਼ੂਆਂ ਦੀ ਸਮੱਸਿਆ ਨਾਲ ਨਜਿੱਠਣ ਲਈ 11.81 ਕਰੋੜ ਰੁਪਏ ਦੀ ਲਾਗਤ ਨਾਲ ਫ੍ਰੋਜ਼ਨ ਸੈਕਸਡ ਸੀਮਨ (ਸਿਰਫ਼ ਵੱਛੀਆਂ/ਕੱਟੀਆਂ ਪੈਦਾ ਕਰਨ ਲਈ) ਦੀਆਂ 1,75,000 ਖੁਰਾਕਾਂ ਖਰੀਦੀਆਂ ਗਈਆਂ। ਉਨ੍ਹਾਂ ਕਿਹਾ ਕਿ ਬਿਹਤਰ ਪਸ਼ੂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ 326 ਨਵੇਂ ਵੈਟਰਨਰੀ ਅਫ਼ਸਰ, 538 ਵੈਟਰਨਰੀ ਇੰਸਪੈਕਟਰ ਅਤੇ 59 ਗਰੁੱਪ ਸੀ ਦੀਆਂ ਅਸਾਮੀਆਂ ਭਰੀਆਂ ਗਈਆਂ ਹਨ ਅਤੇ 405 ਹੋਰ ਵੈਟਰਨਰੀ ਅਫ਼ਸਰਾਂ ਦੀ ਭਰਤੀ ਪ੍ਰਕਿਰਿਆ ਅਧੀਨ ਹੈ।

ਪਸ਼ੂ ਪਾਲਣ ਵਿਭਾਗ ਦੇ ਪ੍ਰਮੁੱਖ ਸਕੱਤਰ ਸ੍ਰੀ ਰਾਹੁਲ ਭੰਡਾਰੀ ਨੇ ਦੱਸਿਆ ਕਿ 6.37 ਕਰੋੜ ਰੁਪਏ ਦੇ ਡੀਵਾਰਮਰ ਸੂਬੇ ਭਰ ਦੇ ਸਾਰੇ ਪਸ਼ੂ ਪਾਲਕਾਂ ਨੂੰ ਵੰਡੇ ਗਏ ਹਨ। ਇਸ ਤੋਂ ਇਲਾਵਾ ਪਸ਼ੂਆਂ ਦੇ ਇਲਾਜ ਲਈ ਹਸਪਤਾਲਾਂ/ ਡਿਸਪੈਂਸਰੀਆਂ ਨੂੰ 3 ਕਰੋੜ ਰੁਪਏ ਦੀਆਂ ਦਵਾਈਆਂ ਪ੍ਰਦਾਨ ਕੀਤੀਆਂ ਗਈਆਂ ਹਨ ਅਤੇ 1 ਕਰੋੜ ਰੁਪਏ ਦੀਆਂ ਹੋਰ ਦਵਾਈਆਂ ਵੀ ਖਰੀਦੀਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਵਿਭਾਗ ਵਲੋਂ ਸੂਬੇ ਵਿੱਚ 199 ਪਸ਼ੂ ਭਲਾਈ ਅਤੇ ਜਾਗਰੂਕਤਾ ਕੈਂਪ ਵੀ ਲਗਾਏ ਗਏ ਹਨ ਅਤੇ ਸੂਬੇ ਵਿੱਚ 21ਵੀਂ ਪਸ਼ੂ ਗਣਨਾ ਕਰਵਾਈ ਜਾ ਰਹੀ ਹੈ।

ਪਸ਼ੂ ਪਾਲਣ ਵਿਭਾਗ ਦੇ ਡਾਇਰੈਕਟਰ ਡਾ. ਜੀ. ਐਸ. ਬੇਦੀ ਨੇ ਦੱਸਿਆ ਕਿ ਟ੍ਰਾਈਸਿਟੀ ਦੇ ਇਤਿਹਾਸ ਵਿੱਚ ਪਹਿਲੀ ਵਾਰ ਪਸ਼ੂ ਪਾਲਣ ਵਿਭਾਗ ਨੇ 21 ਅਤੇ 22 ਦਸੰਬਰ, 2024 ਨੂੰ ਚੰਡੀਗੜ੍ਹ ਦੇ ਪਰੇਡ ਗਰਾਊਂਡ ਵਿਖੇ ਕਰਵਾਏ ਗਏ ਪੈੱਟ ਐਕਸਪੋ ਦੀ ਹੋਰ ਅਦਾਰਿਆਂ ਨਾਲ ਮਿਲ ਕੇ ਮੇਜ਼ਬਾਨੀ ਵੀ ਕੀਤੀ।

# ਪੰਜਾਬ ਦੇ ਜਲ ਪ੍ਰਬੰਧਨ ਵਿੱਚ ਕ੍ਰਾਂਤੀਕਾਰੀ ਬਦਲਾਅ: ਜ਼ਮੀਨਦੋਜ਼ ਪਾਈਪਲਾਈਨ ਆਧਾਰਤ ਸਿੰਜਾਈ ਨੈੱਟਵਰਕ ਦੇ ਵਿਸਥਾਰ ਲਈ 277 ਕਰੋੜ ਰੁਪਏ ਦੇ ਪ੍ਰਾਜੈਕਟ ਸ਼ੁਰੂ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਸਰਕਾਰ ਵੱਲੋਂ ਵਿੱਢੇ ਜਲ ਸੰਭਾਲ ਦੇ ਯਤਨਾਂ ਤਹਿਤ ਭੂਮੀ ਤੇ ਜਲ ਸੰਭਾਲ ਵਿਭਾਗ ਨੇ ਸਾਲ 2024 ਦੌਰਾਨ ਟਿਕਾਊ ਜਲ ਪ੍ਰਬੰਧਨ ਅਤੇ ਖੇਤੀਬਾੜੀ ਬੁਨਿਆਦੀ ਢਾਂਚੇ ਦੇ ਵਿਕਾਸ ਵਿੱਚ ਸ਼ਾਨਦਾਰ ਮੀਲ ਪੱਥਰ ਸਥਾਪਤ ਕੀਤੇ ਹਨ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਭੂਮੀ ਤੇ ਜਲ ਸੰਭਾਲ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਜਲ ਸੰਭਾਲ ਦੇ ਕਈ ਪ੍ਰਭਾਵੀ ਪ੍ਰਾਜੈਕਟ ਲਾਗੂ ਕੀਤੇ ਹਨ, ਜੋ ਧਰਤੀ ਹੇਠਲੇ ਪਾਣੀ ਨੂੰ ਬਚਾਉਂਦਿਆਂ ਅਤੇ ਵਾਤਾਵਰਣ ਸਥਿਰਤਾ ਨੂੰ ਯਕੀਨੀ ਬਣਾਉਂਦਿਆਂ ਪੰਜਾਬ ਦੇ ਸਿੰਜਾਈ ਖੇਤਰ ਨੂੰ ਨਵੀਂ ਦਿਸ਼ਾ ਦੇ ਰਹੇ ਹਨ।

ਸ੍ਰੀ ਗੋਇਲ ਨੇ ਕਿਹਾ ਕਿ ਸਥਾਈ ਜਲ ਪ੍ਰਬੰਧਨ ਲਈ ਸੂਬਾ ਸਰਕਾਰ ਦੀ ਵਚਨਬੱਧਤਾ ਤਹਿਤ ਪੁਖ਼ਤਾ ਯਤਨ ਕੀਤੇ ਜਾ ਰਹੇ ਹਨ, ਜਿਨ੍ਹਾਂ ਸਦਕਾ ਸਿੱਧੇ ਤੌਰ 'ਤੇ ਸਮੁੱਚੇ ਕਿਸਾਨ ਭਾਈਚਾਰੇ ਨੂੰ ਲਾਭ ਪਹੁੰਚ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਲ 2024 ਵਿੱਚ ਖੇਤੀ ਉਤਪਾਦਕਤਾ ਨੂੰ ਵਧਾਉਣ ਦੇ ਨਾਲ-ਨਾਲ ਪਾਣੀ ਦੀ ਢੁਕਵੀਂ ਵਰਤੋਂ ਨੂੰ ਯਕੀਨੀ ਬਣਾਉਣਾ ਸਾਡੇ ਮਿਸ਼ਨ ਦਾ ਅਹਿਮ ਪਹਿਲੂ ਰਿਹਾ ਹੈ। ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਦੱਸਿਆ ਕਿ ਸੂਬੇ ਵਿੱਚ ਜ਼ਮੀਨਦੋਜ਼ ਪਾਈਪਲਾਈਨ ਆਧਾਰਤ ਸਿੰਜਾਈ ਨੈੱਟਵਰਕ ਦਾ ਵਿਸਥਾਰ ਕਰਨ ਦੀ ਲੜੀ ਤਹਿਤ 277.57 ਕਰੋੜ ਰੁਪਏ ਦੀ ਲਾਗਤ ਵਾਲੇ ਦੋ ਨਵੇਂ ਨਾਬਾਰਡ ਫ਼ੰਡਿਡ ਪ੍ਰਾਜੈਕਟ ਸ਼ੁਰੂ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਸਿੰਜਾਈ ਬੁਨਿਆਦੀ ਢਾਂਚੇ ਦੇ ਵਿਸਥਾਰ ਵਾਲੇ ਇਨ੍ਹਾਂ ਪ੍ਰਾਜੈਕਟਾਂ ਨਾਲ 40,000 ਹੈਕਟੇਅਰ ਤੋਂ ਵੱਧ ਰਕਬੇ ਨੂੰ ਸਿੰਜਾਈ ਸਹੂਲਤਾਂ ਮਿਲਣਗੀਆਂ।

ਉਨ੍ਹਾਂ ਦੱਸਿਆ ਕਿ ਵਿਭਾਗ ਨੇ 18 ਜ਼ਮੀਨਦੋਜ਼ ਪਾਈਪਲਾਈਨ-ਆਧਾਰਤ ਸਿੰਜਾਈ ਪ੍ਰਾਜੈਕਟਾਂ ਦੀ ਸ਼ੁਰੂਆਤ ਰਾਹੀਂ ਸਤਹੀ ਪਾਣੀ ਦੇ ਬਦਲਵੇਂ ਸਰੋਤਾਂ ਨੂੰ ਉਤਸ਼ਾਹਿਤ ਕਰਨ ਵੱਲ ਵੀ ਅਹਿਮ ਕਦਮ ਚੁੱਕੇ ਹਨ। 50 ਕਰੋੜ ਰੁਪਏ ਤੋਂ ਵੱਧ ਦੇ ਨਿਵੇਸ਼ ਵਾਲੇ ਇਨ੍ਹਾਂ ਪ੍ਰਾਜੈਕਟਾਂ ਤਹਿਤ ਸੀਵਰੇਜ ਟ੍ਰੀਟਮੈਂਟ ਪਲਾਂਟਾਂ ਤੋਂ 67 ਐਮ.ਐਲ.ਡੀ. ਟ੍ਰੀਟਿਡ ਪਾਣੀ ਦੀ ਵਰਤੋਂ ਕੀਤੀ ਜਾ ਰਹੀ ਹੈ ਜਿਸ ਨਾਲ 2,233 ਹੈਕਟੇਅਰ ਤੋਂ ਵੱਧ ਰਕਬੇ ਨੂੰ ਲਾਭ ਮਿਲ ਰਿਹਾ ਹੈ।

ਕੈਬਨਿਟ ਮੰਤਰੀ ਨੇ ਦੱਸਿਆ ਕਿ ਸਿੰਜਾਈ ਵਾਸਤੇ ਟੇਲ-ਐਂਡ ਤੱਕ ਸੁਚੱਜੇ ਢੰਗ ਨਾਲ ਪਾਣੀ ਪਹੁੰਚਾਉਣਾ ਯਕੀਨੀ ਬਣਾਉਣ ਲਈ ਵਿਭਾਗ ਨੇ 860 ਕਿਲੋਮੀਟਰ ਜ਼ਮੀਨਦੋਜ਼ ਪਾਈਪਲਾਈਨ ਵਿਛਾਈ ਹੈ, ਜਿਸ ਨਾਲ 10,841 ਹੈਕਟੇਅਰ ਰਕਬੇ ਨੂੰ ਲਾਭ ਪਹੁੰਚਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਇਸ ਪਹਿਲਕਦਮੀ ਤਹਿਤ ਕਿਸਾਨ ਸਮੂਹਾਂ ਨੂੰ 90 ਫ਼ੀਸਦੀ ਸਬਸਿਡੀ ਅਤੇ ਵਿਅਕਤੀਗਤ ਕਿਸਾਨਾਂ ਨੂੰ 50 ਫ਼ੀਸਦੀ ਸਬਸਿਡੀ ਦਿੱਤੀ ਜਾ ਰਹੀ ਹੈ।

ਪਾਣੀ ਦੀ ਸੰਭਾਲ ਦੀ ਦਿਸ਼ਾ ਵਿੱਚ ਇੱਕ ਹੋਰ ਵੱਡਾ ਕਦਮ ਚੁੱਕਦਿਆਂ 90 ਫ਼ੀਸਦੀ ਸਬਸਿਡੀ ਨਾਲ ਲਗਭਗ 1,874 ਹੈਕਟੇਅਰ ਖੇਤਰ ਨੂੰ ਤੁਪਕਾ ਅਤੇ ਫੁਹਾਰਾ ਸਿੰਜਾਈ ਪ੍ਰਣਾਲੀਆਂ ਅਧੀਨ ਲਿਆਂਦਾ ਗਿਆ ਹੈ। ਉਨ੍ਹਾਂ ਕਿਹਾ ਕਿ ਵਿਭਾਗ ਨੇ ਧਰਤੀ ਹੇਠਲੇ ਪਾਣੀ ਦੀ ਦੁਰਵਰਤੋਂ ਰੋਕਣ ਲਈ ਪੇਂਡੂ ਛੱਪੜਾਂ ਦੇ ਪਾਣੀ ਦੀ ਸਿੰਜਾਈ ਹਿੱਤ ਵਰਤੋਂ ਵਾਸਤੇ ਸੂਬੇ ਦੇ 27 ਪਿੰਡਾਂ ਵਿੱਚ ਸੋਲਰ-ਲਿਫ਼ਟ ਸਿੰਜਾਈ ਪ੍ਰਾਜੈਕਟ ਵੀ ਸ਼ੁਰੂ ਕੀਤੇ ਹਨ।

ਉਨ੍ਹਾਂ ਦੱਸਿਆ ਕਿ ਇਸੇ ਤਰ੍ਹਾਂ ਮੀਂਹ ਦੇ ਪਾਣੀ ਨੂੰ ਬਚਾਉਣ ਅਤੇ ਭੌਂ-ਖੋਰ ਅਤੇ ਹੜ੍ਹਾਂ ਦੀ ਰੋਕਥਾਮ ਲਈ ਸੂਬੇ ਦੇ ਨੀਮ ਪਹਾੜੀ ਕੰਢੀ ਖੇਤਰ ਵਿੱਚ 42 ਵਾਟਰ ਹਾਰਵੈਸਟਿੰਗ-ਕਮ-ਰੀਚਾਰਜਿੰਗ ਸਟਰੱਕਚਰਾਂ ਅਤੇ ਚੈਕ ਡੈਮਾਂ ਦੀ ਉਸਾਰੀ ਕੀਤੀ ਗਈ ਹੈ।

ਉਨ੍ਹਾਂ ਕਿਹਾ ਕਿ ਸਾਲ 2024 ਵਿੱਚ ਸੂਬੇ ਵਿੱਚ ਪਹਿਲੀ ਵਾਰ ਕਈ ਸਮਰਪਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਵੀ ਕੀਤੀ ਗਈ ਜਿਸ ਵਿੱਚ ਨਹਿਰਾਂ ਅਤੇ ਪਿੰਡਾਂ ਦੇ ਛੱਪੜਾਂ ਤੋਂ ਸਤਹੀ ਪਾਣੀ ਦੀ ਵੱਧ ਤੋਂ ਵੱਧ ਵਰਤੋਂ, ਚੈਕ ਡੈਮ ਦੀ ਉਸਾਰੀ, ਮਿੱਟੀ ਤੇ ਭੂਮੀ ਦੀ ਸੁਰੱਖਿਆ, ਹੜ੍ਹਾਂ ਤੋਂ ਬਚਾਅ ਅਤੇ ਛੱਤਾਂ 'ਤੇ ਮੀਂਹ ਦੇ ਪਾਣੀ ਦੀ ਰੀਚਾਰਜਿੰਗ 'ਤੇ ਧਿਆਨ ਕੇਂਦਰਿਤ ਕੀਤਾ ਜਾ ਰਿਹਾ ਹੈ, ਜਿਨ੍ਹਾਂ ਨਾਲ ਸੂਬੇ ਦੇ ਕਿਸਾਨ ਵੀਰਾਂ ਨੂੰ ਲਾਭ ਪਹੁੰਚੇਗਾ।

ਖਣਨ ਅਤੇ ਭੂ-ਵਿਗਿਆਨ ਮੰਤਰੀ ਸ੍ਰੀ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਸਰਕਾਰ ਦੀਆਂ ਇਹ ਪ੍ਰਾਪਤੀਆਂ ਜਲ ਸੰਭਾਲ ਅਤੇ ਟਿਕਾਊ ਖੇਤੀਬਾੜੀ ਲਈ ਸਾਡੀ ਦ੍ਰਿੜ੍ਹ ਵਚਨਬੱਧਤਾ ਦਾ ਮੁਜ਼ਾਹਰਾ ਕਰਦੀਆਂ ਹਨ। ਉਨ੍ਹਾਂ ਅੱਗੇ ਕਿਹਾ ਕਿ ਇਹ ਪਹਿਲਕਦਮੀਆਂ ਨਾ ਸਿਰਫ਼ ਤੁਰੰਤ ਸਿੰਜਾਈ ਲੋੜਾਂ ਨੂੰ ਪੂਰਾ ਕਰਨਗੀਆਂ, ਸਗੋਂ ਪੰਜਾਬ ਦੇ ਕਿਸਾਨ ਭਾਈਚਾਰੇ ਲਈ ਲੰਮੇ ਸਮੇਂ ਵਾਸਤੇ ਪਾਣੀ ਦੀ ਸੁਰੱਖਿਆ ਨੂੰ ਵੀ ਯਕੀਨੀ ਬਣਾਉਣਗੀਆਂ।

# ਡੇਅਰੀ ਦੇ ਧੰਦੇ ਨੂੰ ਸਹਾਰਾ ਦੇਣ ਦੀ ਲੋੜ



ਗੁਰਨਾਮ ਸਿੰਘ ਚੌਹਾਨ

ਕਿਸਾਨਾਂ ਨੂੰ ਆਤਮ ਨਿਰਭਰ ਬਣਾਉਣ ਲਈ ਉਨ੍ਹਾਂ ਦੀ ਆਮਦਨ ਵਿੱਚ ਵਾਧਾ ਕਰਨ ਦੇ ਮਕਸਦ ਨਾਲ ਪੰਜਾਬ ਸਰਕਾਰ ਨੇ ਡੇਅਰੀ ਧੰਦੇ ਨੂੰ ਬੇਹੱਦ ਪ੍ਰਚਾਰਿਆ ਸੀ। ਪਰ ਸਮੇਂ-ਸਮੇਂ ਠੀਕ ਅਗਵਾਈ ਨਾ ਦੇਣ ਅਤੇ ਦੁੱਧ ਦੇ ਭਾਅ ਵਿੱਚ ਆਈ ਗਿਰਾਵਟ ਨੇ ਡੇਅਰੀ ਫ਼ਾਰਮ ਮਾਲਕਾਂ ਨੂੰ ਵੱਡੇ ਆਰਥਿਕ ਘਾਟੇ ਵੱਲ ਧੱਕ ਦਿੱਤਾ ਹੈ। ਖ਼ੁਸ਼ਹਾਲ ਜੀਵਨ ਜਿਉਣ ਦੀ ਆਸ ਵਿੱਚ ਖੋਲ੍ਹੇ ਗਏ ਡੇਅਰੀ ਫਾਰਮ ਫੇਲ੍ਹ ਹੋ ਰਹੇ ਹਨ। ਗਾਵਾਂ ਲਈ ਬਣਾਏ ਸ਼ੈੱਡ ਖਾਲੀ ਪਏ ਹੋਣ ਕਰਕੇ ਕਬਾੜ ਬਣਦੇ ਜਾ ਰਹੇ ਹਨ।

ਪੰਜਾਬ ਸਰਕਾਰ ਨੇ ਰਾਜ ਵਿੱਚ ਜ਼ਮੀਨਦੋਜ਼ ਪਾਣੀ ਦੀ ਬੱਚਤ ਨੂੰ ਮੁੱਖ ਰੱਖਦਿਆਂ ਫ਼ਸਲੀ ਵਿਭਿੰਨਤਾ ਸੂਬੇ ਵਿੱਚ ਸਹਾਇਕ ਧੰਦਿਆਂ ਸਬੰਧੀ ਕਿਸਾਨਾਂ ਨੂੰ ਰੁਚਿਤ ਕਰਨ ਵੱਲ ਰੁਚੀ ਦਿਖਾਈ ਸੀ। ਤਤਕਾਲੀ ਪਸ਼ੂ ਪਾਲਣ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਦੀ ਅਗਵਾਈ ਹੇਠ ਪਸ਼ੂਆਂ ਦੀ ਨਸਲ ਸੁਧਾਰ ਵੱਲ ਵਿਸ਼ੇਸ਼ ਧਿਆਨ ਦਿੰਦਿਆਂ ਡੇਅਰੀ ਦੇ ਧੰਦੇ ਨੂੰ ਪ੍ਰਫੱਲਿਤ ਕਰਨ ਲਈ ਵਿਆਪਕ ਯੋਜਨਾ ਤਿਆਰ ਕੀਤੀ ਗਈ ਸੀ ਜਿਸ ਤਹਿਤ ਬੈਂਕਾਂ ਵੱਲੋਂ ਡੇਅਰੀ ਫਾਰਮ ਖੋਲ੍ਹਣ ਲਈ ਕਿਸਾਨਾਂ ਨੂੰ ਆਸਾਨ ਕਰਜ਼ੇ ਦਿੱਤੇ ਗਏ। ਕਿਸਾਨਾਂ ਨੇ ਡੇਅਰੀ ਫਾਰਮ ਖੋਲ੍ਹ ਕੇ ਦੁੱਧ ਉਤਪਾਦਨ ਵਧਾਇਆ। ਪਰ ਪੰਜਾਬ ਵਿੱਚ ਵੱਧੇ ਦੁੱਧ ਦੇ ਉਤਪਾਦਨ ਅਤੇ ਕੁਝ ਲੋਕਾਂ ਵੱਲੋਂ ਸੰਥੈਟਿਕ ਦੁੱਧ ਵੱਡੀ ਮਾਤਰਾ ਵਿਚ ਮਾਰਕੀਟ ਵਿਚ ਲਿਆਉਣ ਕਾਰਨ ਦੁੱਧ ਦੀਆਂ ਕੀਮਤਾਂ ਵਿੱਚ ਮੰਦਾ ਆ ਗਿਆ ਜਿਸ ਕਾਰਨ ਪਹਿਲਾਂ ਤੋਂ ਕਰਜ਼ੇ ਦੀ ਮਾਰ ਝੱਲ ਰਹੇ ਕਿਸਾਨਾਂ ਦਾ ਆਰਥਿਕ ਘਾਟਾ ਹੋਰ ਵੱਧ ਗਿਆ। ਪੰਜਾਬ ਸਰਕਾਰ ਨੇ ਡੇਅਰੀ ਦਾ ਧੰਦਾ ਸ਼ੁਰੂ ਕਰਨ ਵਾਲਿਆਂ ਨੂੰ ਪਹਿਲਾਂ ਬਕਾਇਦਾ ਸਿਖਲਾਈ ਦੇ ਕੇ ਹੀ ਕਰਜ਼ੇ ਦੀ ਸੁਵਿਧਾ ਦਿੱਤੀ ਸੀ ਪਰ ਉੱਚ ਪਾਏ ਦੀ ਟਰੇਨਿੰਗ ਨਾ ਮਿਲਣ ਕਰਕੇ ਮਹਿੰਗੀਆਂ ਗਾਵਾਂ ਦੀ ਸਾਂਭ ਸੰਭਾਲ ਤੇ ਗਰਮ ਵਾਤਾਵਰਣ ਦੇ ਅਨੁਕੂਲ ਪ੍ਰਬੰਧਾਂ ਦੀ ਘਾਟ ਡੇਅਰੀ ਫਾਰਮਾਂ ਨੂੰ ਫੇਲ੍ਹ ਕਰਨ ਦਾ ਕਾਰਨ ਸਾਬਤ ਹੋਈ ਹੈ। ਡੇਅਰੀ ਫਾਰਮ ਮਾਲਕਾਂ ਨੂੰ ਉਚ ਪਾਏ ਦੀ ਸਿਖਲਾਈ ਨਾ ਮਿਲਣਾ, ਸਿੰਥੈਟਿਕ ਦੁੱਧ ਦੀ ਬਾਜ਼ਾਰ ਵਿਚ ਵਿਕਰੀ ਨਾ ਰੁਕਣਾ, ਮਜ਼ਦੂਰਾਂ ਦੀ ਘਾਟ, ਮਹਿੰਗੀ ਮਜ਼ਦੂਰੀ ਤੇ ਤੂੜੀ ਅਤੇ ਦੁੱਧ ਦਾ ਰੇਟ ਘੱਟ ਤੇ ਫੀਡ ਦੇ ਭਾਅ ਬਹੁਤ ਜ਼ਿਆਦਾ ਹੋਣਾ, ਫਾਰਮਾਂ ਦੇ ਫੇਲ੍ਹ ਹੋਣ ਦਾ ਵੀ ਕਾਰਨ ਹਨ। ਪਸ਼ੂ ਪਾਲਣ ਵਿਭਾਗ ਵੱਲੋਂ ਕਰਜ਼ਾ ਲੈ ਕੇ ਡੇਅਰੀ ਫਾਰਮ ਖੋਲ੍ਹਣ ਵਾਲੇ ਕਿਸਾਨਾਂ ਨੂੰ ਕਰਜ਼ਾ ਦੇਣ ਵੇਲੇ ਸਬਸਿਡੀਆਂ ਦਿਵਾਉਣ ਦੇ ਵਾਅਦੇ ਕੀਤੇ ਗਏ ਪਰ ਬਾਅਦ ਵਿੱਚ ਕਿਸਾਨਾਂ ਦੀ ਕੋਈ ਬਾਤ ਨਹੀਂ ਪੁੱਛਦਾ। ਜਾਣਕਾਰੀ ਘੱਟ ਹੋਣ ਕਰਕੇ ਕਿਸਾਨ ਥੱਕ ਹਾਰ ਕੇ ਬੈਠ ਗਏ ਹਨ। ਭਾਵੇਂ ਸੰਥੈਟਿਕ ਦੁੱਧ ਸਿੱਧੇ ਰੂਪ ਵਿੱਚ ਮਾਰਕਿਟ ਵਿੱਚ ਨਹੀਂ ਮਿਲਦਾ ਪਰ ਦੁੱਧ ਦੇ ਪਦਾਰਥ ਬਣਾਉਣ ਲਈ ਅਸਾਨੀ ਨਾਲ ਮਿਲ ਜਾਣਾ ਬਜ਼ਾਰ ਵਿੱਚ ਦੁੱਧ ਦੀਆਂ ਕੀਮਤਾਂ ਨੂੰ ਪ੍ਰਭਾਵਿਤ ਕਰਦਾ ਹੈ। ਬਜ਼ਾਰ ਵਿੱਚੋਂ ਦੁੱਧ ਵੀਹ ਤੋਂ ਤੀਹ ਰੁਪੈ ਲੀਟਰ ਮਿਲਦਾ ਹੈ ਜਦੋਂਕਿ ਗਾਵਾਂ ਲਈ ਵਰਤੋਂ ਵਿੱਚ ਲਿਆਂਦੀ ਜਾਣ ਵਾਲੀ ਚੰਗੀ ਪੋਸ਼ਟਿਕ ਖ਼ੁਰਾਕ ਦੇ ਰੇਟ ਦੁੱਧ ਦੇ ਮੁਕਾਬਲੇ ਕਈ ਗੁਣਾ ਵੱਧ ਹਨ। ਇਸ ਦੇ ਨਾਲ ਹੀ ਬਜ਼ਾਰੂ ਫੀਡ ਵਿੱਚ ਹੋਣ ਵਾਲੀਆਂ ਹੇਰਾਫੇਰੀਆਂ ਤੇ ਪੋਸ਼ਟਿਕਤਾ ਦੀ ਘਾਟ ਫਾਰਮਾਂ ਦੇ ਫੇਲ੍ਹ ਹੋਣ ਦਾ ਸਭ ਤੋਂ ਵੱਡਾ ਕਾਰਨ ਬਣੀ ਹੈ। ਪਸ਼ੂਆਂ ਦੀ ਵਿਕਰੀ ਸਬੰਧੀ ਕੇਂਦਰ ਸਰਕਾਰ ਵੱਲੋਂ ਬਣਾਏ ਨਵੇਂ ਕਾਨੂੰਨ ਵੀ ਡੇਅਰੀ ਫਾਰਮਾਂ ਲਈ ਵੱਡੀ ਸਿਰਦਰਦੀ ਬਣਨਗੇ। ਪੰਜਾਬ ਸਰਕਾਰ ਨੂੰ ਇਸ ਅਹਿਮ ਸਹਾਇਕ ਧੰਦੇ ਨੂੰ ਮੁੜ ਪੈਰਾਂ 'ਤੇ ਲਿਆਉਣ ਲਈ ਡੇਅਰੀ ਫਾਰਮ ਮਾਲਕਾਂ ਦੀਆਂ ਮੁਸ਼ਕਲਾਂ ਵੱਲ ਤੁਰਤ ਧਿਆਨ ਦੇਣਾ ਚਾਹੀਦਾ ਹੈ।

ਸੰਪਰਕ: 097815-74100

## ਕਿਉਂ ਚੜ੍ਹਾਈ ਜਾਂਦੀ ਹੈ ਫਲਾਂ 'ਤੇ ਮੋਮ ਦੀ ਪਰਤ ?

ਪ੍ਰੋ. ਐਚ. ਐਸ. ਡਿੰਪਲ

ਜਿ ਸ ਤਰ੍ਹਾਂ ਸਰੀਰ ਦੇ ਕੁਝ ਭਾਗਾਂ ਤੋਂ ਅਣਚਾਹੇ ਵਾਲ ਉਤਾਰਣ ਲਈ ਮੋਮ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਨੂੰ ਵੈਕਸਿੰਗ ਵੀ ਆਖਿਆ ਜਾਂਦਾ ਹੈ, ਉਵੇਂ ਹੀ ਫਲਾਂ ਦੀ ਦਿੱਖ ਸੁਧਾਰਨ, ਉਨ੍ਹਾਂ ਨੂੰ ਦੇਰ ਤਕ ਖ਼ਰਾਬ ਹੋਏ ਬਿਨਾਂ ਸੰਭਾਲਣ ਅਤੇ ਉਲੀ ਜਾਂ ਕੀਟ ਦੇ ਹਮਲੇ ਤੋਂ ਬਚਾਉਣ ਲਈ, ਫਲਾਂ ਦੀ ਵੀ ਵੈਕਸਿੰਗ ਕੀਤੀ ਜਾਂਦੀ ਹੈ। ਫਲਾਂ ਦੀ ਵੈਕਸਿੰਗ ਕਰਨ ਲਈ ਇਨ੍ਹਾਂ ਤੇ ਮੋਮ ਦੀ ਇਕ ਪਰਤ ਚੜ੍ਹਾਈ ਜਾਂਦੀ ਹੈ। ਅਸਲ ਵਿਚ ਫਲਾਂ (ਕੁਝ ਸਬਜ਼ੀਆਂ ਸਮੇਤ) ਤੇ ਪਹਿਲਾਂ ਹੀ ਕੁਦਰਤੀ ਤੌਰ ਹੀ ਸੁਭਾਵਿਕ ਮੋਮ ਦੀ ਇਕ ਪਰਤ ਚੜ੍ਹੀ ਹੁੰਦੀ ਹੈ। ਫਲਾਂ ਵਿਚ ਸੇਬ ਤੇ ਸਬਜ਼ੀਆਂ ਵਿਚ ਬੈਂਗਣ 'ਤੇ ਇਹ ਪਰਤ ਅਕਸਰ ਦੇਖੀ ਜਾ ਸਕਦੀ ਹੈ। ਇਹ ਪਰਤ ਬਹੁਤ ਹੀ ਪਤਲੀ ਅਤੇ ਮਾਮੂਲੀ ਹੁੰਦੀ ਹੈ ਤੇ ਬਨਾਵਟੀ ਵੈਕਸਿੰਗ ਕਰਨ ਲਈ ਪਹਿਲਾਂ ਇਸ ਕੁਦਰਤੀ ਮੋਮ ਨੂੰ ਗਰਮ ਪਾਣੀ ਦੁਆਰਾ ਉਤਾਰਿਆ ਜਾਂਦਾ ਹੈ ਤੇ ਫਿਰ ਕੁਦਰਤੀ ਮੋਮ ਜਾਂ ਪੈਟਰੋਲੀਅਮ-ਆਧਾਰਤ ਪਦਾਰਥ ਰਾਹੀਂ ਮੁੜ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਫਲਾਂ ਜਾਂ ਸਬਜ਼ੀਆਂ ਦੀ ਵੈਕਸਿੰਗ ਕਰਨ ਦੇ ਕਈ ਕਾਰਨ ਹਨ, ਜਿਨ੍ਹਾਂ ਵਿੱਚੋਂ ਮੁੱਖ ਇਨ੍ਹਾਂ ਦੀ ਦਿੱਖ ਸੁਧਾਰਣਾ ਤੇ ਇਨ੍ਹਾਂ ਵਿਚਲੇ ਪਾਣੀ ਨੂੰ ਸੁੱਕਣ ਤੋਂ ਰੋਕਣਾ, ਜਿਸ ਨਾਲ ਇਨ੍ਹਾਂ ਦਾ ਭਾਰ ਵੀ ਕਾਇਮ ਰਹਿੰਦਾ ਹੈ ਅਤੇ ਇਹ ਰਸਦਾਰ ਵੀ ਰਹਿੰਦੇ ਹਨ। ਸਮੇਂ ਨਾਲ ਖ਼ਰਾਬ ਵੀ ਨਹੀਂ ਹੁੰਦੇ। ਸੰਤਰਾ-ਨਿੰਬੂ ਜਾਤੀ ਦੇ ਫਲਾਂ 'ਤੇ ਅਕਸਰ ਮੋਮ ਚੜ੍ਹਾਈ ਜਾਂਦੀ ਹੈ ਪਰ ਇਸ ਜਾਤੀ ਦੇ ਨਿੰਬੂ ਤੋਂ ਇਲਾਵਾ ਬਾਕੀ ਫਲਾਂ ਦਾ ਛਿਲਕਾ ਅਕਸਰ ਉਤਾਰ ਕੇ ਹੀ ਬਾਕੀ ਪਦਾਰਥ ਨੂੰ ਖਾਣ ਲਈ ਵਰਤਿਆ ਜਾਂਦਾ ਹੈ। ਇਸ ਬਾਰੇ ਜ਼ਿਆਦਾ ਤਵੱਜ਼ੋ ਨਹੀਂ ਦਿੱਤੀ ਜਾਂਦੀ।

ਇਸ ਤੋਂ ਇਲਾਵਾ ਸੇਬਾਂ 'ਤੇ ਵੀ ਮੋਮ ਦੀ ਪਰਤ ਚੜ੍ਹਾਈ ਜਾਂਦੀ ਹੈ। ਇਸ ਨਾਲ ਫਲ ਸੁੰਗੜਦੇ ਨਹੀਂ ਤੇ ਨਾ ਹੀ ਖ਼ਰਾਬ ਹੁੰਦੇ ਹਨ ਤੇ ਗਲਦੇ ਵੀ ਨਹੀਂ। ਫਲਾਂ ਦੀ ਦਿੱਖ ਵੀ ਸੁਧਰ ਜਾਂਦੀ ਹੈ। ਇਨ੍ਹਾਂ ਦੀ ਦਿੱਖ ਨੂੰ ਹੋਰ ਖ਼ੂਬਸੂਰਤ ਬਣਾਉਣ ਲਈ ਮੋਮ ਵਿਚ ਰੰਗ ਵੀ ਪਾਏ ਜਾਂਦੇ ਹਨ ਅਤੇ ਉਲੀਨਾਸ਼ਕ ਪਾ ਕੇ ਇਨ੍ਹਾਂ ਦੀ ਉਮਰ ਵਿਚ ਵੀ ਵਾਧਾ ਕੀਤਾ ਜਾਂਦਾ ਹੈ। ਖਮੀਰੀਕਰਨ ਲਈ ਮੋਮ ਦੀ ਵਰਤੋਂ ਦਾ ਰਿਵਾਜ ਬਾਰ੍ਹਵੀਂ-ਤੇਰ੍ਹਵੀਂ ਸਦੀ ਤੋਂ ਕੀਤਾ ਜਾ ਰਿਹਾ ਹੈ। ਵਪਾਰੀਕਰਨ ਲਈ ਉਤਪਾਦਕਾਂ ਵਜੋਂ ਇਸ ਦੀ ਵਰਤੋਂ 1927 ਵਿਚ ਆਰੰਭ ਕੀਤੀ ਗਈ।

ਕਸਾਵਾ, ਖੀਰਾ ਅਤੇ ਟਮਾਟਰਾਂ ਨੂੰ ਵੀ ਅਕਸਰ ਵੈਕਸ ਕਰਨ ਦਾ ਰਿਵਾਜ ਹੈ। ਮੋਮ ਨੂੰ ਤਿੰਨ ਭਾਗਾਂ ਵਿਚ ਵੰਡਿਆ ਜਾਂਦਾ ਹੈ। ਸਟੋਰੇਜ਼ ਵੈਕਸ (ਫਲ ਦੀ ਲੰਮੀ ਉਮਰ ਲਈ), ਪੈਕ-ਆਊਟ ਵੈਕਸ (ਇਕਦਮ ਵੇਚਣ ਲਈ) ਅਤੇ ਹਾਈਸ਼ਾਈਨ ਵੈਕਸ (ਆਕਰਸ਼ਣ ਵਧਾਉਣ ਲਈ)। ਗੰਨਾ, ਕਰਨੌਬਾ, ਸ਼ੈਲੇਕ ਜਾਂ ਰੇਜ਼ਿਨ ਤੋਂ ਤਿਆਰ ਮੋਮ ਨੂੰ ਜੈਵਿਕ ਮੋਮ ਤੇ ਰਸਾਇਣਕ ਸਿਧਾਂਤ ਰਾਹੀਂ ਤਿਆਰ ਮੋਮ ਨੂੰ ਪੈਟਰੋਲੀਅਮ ਆਧਾਰਤ ਆਖਿਆ ਜਾਂਦਾ ਹੈ। ਇਸ ਲਈ ਕਈ ਵਾਰ ਤਾਂ ਮੋਮ ਦੇ ਘੋਲ ਵਿਚ ਫਲਾਂ ਨੂੰ ਡੁਬੋਇਆ ਜਾਂਦਾ ਹੈ ਤੇ ਕਈ ਵਾਰ ਮੋਮ ਨੂੰ ਕੂਚੇ ਰਾਹੀਂ ਜਾਂ ਕੱਪੜੇ ਤੇ ਲਗਾ ਕੇ ਫਲ 'ਤੇ ਲਗਾਇਆ ਜਾਂਦਾ ਹੈ। ਤਾਲ-ਪਰਲੌਂਗ, ਸੈਂਪਰ ਫਰੈਸ਼, ਫਰੂਟੋਕਸ, ਕਲੀਨ, ਨਿਪਰੋ ਫਰੈਸ਼ ਅਤੇ ਡੈਕੋ ਲਸਟਰ ਆਦਿ ਬਨਾਵਟੀ ਮੋਮ ਦੇ ਪ੍ਰਸਿਧ ਬ੍ਰਾਂਡ ਹਨ।



# ਲਾਹੇਵੰਦਾ ਸਹਾਇਕ ਧੰਦਾ: ਖੁੰਬਾਂ ਦੀ ਕਾਸ਼ਤ

• ਇੰਜੀ. ਮਨਵਿੰਦਰ ਸਿੰਘ ਗਿਆਸਪੁਰਾ

ਖੁੰਬ ਜੋ ਕਿ ਉੱਲੀ ਤੋਂ ਉਤਪੰਨ ਹੁੰਦੀ ਹੈ। ਦੂਜੇ ਸ਼ਬਦਾਂ ਵਿੱਚ ਇਸ ਨੂੰ ਖਾਣ ਵਾਲੀ ਉੱਲੀ ਵੀ ਕਹਿ ਸਕਦੇ ਹਾਂ। ਕੁੱਝ ਖੁੰਬਾ ਜ਼ਹਿਰੀਲੀਆਂ ਵੀ ਹੁੰਦੀਆਂ ਹਨ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੇ ਪੰਜ ਤਰ੍ਹਾਂ ਦੀਆਂ ਕਿਸਮਾਂ ਤਿਆਰ ਕੀਤੀਆਂ ਹਨ ਕਾਸ਼ਤਕਾਰ ਸਾਰਾ ਸਾਲ ਹੀ ਇਨ੍ਹਾਂ ਨੂੰ ਉਗਾ ਸਕਦੇ ਹਨ। ਇਨ੍ਹਾਂ ਵਿੱਚੋਂ ਬਟਨ, ਢੀਂਗਰੀ ਅਤੇ ਸਿਟਾਕੀ ਸਰਦੀਆਂ ਵਿੱਚ ਉਗਾਈਆਂ ਜਾ ਸਕਦੀਆਂ ਹਨ ਅਤੇ ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬਾਂ ਉਗਾਈਆਂ ਜਾ ਸਕਦੀਆਂ ਹਨ। ਖੁੰਬਾਂ ਦੀਆਂ ਕਿਸਮਾਂ ਤੇ ਉਨ੍ਹਾਂ ਨੂੰ ਉਗਾਉਣ ਦੇ ਢੰਗ ਇਸ ਤਰ੍ਹਾਂ ਹਨ:

ਬਟਨ ਖੁੰਬ: ਬਟਨ ਖੁੰਬ ਨੂੰ ਉਗਾਉਣ ਲਈ ਸਭ ਤੋਂ ਪਹਿਲਾਂ ਕੰਪੋਸਟ ਤਿਆਰ ਕਰਨੀ ਪੈਂਦੀ ਹੈ। ਇਸ ਦੀ ਕੰਪੋਸਟ 28 ਤੋਂ 30 ਦਿਨਾਂ ਵਿੱਚ ਤਿਆਰ ਕੀਤੀ ਜਾ ਸਕਦੀ ਹੈ। ਮੌਸਮ ਦੇ ਮਿਜਾਜ ਨੂੰ ਦੇਖਦੇ ਹੋਏ ਇਸ ਨੂੰ ਬੀਜਣ ਦੀ ਤਿਆਰੀ ਕਰਨੀ ਚਾਹੀਦੀ ਹੈ। ਕੰਪੋਸਟ ਬਣਨ ਤੋਂ ਬਾਅਦ ਜਦੋਂ ਬੀਜਣੀ ਹੋਵੇ ਤਾਂ ਉਸ ਸਮੇਂ ਮੌਸਮ ਗਰਮ ਨਹੀਂ ਹੋਣਾ ਚਾਹੀਦਾ। ਇਸ ਵਾਸਤੇ 18 ਤੋਂ 25 ਡਿਗਰੀ ਤਾਪਮਾਨ ਵਧੀਆ ਮੰਨਿਆ ਜਾਂਦਾ ਹੈ। ਕੰਪੋਸਟ ਤਿਆਰ ਕਰਨ ਲਈ ਸਭ ਤੋਂ ਪਹਿਲਾਂ 3 ਕੁਇੰਟਲ ਤੂੜੀ (ਜਾਂ 4 ਹਿੱਸੇ ਤੂੜੀ 1 ਹਿੱਸਾ ਪਰਾਲ਼ੀ) ਨੂੰ ਪੱਕੇ ਫਰਸ਼ 'ਤੇ ਗਿੱਲਾ ਕਰੋ। ਉੱਪਰ ਸ਼ੈੱਡ ਹੋਣਾ ਜ਼ਰੂਰੀ ਹੈ। ਇਸ ਤੂੜੀ ਨੂੰ 24 ਤੋਂ 48 ਘੰਟੇ ਤੱਕ ਪੂਰਾ ਗਿੱਲਾ ਰੱਖੋ। ਇਸ ਵਿੱਚ ਨਮੀ ਦੀ ਮਾਤਰਾ 70 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਨਮੀਂ ਦੀ ਮਾਤਰਾ ਚੈੱਕ ਕਰਨ ਲਈ ਜਦੋਂ ਗਿੱਲੀ ਤੂੜੀ ਨੂੰ ਮੁੱਠੀ ਵਿੱਚ ਲੈ ਕੇ ਘੁੱਟੋਗੇ ਤਾਂ ਪਾਣੀ ਦੀਆਂ ਬੂੰਦਾਂ ਉਗਲੀਆਂ ਦੇ ਜੋੜਾਂ ਵਿੱਚੋਂ ਟਪਕਣਗੀਆਂ। ਇਸ ਤਿਆਰ ਤੂੜੀ ਵਿੱਚ 1 ਕਿਲੋ ਡੀਏਪੀ, 6.5 ਕਿਲੋ ਯੂਰੀਆ, 3 ਕਿਲੋ ਸੁਪਰਫਾਸਫੇਟ, 15 ਕਿਲੋ ਚੋਕਰ (ਛਾਣ ਬੂਰਾ) ਰਲਾ ਕੇ ਚੰਗੀ ਤਰ੍ਹਾਂ ਰਲਾਵੋ। ਇਸ ਸਮੱਗਰੀ ਨੂੰ 4 ਦਿਨ ਤੱਕ ਢੇਰ ਲਗਾ ਕੇ ਰੱਖੋ। ਚੌਥੇ ਦਿਨ 5 ਕਿਲੋ ਗੁੜ ਦਾ ਸੀਰਾ ਚੰਗੀ ਤਰ੍ਹਾਂ ਰਲਾ ਕੇ ਢੇਰ ਲਗਾ ਦੇਵੋ। ਅੱਠਵੇਂ ਦਿਨ ਖਾਲੀ ਰਲਾ ਲਵੋ ਤੇ ਢੇਰ ਲਗਾਉ। 12ਵੇਂ ਦਿਨ 30 ਕਿਲੋ ਜਿਪਸਮ ਪਾਉ, ਮਿਕਸ ਕਰੋ ਤੇ ਢੇਰ ਲਗਾ ਦੇਵੋ। 16ਵੇਂ ਦਿਨ ਕੁੱਝ ਨਹੀਂ ਪਾਉਣਾ ਤੂੜੀ ਨੂੰ ਫਰੋਲ਼ ਕੇ ਦੂਜੀ ਜਗ੍ਹਾ ਢੇਰੀ ਲਗਾਉ। 20ਵੇਂ ਦਿਨ 150 ਮਿਲੀਲੀਟਰ ਫਿਊਰਡਮ ਮਿਲਾਉ। 24ਵੇਂ ਦਿਨ ਤੂੜੀ ਨੂੰ ਚੰਗੀ ਤਰ੍ਹਾਂ ਫਰੋਲ ਕੇ ਦੁਬਾਰਾ ਢੇਰ ਲਗਾਉ ਇਸ ਵਿੱਚ ਹੋਰ ਕੁੱਝ ਨਹੀਂ ਪਾਉਣਾ। 28ਵੇਂ ਦਿਨ 60 ਮਿਲੀਗ੍ਰਾਮ ਗਾਮਾ ਰਲਾ ਲਵੋ ਅਤੇ ਤੁਹਾੜਾ ਸਟੈਗ ਜਾਂ ਤੂੜੀ ਖੁੰਬ ਬੀਜਣ ਵਾਸਤੇ ਤਿਆਰ ਹੈ। ਕੰਪੋਸਟ ਭੂਰੇ ਰੰਗ ਦਾ ਹੋ ਜਾਵੇਗਾ। ਧਿਆਨ ਦੇਣ ਯੋਗ ਗੱਲ ਹੈ ਕਿ ਕੰਪੋਸਟ ਵਿੱਚੋਂ ਅਮੋਨੀਆ ਦਾ ਮੁਸ਼ਕ ਨਾ ਆਉਂਦਾ ਹੋਵੇ। ਇਸ ਢੇਰ ਦੀ ਦਾ ਪੀਐਚ ਮੁੱਲ 7 ਤੋਂ 8 ਹੋਵੇ ਅਤੇ ਨਮੀ 65 ਤੋਂ 75 ਫ਼ੀਸਦੀ ਤੱਕ ਹੋਵੇ।

ਬਿਜਾਈ: ਮੌਸਮ ਨੂੰ ਦੇਖਦੇ ਹੋਏ ਬਿਜਾਈ ਕਰੋ। 20 ਕਿਲੋ ਦੀ ਢੇਰੀ ਵਿੱਚ 250-300 ਗ੍ਰਾਮ ਬੀਜ ਲਵੋ। 10 ਗ੍ਰਾਮ ਬੀਜ ਨੂੰ ਰੱਖ ਕੇ ਬਾਕੀ ਦੇ ਬੀਜ ਨੂੰ 20 ਕਿਲੋ ਕੰਪੋਸਟ ਵਿੱਚ ਰਲਾ ਦੇਵੋ। 5-5 ਕਿਲੋ ਦੇ ਚਾਰ ਲਿਫਾਫੇ ਤੁੰਨ-ਤੁੰਨ ਕੇ ਭਰ ਲਵੋ। ਲਿਫਾਫਿਆਂ ਦੇ ਉੱਪਰ ਬਚਾਏ ਹੋਏ ਬੀਜ ਦੇ ਕੁੱਝ ਦਾਣੇ ਖਿਲਾਰ ਕੇ ਬੰਦ ਕਰ ਦੇਵੋ। ਇਨ੍ਹਾਂ ਲਿਫਾਫਿਆਂ ਨੂੰ ਅਲੱਗ ਕਮਰੇ ਵਿੱਚ ਰੱਖ ਲਵੋ। 15 ਕੁ ਦਿਨਾਂ ਵਿੱਚ ਚਿੱਟਾ ਰੇਸ਼ਾ ਦਿਖਾਈ ਦੇਵੇਗਾ। ਹੁਣ ਇਨ੍ਹਾਂ ਲਿਫਾਫਿਆਂ ਦੇ ਉਪਰ ਕੇਸਿੰਗ ਤਿਆਰ ਕਰਕੇ ਪਾਉਣੀ ਹੈ। ਕੇਸਿੰਗ ਤਿਆਰ ਕਰਨ ਲਈ 4 ਹਿੱਸੇ ਰੂੜੀ 1 ਹਿੱਸਾ ਖੇਤ ਦੀ ਰੇਤਲੀ ਮਿੱਟੀ ਵਿੱਚ 4 ਫ਼ੀਸਦੀ ਫਾਰਮੈਲਡੀਹਾਈਟ ਪਾ ਕੇ ਰਲਾ ਲੈਣਾ ਹੈ। ਇਸ ਨੂੰ ਕੰਪੋਸਟ ਵਾਲ਼ੇ ਲਿਫਾਫਿਆਂ ਦੇ ਉੱਪਰੋ ਖੋਹਲ ਕੇ ਤਕਰੀਬਨ ਡੇਢ ਇੰਚ ਤੱਕ ਪਾ ਦੇਣਾ ਹੈ। ਹਰ ਰੋਜ਼ ਹੱਥ ਵਾਲੇ ਸਪਰੇਅ ਪੰਪ ਨਾਲ਼ ਪਾਣੀ ਛਿੜਕਾਅ ਕਰਨਾ ਹੈ। 12 ਤੋਂ 15 ਦਿਨਾਂ ਤੱਕ ਖੁੰਬਾ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਬਿਨਾ ਧੋਤੇ ਪੈਕ ਕਰਕੇ ਵੇਚੋ ਜਾਂ ਇਨ੍ਹਾਂ ਦਾ ਅਚਾਰ ਆਦਿ ਬਣਾ ਕੇ ਵੇਚੋ।

ਢੀਂਗਰੀ: ਇਹ ਖੁੰਬ ਵੀ ਸਰਦੀਆਂ ਵਿੱਚ ਹੀ ਉਗਾਈ ਜਾਂਦੀ ਹੈ। ਇਸ ਵਿੱਚ ਖ਼ੁਰਾਕੀ ਤੱਤ ਬਟਨ ਖੁੰਬ ਵਾਲ਼ੇ ਹੀ ਹੁੰਦੇ ਹਨ ਪਰ ਦਿੱਖ ਪੱਖੋ ਇਹ ਬਹੁਤੀ ਸੋਹਣੀ ਨਹੀਂ ਲੱਗਦੀ। ਇਹ ਕਿਸਮ ਉਗਾਉਣੀ ਬਹੁਤ ਆਸਾਨ ਹੈ। ਇਸ ਨੂੰ ਉਗਾਉਣ ਲਈ ਕਿਸੇ ਵੀ ਰਸਾਇਣ ਦੀ ਵਰਤੋਂ ਨਹੀਂ ਹੁੰਦੀ। ਤੂੜੀ ਨੂੰ ਚੰਗੀ ਤਰ੍ਹਾਂ ਗਿੱਲੀ ਕਰੋ। ਜਦੋਂ ਤੂੜੀ ਵਿੱਚ ਨਮੀ ਦੀ ਮਾਤਰਾ 65 ਤੋਂ 75 ਫ਼ੀਸਦੀ ਹੋ ਜਾਵੇ ਤਾਂ ਬੀਜਾਈ ਕਰ ਸਕਦੇ ਹੋ। ਇਸ ਲਈ ਤੂੜੀ ਦੋ ਦਿਨ ਵਿੱਚ ਹੀ ਤਿਆਰ ਹੋ ਜਾਂਦੀ ਹੈ। ਬਿਜਾਈ ਲਈ 5-5 ਕਿਲੋ ਦੀਆਂ ਢੇਰੀਆਂ ਲਗਾਉ। 5 ਕਿਲੋ ਦੀ ਢੇਰੀ ਵਿੱਚ 250 ਗ੍ਰਾਮ ਬੀਜ ਰਲਾਉ। ਯਾਦ ਰੱਖੋ 10 ਗ੍ਰਾਮ ਬੀਜ ਵੱਖ ਰੱਖ ਲਵੋ। ਢਾਈ ਕਿਲੋ ਦੇ ਲਿਫਾਫੇ ਵਿੱਚ ਬੀਜ ਰਲੀ ਤੂੜੀ ਨੂੰ ਚੰਗੀ ਤਰ੍ਹਾਂ ਤੁੰਨ-ਤੁੰਨ ਕੇ ਭਰੋ। ਬਚੇ ਹੋਏ ਥੋੜ੍ਹੇ ਜਿਹੇ ਬੀਜ ਉਪਰਲੇ ਪਾਸੇ ਖ਼ਿਲਾਰ ਕੇ ਲਿਫਾਫੇ ਨੂੰ ਰੱਸੀ ਨਾਲ਼ ਕਸ ਕੇ ਬੰਨ੍ਹ ਦੇਵੋ ਅਤੇ ਥੱਲੇ ਦੋਵੇਂ ਪਾਸਿਆਂ ਤੋਂ ਥੋੜ੍ਹਾ ਕੱਟ ਲਗਾ ਦੇਵੋ। ਇਸ ਪੈਕਟ ਨੂੰ ਕਮਰੇ ਵਿੱਚ ਸ਼ੈਲਫਾਂ 'ਤੇ ਰੱਖ ਦੇਵੋ। 20 ਤੋਂ 22 ਦਿਨਾਂ ਤੱਕ ਲਿਫਾਫੇ ਵਿੱਚ ਚਿੱਟੇ ਰੰਗ ਦਾ ਰੇਸ਼ਾ ਫੈਲ ਜਾਵੇਗਾ। ਜਦੋਂ ਰੇਸ਼ਾ ਫੈਲ ਜਾਵੇ ਤਾਂ ਲਿਫਾਫੇ ਨੂੰ ਪਾੜ ਕੇ ਅਲੱਗ ਕਰੋ ਅਤੇ ਤੂੜੀ ਦਾ ਸਟੈਗ ਲੱਗਿਆ ਰਹਿ ਜਾਵੇਗਾ। ਇਸ ਨੂੰ ਹਰ ਰੋਜ਼ ਹਲਕੀ ਫੁਹਾਰ ਨਾਲ਼ ਪਾਣੀ ਦਾ ਛਿੱਟਾ ਦੇਵੋ। ਥੋੜ੍ਹੇ ਦਿਨਾਂ ਬਾਅਦ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਇਨ੍ਹਾਂ ਖੁੰਬਾਂ ਨੂੰ ਸਾਵਧਾਨੀ ਨਾਲ਼ ਤੋੜ ਕੇ ਬਿਨਾਂ ਧੋਤੇ ਪੈਕ ਕਰਕੇ ਵੇਚ ਸਕਦੇ ਹੋ।

ਸਿਟਾਕੀ ਖੁੰਬ: ਇਹ ਮੈਡੀਕਲ ਖੁੰਬ ਹੈ। ਇਹ ਕਾਫੀ ਮਹਿੰਗੀ ਵੀ ਹੁੰਦੀ ਹੈ ਅਤੇ ਆਮ ਘਰਾਂ ਵਿੱਚ ਸੌਖੇ ਤਰੀਕੇ ਨਹੀਂ ਉਗਾਈ ਜਾ ਸਕਦੀ। ਗਰਮੀਆਂ ਵਿੱਚ ਮਿਲਕੀ ਅਤੇ ਪਰਾਲ਼ੀ ਖੁੰਬ ਆਸਾਨੀ ਨਾਲ਼ ਉਗਾਈਆਂ ਜਾ ਸਕਦੀਆਂ ਹਨ-

ਮਿਲਕੀ ਖੁੰਬ: ਮਿਲਕੀ ਖੁੰਬ ਲਈ ਤਾਪਮਾਨ 28 ਤੋਂ 35 ਡਿਗਰੀ ਸੈਲਸੀਅਸ ਚਾਹੀਦਾ ਹੈ। ਇਸ ਨੂੰ ਉਗਾਉਣ ਲਈ ਤੂੜੀ ਅਤੇ ਪਰਾਲ਼ੀ 50:50 ਜਾਂ ਇਕੱਲ਼ੀ ਤੂੜੀ ਨੂੰ ਇੱਕ ਬੋਰੇ ਵਿੱਚ ਪਾ ਕੇ ਵੱਡੇ ਡਰੰਮ ਵਿੱਚ ਡੇਢ ਤੋਂ ਦੋ ਘੰਟੇ ਤੱਕ ਉਬਾਲ਼ ਲਵੋ। ਇਹ ਜਰਮ ਰਹਿਤ ਹੋ ਜਾਵੇਗੀ ਤੇ ਇਸ ਨੂੰ ਠੰਢੀ ਕਰੋ। ਯਾਦ ਰਹੇ ਨਮੀਂ ਦੀ ਮਾਤਰਾ 65 ਤੋਂ 75 ਫ਼ੀਸਦੀ ਹੋਣੀ ਚਾਹੀਦੀ ਹੈ। ਇਸ ਦੀਆਂ 5-5 ਕਿਲੋ ਦੀਆਂ ਢੇਰੀਆਂ ਲਗਾ ਲਵੋ। 5 ਕਿਲੋ ਢੇਰੀ ਵਿੱਚ 200 ਗ੍ਰਾਮ ਬੀਜ ਰਲਾਉ। ਢਾਈ ਕਿਲੋ ਦੇ ਬੈਗ ਭਰੋ ਅਤੇ ਉਪਰੋਂ ਸੇਬੇ ਨਾਲ਼ ਬੰਨ੍ਹ ਕੇ ਪਾਸਿਆਂ 'ਤੇ ਕੱਟ ਮਾਰ ਦੇਵੋ ਅਤੇ ਕਮਰੇ ਦੀਆਂ ਸੈਲਫਾਂ 'ਤੇ ਰੱਖੋ। ਕਮਰੇ ਅੰਦਰ ਨਮੀਂ ਨੂੰ ਬਰਕਰਾਰ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਹਰ ਰੋਜ਼ ਪਾਣੀ ਲਗਾਓ, ਧਿਆਨ ਰਹੇ ਕਿ ਬੈਗਾਂ ਨੂੰ ਪਾਣੀ ਨਹੀਂ ਦੇਣਾ। 20 ਤੋਂ 25 ਦਿਨਾਂ ਤੱਕ ਚਿੱਟਾ ਰੇਸ਼ਾ ਨਜ਼ਰ ਆਵੇਗਾ। ਲਿਫਾਫੇ ਨੂੰ ਕੱਟ ਕੇ ਬਾਹਰ ਕਰ ਦੇਵੋ ਤੇ ਪਿੱਛੇ ਤੂੜੀ ਦਾ ਸਟੈਗ ਬਣ ਜਾਵੇਗਾ। ਇਸ ਨੂੰ ਹਰ ਰੋਜ਼ ਪਾਣੀ ਦਾ ਛਿੱਟਾ ਦੇਵੋ। ਕਮਰੇ ਵਿੱਚ ਨਮੀਂ ਬਰਕਰਾਰ ਰੱਖਣੀ ਹੈ। 10 ਤੋਂ 15 ਦਿਨਾਂ ਤੱਕ ਖੁੰਬਾਂ ਫੁੱਟਣੀਆਂ ਸ਼ੁਰੂ ਹੋ ਜਾਣਗੀਆਂ। ਖੁੰਬਾਂ ਨੂੰ ਧਿਆਨ ਨਾਲ਼ ਤੋੜ ਕੇ ਬਿਨਾ ਧੋਤੇ ਪੈਕ ਕਰਕੇ ਮੰਡੀ ਵਿੱਚ ਵੇਚਿਆ ਜਾ ਸਕਦਾ ਹੈ।

ਪਰਾਲ਼ੀ ਖੁੰਬ: ਸੁੱਕੀ ਤੇ ਸਾਫ਼ ਪਰਾਲ਼ੀ ਦੇ ਪੂਲ਼ੇ ਬਣਾ ਲਵੋ। ਇੱਕ ਪੂਲ਼ੇ ਦਾ ਵਜ਼ਨ ਤਕਰੀਬਨ ਇੱਕ ਕਿਲੋ ਤੋਂ ਡੇਢ ਕਿਲੋ ਹੋਣਾ ਚਾਹੀਦਾ ਹੈ। ਇਨ੍ਹਾਂ ਪੂਲ਼ਿਆਂ ਨੂੰ ਦੋਵਾਂ ਸਿਰਿਆਂ ਤੋਂ ਸੇਬੇ ਨਾਲ਼ ਬੰਨ੍ਹ ਲਵੋ। ਸੇਬੇ ਨਾਲ਼ ਬੰਨ੍ਹੇ ਪੂਲ਼ੇ 16 ਤੋਂ 20 ਘੰਟੇ ਪਾਣੀ ਵਿੱਚ ਭਿਉਂ ਦੇਵੋ। ਪਾਣੀ ਵਿੱਚੋਂ ਕੱਢ ਕੇ ਇਨ੍ਹਾਂ ਨੂੰ ਕਿਸੇ ਢਲਵੀ ਥਾਂ 'ਤੇ ਰੱਖੋ ਅਤੇ ਬਿਜਾਈ ਕਰਨ ਵਾਲ਼ੇ ਕਮਰੇ ਵਿੱਚ ਲੈ ਜਾਵੋ। ਇਨ੍ਹਾਂ ਪੂਲਿਆਂ ਦੀਆਂ ਤਹਿਆਂ ਲਗਾਉ। ਇੱਕ ਤਹਿ ਵਿੱਚ 5-5 ਪੂਲੇ ਹੋਣੇ ਚਾਹੀਦੇ ਹਨ। ਪੰਜ ਪੂਲ਼ੇ ਰੱਖ ਕੇ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਉੱਪਰ 5 ਪੂਲੇ ਰੱਖੋ ਅਤੇ ਫਿਰ 75 ਗ੍ਰਾਮ ਬੀਜ ਖਿਲਾਰ ਦੇਵੋ। ਫਿਰ ਤੀਜੀ ਤਹਿ ਰੱਖੋ ਅਤੇ 75 ਗ੍ਰਾਮ ਬੀਜ ਖਿਲਾਰ ਦੇਵੋ। ਚੌਥੀ ਤਹਿ ਲਗਾ ਕੇ ਇਸ ਨੂੰ ਥੋੜ੍ਹਾ ਦਬਾਅ ਪਾਉ।

ਪਾਣੀ ਦੇਣਾ: ਪਹਿਲੇ ਦੋ ਦਿਨ ਪਾਣੀ ਦੀ ਲੋੜ ਨਹੀਂ। ਉਸ ਤੋਂ ਬਾਅਦ ਰੋਜ਼ ਪਾਣੀ ਦਾ ਹਲਕਾ ਛਿੜਕਾਅ ਕਰੋ। ਨਮੀਂ ਬਣਾਈ ਰੱਖਣ ਲਈ ਕਮਰੇ ਦੀਆਂ ਕੰਧਾਂ 'ਤੇ ਵੀ ਪਾਣੀ ਦਾ ਛਿੜਕਾਅ ਜ਼ਰੂਰੀ ਹੈ। 7 ਤੋਂ 9 ਦਿਨਾਂ ਤੱਕ ਖੁੰਬਾਂ ਨਿਕਲਣੀਆਂ ਸ਼ੁਰੂ ਹੋ ਜਾਣਗੀਆਂ। ਲਗਾਤਾਰ ਪੂਲ਼ੇ ਰੱਖਣ ਤੇ ਕੁਝ ਸਮਾਂ ਠਹਿਰ ਕੇ ਬਿਜਾਈ ਕਰਨ ਨਾਲ ਅਗਸਤ ਸਤੰਬਰ ਤੱਕ ਖੁੰਬਾਂ ਦੀ ਖੇਤੀ ਕੀਤੀ ਜਾ ਸਕਦੀ ਹੈ। ਜਦੋਂ ਗਰਮੀ ਘਟਣ ਲੱਗੇ ਤਾਂ ਬਟਨ ਖੁੰਬ ਦਾ ਸਟੈਗ ਬਣਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ ਅਤੇ ਅਸੀਂ ਪੂਰਾ ਸਾਲ ਖੁੰਬ ਲੈ ਸਕਦੇ ਹਾਂ ਅਤੇ ਆਪਣੀ ਆਮਦਨ ਵਿੱਚ ਚੋਖਾ ਵਾਧਾ ਕਰ ਸਕਦੇ ਹਾਂ। ਆਮਦਨ ਨਾ ਸਹੀ ਘੱਟੋ-ਘੱਟ ਘਰ ਲਈ ਸਬਜ਼ੀ ਲਈ ਜਾ ਸਕਦੀ ਹੈ।

ਅਜਿਹੇ ਯਤਨਾਂ ਨਾਲ ਜਿੱਥੇ ਵਿਹਲੇ ਸਮੇਂ ਦਾ ਸਹੀ ਉਪਯੋਗ ਹੁੰਦਾ ਹੈ, ਉੱਥੇ ਹੀ ਅਸੀਂ ਆਪਣੇ ਖ਼ਰਚਿਆਂ ਦੀ ਪੂਰਤੀ ਵੀ ਕਰ ਸਕਦੇ ਹਾਂ।

ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰ ਕਿਸਾਨਾਂ ਦੀ ਸਹਾਇਤਾ ਲਈ ਹਰ ਵਕਤ ਤਿਆਰ ਹਨ, ਬਸ ਕਿਸਾਨਾਂ ਨੂੰ ਦ੍ਰਿੜ ਇਰਾਦੇ ਨਾਲ ਇਸ ਪਾਸੇ ਕਦਮ ਵਧਾਉਣ ਦੀ ਲੋੜ ਹੈ। ਕਿਸਾਨ ਮਾਹਿਰਾਂ ਦੇ ਸਹਿਯੋਗ ਦੇ ਨਾਲ ਨਾਲ ਯੂਨੀਵਰਸਿਟੀ ਦੀਆਂ ਮਸ਼ੀਨਾਂ ਨੂੰ ਆਪਣੇ ਫ਼ਾਇਦੇ ਲਈ ਵੀ ਵਰਤ ਸਕਦੇ ਹਨ। ਯੂਨੀਵਰਸਿਟੀ ਕਿਸਾਨਾਂ ਨੂੰ ਸਲਾਹ ਦੇ ਨਾਲ ਨਾਲ ਖੁੰਬਾਂ ਦੇ ਬੀਜ ਵੀ ਮੁਹੱਈਆ ਕਰਵਾਉਂਦੀ ਹੈ।

# ਬਿਮਾਰੀਆਂ ਨੂੰ ਸੱਦਾ ਦਿੰਦੇ ਨੇ ਕਈ ਸਜਾਵਟੀ ਬੂਟੇ

**ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।**



ਅਮਰਜੀਤ ਸਾਹੀਵਾਲ

ਸਮੇਂ ਦੇ ਨਾਲ ਲੋਕ ਘਰਾਂ ਦੀ ਸਜਾਵਟ, ਵਾਤਾਵਰਨ ਤੇ ਆਲੇ-ਦੁਆਲੇ ਦੀ ਸਫ਼ਾਈ ਵੱਲ ਕਾਫ਼ੀ ਸੁਚੇਤ ਹੋ ਰਹੇ ਹਨ, ਪਰ ਇਹ ਯਤਨ ਉਸ ਪੱਧਰ ਤਕ ਨਹੀਂ ਪੁੱਜੇ ਜਿਸ ਦੀ ਜ਼ਰੂਰਤ ਹੈ। ਅਸੀਂ ਘਰਾਂ ਨੂੰ ਸਜਾਉਣ ਸਮੇਂ ਕੁਝ ਅਜਿਹੀਆਂ ਗ਼ਲਤੀਆਂ ਕਰਦੇ ਹਾਂ ਜਿਸ ਦਾ ਖ਼ਮਿਆਜ਼ਾ ਸਾਨੂੰ ਬਾਅਦ ਵਿੱਚ ਭੁਗਤਣਾ ਪੈਂਦਾ ਹੈ। ਆਮ ਤੌਰ 'ਤੇ ਘਰਾਂ ਦੀ ਬੈਠਕ, ਵਰਾਂਡਾ, ਬਾਲਕਨੀ, ਬਾਥਰੂਮ ਤੇ ਰਸੋਈ ਦੀ ਸੈਲਫ ਸਣੇ ਹੋਟਲਾਂ ਦੇ ਟੇਬਲਾਂ ਦੀ ਸ਼ਾਨ ਵਧਾਉਣ ਲਈ ਮਨੀ ਪਲਾਂਟ ਦਾ ਪੌਦਾ ਆਮ ਹੀ ਵਰਤਿਆ ਜਾਂਦਾ ਹੈ। ਇਹ ਆਸਾਨੀ ਨਾਲ ਕਿਤੇ ਵੀ ਕਿਸੇ ਕੰਟੇਨਰ, ਕੰਚ ਦੀ ਬੋਤਲ ਜਾਂ ਪਲਾਸਟਿਕ ਦੇ ਬਰਤਨ ਵਿੱਚ ਥੋੜ੍ਹੇ ਜਿਹੇ ਪਾਣੀ ਵਿੱਚ ਬਿਨਾਂ ਬਹੁਤੀ ਦੇਖ-ਰੇਖ ਦੇ ਆਸਾਨੀ ਨਾਲ ਉੱਗ ਪੈਂਦਾ ਹੈ। ਇਹ ਪੌਦਾ ਘਰ ਵਿੱਚ ਪੈਸੇ ਤਾਂ ਨਹੀਂ ਲਿਆਉਂਦਾ ਪਰ ਇਸ ਪੌਦੇ ਦੀ ਬੋਤਲ ਜਾਂ ਕੰਟੇਨਰਾਂ ਵਿਚਲਾ ਥੋੜ੍ਹਾ ਜਿਹਾ ਪਾਣੀ ਡੇਂਗੂ ਬੁਖ਼ਾਰ ਜ਼ਰੂਰ ਲਿਆਉਂਦਾ ਹੈ।

ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਇਸ ਪੌਦੇ ਦੇ ਜਾਰ ਜਾਂ ਕੰਟੇਨਰ ਵਿੱਚ ਥੋੜ੍ਹਾ ਜਿਹਾ ਪਾਣੀ ਡੇਂਗੂ ਦੇ ਏਡੀਜ਼ ਮਾਦਾ ਮੱਛਰ ਲਈ ਅੰਡੇ ਦੇਣ ਦੀ ਮਨਪਸੰਦ ਥਾਂ ਹੈ। 50 ਫ਼ੀਸਦੀ ਡੇਂਗੂ ਦਾ ਲਾਰਵਾ ਇਸ ਸਾਫ਼ ਖੜ੍ਹੇ ਪਾਣੀ ਵਿੱਚ ਪਾਇਆ ਜਾਂਦਾ ਹੈ। ਏਡੀਜ਼ ਮਾਦਾ ਮੱਛਰ ਪੌਦੇ ਦੇ ਬਰਤਨ ਦੀਆਂ ਦੀਵਾਰਾਂ 'ਤੇ ਅੰਡੇ ਦਿੰਦੀ ਹੈ। ਇਹ ਲਾਰਵਾ ਛੇਤੀ ਹੀ ਪਿਉਪਾ ਬਣ ਜਾਂਦਾ ਹੈ ਤੇ 2 ਦਿਨਾਂ ਵਿੱਚ ਹੀ ਪੂਰਾ ਮੱਛਰ ਬਣ ਕੇ ਸ਼ਿਕਾਰ ਦੀ ਤਲਾਸ਼ ਵਿੱਚ ਉੱਡ ਜਾਂਦਾ ਹੈ। ਮਨੁੱਖ ਦਾ ਖ਼ੂਨ ਹੀ ਇਸ ਦੀ ਮਨਪਸੰਦ ਖ਼ੁਰਾਕ ਹੈ। ਇਹ ਹੁਸ਼ਿਆਰੀ ਨਾਲ ਉਡ ਕੇ ਸਰੀਰ ਦੇ ਨੰਗੇ ਹਿੱਸਿਆਂ ਜਿਵੇਂ ਲੱਤਾਂ, ਪੈਰਾਂ, ਗਿੱਟਿਆਂ, ਹੱਥਾਂ ਅਤੇ ਨੱਕ ਆਦਿ 'ਤੇ ਕੱਟਦਾ ਹੈ।

ਮੀਂਹਾਂ ਦੇ ਖ਼ਤਮ ਹੁੰਦਿਆਂ ਤੇ ਠੰਢ ਦੇ ਸ਼ੁਰੂ ਹੋਣ ਦੇ ਨਾਲ ਹੀ ਇਨ੍ਹਾਂ ਮੱਛਰਾਂ ਦਾ ਕਹਿਰ ਵੀ ਵਧ ਜਾਂਦਾ ਹੈ। ਇਸ ਦਾ ਕੋਈ ਪੁਖਤਾ ਇਲਾਜ ਨਾ ਹੋਣ ਕਰਕੇ ਖ਼ਤਰਾ ਵਧਦਾ ਹੀ ਜਾਂਦਾ ਹੈ। ਇਸ ਮੱਛਰ ਨੂੰ ਘਰਾਂ ਦੇ ਹਨੇਰੇ ਤੇ ਨਮੀ ਵਾਲੇ ਥਾਂ ਜਿਵੇਂ ਬਾਥਰੂਮ, ਡ੍ਰੈਸਿੰਗ ਰੂਮ, ਬੰਦ ਕਮਰਿਆਂ ਵਿੱਚ ਰਹਿਣਾ ਪਸੰਦ ਕਰਦਾ ਹੈ ਤੇ ਦਿਨ ਚੜ੍ਹਨ ਸਮੇਂ ਅਤੇ ਸੂਰਜ ਡੁੱਬਣ ਤੋਂ ਪਹਿਲਾਂ ਬਹੁਤ ਜ਼ਿਆਦਾ ਚੁਸਤ ਹੋ ਜਾਂਦਾ ਹੈ। ਏਡੀਜ ਮੱਛਰ ਦੇ ਜਨਮ ਚੱਕਰ ਲਈ ਇੱਕ ਚਮਚ ਪਾਣੀ ਵੀ ਕਾਫ਼ੀ ਹੈ। ਇੱਕ ਵਾਰ ਅੰਡੇ ਦੇਣ ਤੋਂ ਬਾਅਦ ਇਸ ਨੂੰ ਹੋਰ ਕਿਸੇ ਚੀਜ਼ ਦੀ ਲੋੜ ਨਹੀਂ।

ਡੇਂਗੂ ਦੇ ਮੱਛਰ ਨੂੰ ਕੰਟੇਨਰ ਬਰੀਡਰ ਵੀ ਕਿਹਾ ਗਿਆ ਹੈ। ਦਿੱਲੀ, ਕੇਰਲਾ ਅਤੇ ਕਈ ਹੋਰ ਪ੍ਰਭਾਵਿਤ ਸੂਬਿਆਂ ਦੇ ਸਿਹਤ ਮਹਿਕਮਿਆਂ ਦੇ ਐਂਟੀ ਲਾਰਵਾ ਟੈਸਟ ਦੀ ਟੀਮ ਵੱਲੋਂ ਕਰਵਾਏ ਗਏ ਟੈਸਟ ਸਰਵੇ ਵਿੱਚ ਵਧੇਰੇ ਕਰਕੇ ਘਰਾਂ ਵਿੱਚ ਰੱਖੇ ਸਜਾਵਟੀ ਇੰਡੋਰ ਪਲਾਂਟ ਵਿੱਚ ਏਡੀਜ ਮੱਛਰ ਦੇ ਲਾਰਵੇ ਦੀ ਮੌਜੂਦਗੀ ਪਾਈ ਗਈ। ਅਸਲ ਵਿੱਚ ਪੜ੍ਹੇ-ਲਿਖੇ ਬਾਗ਼ਬਾਨੀ ਦੇ ਸ਼ੌਕਿਨ ਸ਼ਾਇਦ ਇਸ ਗੱਲ ਨੂੰ ਮੰਨਣ ਲਈ ਤਿਆਰ ਹੀ ਨਹੀਂ ਕਿ ਇਨ੍ਹਾਂ ਕੰਟੇਨਰਾਂ, ਬੋਤਲ ਦੇ ਢੱਕਣ, ਪਲਾਸਟਿਕ ਦੇ ਜਾਰ, ਡਰੱਮ, ਬਾਲਕਨੀਆਂ ਵਿੱਚ ਟੰਗੇ ਟਿਊਬਾਂ ਤੇ ਟਾਇਰਾਂ ਵਿੱਚ ਲੱਗੇ ਪੌਦੇ, ਨਾਰੀਅਲ ਦੇ ਖੋਲ, ਬੋਨਜ਼ਾਈ ਵਿੱਚ ਖੜ੍ਹਾ ਥੋੜ੍ਹਾ ਜਿਹਾ ਪਾਣੀ ਤੇ ਨਮੀ ਇਸ ਮਾਦਾ ਨੂੰ ਆਕਰਸ਼ਿਤ ਕਰਨ ਲਈ ਕਾਫ਼ੀ ਹੈ। ਇਹ ਮੱਛਰ ਸਾਡੇ ਘਰਾਂ ਦੇ ਏਸੀ ਅਤੇ ਫਰਿੱਜ ਦੀ ਟ੍ਰੇਅ, ਰਸੋਈ ਦੀ ਬਰਤਨਾਂ ਦੀ ਟ੍ਰੇਅ ਵਿੱਚ ਖੜ੍ਹੇ ਪਾਣੀ, ਬੰਦ ਕੂਲਰਾਂ, ਫੁੱਲਦਾਨਾਂ ਵਿੱਚ ਰੱਖੇ ਫੁੱਲਾਂ, ਫਲੋਟਿੰਗ ਕੈਂਡਲਜ਼ ਦੇ ਅਰਨ, ਗ਼ਮਲਿਆਂ ਹੇਠ ਰੱਖੀਆਂ ਟ੍ਰੇਆਂ, ਪੰਛੀਆਂ ਲਈ ਰੱਖੇ ਪਾਣੀ ਦੇ ਬਰਤਨਾਂ 'ਚ ਜਾਂ ਹੋਰ ਕਿਤੇ ਵੀ ਖੜ੍ਹੇ ਸਾਫ਼ ਪਾਣੀ ਵਿੱਚ ਡੇਂਗੂ ਦਾ ਮੱਛਰ ਪੈਦਾ ਹੋ ਸਕਦਾ ਹੈ।

ਇਸ ਲਈ ਬਿਹਤਰ ਹੋਵੇਗਾ ਨਾ ਮੱਛਰ ਹੋਵੇ, ਨਾ ਡੇਂਗੂ ਇਸ ਲਈ ਖ਼ੁਦ ਹੀ ਕੁੱਝ ਧਿਆਨ ਦੇਈਏ। ਇਸ ਵਾਸਤੇ ਸਭ ਤੋਂ ਪਹਿਲਾਂ ਅੰਦਰ ਰੱਖੇ ਪੌਦਿਆਂ ਦੀ ਛੰਗਾਈ ਕਰਨੀ ਚਾਹੀਦੀ ਹੈ ਕਿਉਂਕਿ ਕੋਈ ਵੀ ਮੱਛਰ ਹੋਵੇ, ਉਹ ਪੌਦਿਆਂ ਦੇ ਪੱਤਿਆਂ 'ਤੇ ਹੀ ਪਲਦਾ ਹੈ। ਪੌਦੇ ਹਲਕੇ ਰੱਖੋ ਤੇ ਇਨ੍ਹਾਂ ਵਾਸਤੇ ਰੌਸ਼ਨੀ ਦੀ ਆਮਦ ਜ਼ਰੂਰੀ ਹੈ। ਬਾਥਰੂਮ, ਰਸੋਈ ਦੀਆਂ ਸੈਲਫਾਂ ਅਤੇ ਘਰ ਦੇ ਅੰਦਰ ਪਏ ਮਨੀਪਲਾਂਟ ਦੇ ਪੌਦਿਆਂ ਨੂੰ ਬਾਹਰ ਰੱਖੋ। ਉਨ੍ਹਾਂ ਦੇ ਬਰਤਨਾਂ ਵਿੱਚੋਂ ਪਾਣੀ ਕੱਢ ਦਿਓ। ਗ਼ਮਲਿਆਂ ਦੀ ਸਮੇਂ ਸਿਰ ਗੁਡਾਈ ਕਰਦੇ ਰਹੋ ਤਾਂ ਜੋ ਨਮੀ ਜ਼ਿਆਦਾ ਨਾ ਰਹੇ।

ਜ਼ਰੂਰਤ ਪੈਣ 'ਤੇ ਗ਼ਮਲਿਆਂ 'ਚ ਪਾਣੀ ਦਾ ਸਿਰਫ਼ ਛਿੜਕਾਓ ਕਰੋ। ਚੇਤੇ ਰੱਖੋ ਕਿ ਗ਼ਮਲਿਆਂ ਹੇਠਾਂ ਰੱਖੀ ਟ੍ਰੇਅ ਵਿੱਚ ਖੜ੍ਹਾ ਪਾਣੀ ਮੱਛਰਾਂ ਲਈ ਜਨਮ ਸਥਾਨ ਨਾ ਬਣ ਜਾਵੇ। ਘਰ ਤੋਂ ਬਾਹਰ ਪਏ ਗ਼ਮਲਿਆਂ ਆਦਿ 'ਚ ਮੱਛਰ ਦਾ ਲਾਰਵਾ ਪੈਦਾ ਨਾ ਹੋ ਸਕੇ, ਇਸ ਲਈ ਕੀਟਨਾਸ਼ਕ ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ। ਕਈ ਵਾਰ ਅਸੀਂ ਸੋਚਦੇ ਹਾਂ ਕਿ ਅਸੀਂ ਉੱਪਰਲੀ ਮੰਜ਼ਿਲ 'ਤੇ ਰਹਿੰਦੇ ਹਾਂ ਅਤੇ ਡੇਂਗੂ ਦਾ ਮੱਛਰ ਗੋਡਿਆਂ ਤੋਂ ਉੱਚਾ ਨਹੀਂ ਉੱਡ ਸਕਦਾ ਤਾਂ ਇਹ ਗ਼ਲਤਫ਼ਹਿਮ ਛੱਡ ਦੇਣੀ ਚਾਹੀਦੀ ਹੈ। ਏਡੀਜ਼ ਮੱਛਰ ਦਰੱਖ਼ਤਾਂ ਦੇ ਤਣਿਆਂ ਵਿੱਚ ਪਏ ਖੋਲ 'ਚ ਖੜ੍ਹੇ ਪਾਣੀ ਵਿੱਚ ਵੀ ਪੈਦਾ ਹੋ ਸਕਦਾ ਹੈ। ਇਸ ਲਈ ਆਲਾ-ਦੁਆਲਾ ਸਾਫ਼ ਰੱਖਣਾ ਚਾਹੀਦਾ ਹੈ।

10303ਫਦ ? ਤ 1ਮੱਛਰਾਂ ਦੇ ਕੱਟਣ ਤੋਂ ਆਪਣੇ-ਆਪ ਨੂੰ ਬਚਾਉਣਾ ਸਭ ਤੋਂ ਪਹਿਲ ਤੇ ਜ਼ਰੂਰੀ ਇੱਕੋ-ਇੱਕ ਉਪਾਅ ਘਰ ਦੇ ਅੰਦਰ ਤੇ ਬਾਹਰ ਗੰਦਗੀ ਅਤੇ ਪਾਣੀ ਖੜ੍ਹਾ ਨਾ ਹੋਣ ਦਿਓ। ਗੰਦਗੀ ਵਾਲਾ ਮਾਹੌਲ ਤੁਹਾਡਾ ਵੈਰੀ ਤੇ ਮੱਛਰ ਦਾ ਮਿੱਤ ਹੈ। ਇਸ ਤੋਂ ਇਲਾਵਾ ਸਵੇਰੇ-ਸ਼ਾਮ ਘਰੋਂ ਬਾਹਰ ਜਾਣ ਲੱਗਿਆਂ ਪੂਰੀ ਬਾਂਹ ਦੇ ਕੱਪੜੇ ਪਾਓ। ਬੱਚਿਆਂ 'ਤੇ ਫੈਬਰਿਕ ਔਨਰੋਲ ਰੈਪਲੇਂਟ ਲਾਓ। ਮੱਛਰ ਤੋਂ ਬਚਾਅ ਦੀਆਂ ਕਰੀਮਾਂ ਵੀ ਵਰਤੀਆਂ ਜਾ ਸਕਦੀਆਂ ਹਨ। ਜਾਲੀ ਦਾ ਦਰਵਾਜ਼ਾ ਹਮੇਸ਼ਾਂ ਬੰਦ ਹੀ ਰੱਖੋ। ਘਰ ਦੇ ਅੰਦਰ-ਬਾਹਰ ਹਵਾ ਅਤੇ ਰੌਸ਼ਨੀ ਦਾ ਪ੍ਰਬੰਧ ਰੱਖੋ ਜਿੱਥੋਂ ਤੱਕ ਹੋ ਸਕੇ ਫੁੱਲਾਂ ਨਾਲ ਸਜਾਵਟ ਨਾ ਕਰੋ। ਮਨੀ ਪਲਾਂਟ ਦੇ ਪਾਣੀ ਵਾਲੇ ਬਰਤਨ ਖਾਲੀ ਕਰ ਦਿਓ। ਬਜ਼ੁਰਗਾਂ ਤੇ ਬੱਚਿਆਂ ਨੂੰ ਜੁਰਾਬਾਂ ਜ਼ਰੂਰ ਪੁਆਓ। ਤੁਸਲੀ ਦੇ ਪੱਤਿਆਂ ਦਾ ਰਸ ਸਰੀਰ 'ਤੇ ਮੱਲਣ ਨਾਲ ਮੱਛਰਾਂ ਤੋਂ ਕੁੱਝ ਹੱਦ ਤਕ ਬਚਾਅ ਹੋ ਸਕਦਾ ਹੈ। ਘਰ ਵਿੱਚ ਰੱਖਿਆ ਤੁਲਸੀ ਦੀ ਪੌਦਾ ਮੱਛਰਾਂ ਨੂੰ ਦੂਰ ਰੱਖਦਾ ਹੈ ਪਰ ਇਸ ਦੇ ਗ਼ਮਲੇ ਜਾਂ ਬਰਤਨ ਵਿੱਚ ਵੀ ਜ਼ਿਆਦਾ ਪਾਣੀ ਜਾਂ ਸਿਲ੍ਹ ਨਾ ਹੋਣ ਦਿਓ।

ਪੁਦੀਨੇ ਦੇ ਪੱਤਿਆਂ ਦਾ ਰਸ ਛਿੜਕਣ ਨਾਲ ਵੀ ਮੱਛਰਾਂ ਤੋਂ ਬਚਿਆ ਜਾ ਸਕਦਾ ਹੈ। ਸ਼ਾਮ ਵੇਲੇ ਕਮਰੇ ਵਿੱਚ ਕਪੂਰ ਦਾ ਧੂੰਆਂ ਕਰਨ ਨਾਲ ਵੀ ਮੱਛਰ ਚਲੇ ਜਾਂਦੇ ਹਨ। ਬਹੁਤੇ ਗੂੜ੍ਹੇ ਰੰਗ ਦੇ ਕਪੜਿਆਂ ਤੇ ਖ਼ੁਸ਼ਬੋ ਤੋਂ ਗ਼ੁਰੇਜ਼ ਕਰੋ।



# ਅਖਰੋਟ ਦੇ ਫ਼ਾਇਦੇ

ਅਖਰੋਟ ਖਾਣਾ ਹਰ ਕਿਸੇ ਨੂੰ ਪਸੰਦ ਹੁੰਦੇ ਹਨ। ਕਈ ਸਾਰੇ ਵਿਟਾਮਿਨ ਹੋਣ ਦੇ ਕਾਰਨ ਇਸ ਨੂੰ ਵਿਟਾਮਿਨਾਂ ਦਾ ਰਾਜਾ ਵੀ ਕਿਹਾ ਜਾਂਦਾ ਹੈ। ਅਖਰੋਟ 'ਚ ਪ੍ਰੋਟੀਨ ਦੇ ਇਲਾਵਾ ਕੈਲਸ਼ੀਅਮ, ਮੈਗਨੀਸ਼ੀਅਮ, ਆਇਰਨ ਫਾਸਫੋਰਸ ਆਦਿ ਇਸ ਤਰ੍ਹਾਂ ਦੇ ਪੌਸ਼ਟਿਕ ਤੱਤ ਪਾਏ ਜਾਂਦੇ ਹਨ। ਇਹ ਵਾਲ਼ਾਂ ਤੇ ਚਿਹਰੇ ਲਈ ਬਹੁਤ ਹੀ ਫ਼ਾਇਦੇਮੰਦ ਹੈ। ਅਖਰੋਟ 'ਚ ਮੌਜੂਦ ਓਮੈਗਾ 3 ਫੈਟ ਐਸਿਡ ਸਰੀਰ ਨੂੰ ਸਵਸਥ, ਚਮੜੀ ਦੀ ਪਰੇਸ਼ਾਨੀ ਤੋਂ ਬਚਾਉਂਦਾ ਹੈ। ਇਸ ਦੇ ਇਲਾਵਾ ਵੀ ਅਖਰੋਟ ਖਾਣ ਨਾਲ ਅਨੇਕਾਂ ਫ਼ਾਇਦੇ ਮਿਲਦੇ ਹਨ। ਅੱਜ ਅਸੀਂ ਤੁਹਾਨੂੰ ਇਸ ਦੇ ਉਪਾਅ ਦੇ ਬਾਰੇ 'ਚ ਦੱਸਦੇ ਹਾਂ...

### ਭਾਰ ਘੱਟ ਕਰਨ 'ਚ ਮਦਦਗਾਰ

*ਅਖਰੋਟ ਭਾਰ ਨੂੰ ਘੱਟ ਕਰਨ 'ਚ ਮਦਦ ਕਰਦਾ ਹੈ। ਰੋਜ਼ ਇਸ ਦਾ ਸੇਵਨ ਕਰਨ ਨਾਲ ਆਸਾਨੀ ਨਾਲ ਭਾਰ ਘੱਟ ਕੀਤਾ ਜਾ ਸਕਦਾ ਹੈ। ਜੋ ਲੋਕ ਵੱਧ ਰਹੇ ਭਾਰ ਤੋਂ ਪਰੇਸ਼ਾਨ ਹਨ ਉਨ੍ਹਾਂ ਨੂੰ ਹਰ ਰੋਜ਼ ਇਨ੍ਹਾਂ ਦਾ ਸੇਵਨ ਕਰਨਾ ਚਾਹੀਦਾ ਹੈ।*

### ਵਧੀਆ ਨੀਂਦ

ਜਿਨ੍ਹਾਂ ਲੋਕਾਂ ਨੂੰ ਪੂਰਾ ਦਿਨ ਕੰਮ ਕਰਨ ਤੋਂ ਬਾਅਦ ਵੀ ਨੀਂਦ ਨਹੀਂ ਆਉਂਦੀ। ਉਨ੍ਹਾਂ ਦੇ ਲਈ ਅਖਰੋਟ ਰਾਮ ਬਾਣ ਦਾ ਕੰਮ ਕਰਦੇ ਹਨ। ਰਾਤ ਨੂੰ ਸੌਣ ਤੋਂ ਪਹਿਲਾਂ 1 ਜਾਂ 2 ਅਖਰੋਟ ਖਾਣ ਨਾਲ ਸਾਰੀ ਥਕਾਵਟ ਦੂਰ ਹੋ ਜਾਂਦੀ ਹੈ।

### ਦਿਲ ਲਈ ਵਧੀਆ

ਇਸ 'ਚ ਪਾਏ ਜਾਣ ਵਾਲੇ ਐਂਟੀ ਆਕਸੀਡੈਂਟ ਦਿਲ ਨੂੰ ਤੰਦਰੁਸਤ ਬਣਾਉਣ ਦਾ ਕੰਮ ਕਰਦੇ ਹਨ। ਇਨ੍ਹਾਂ ਦੇ ਸੇਵਨ ਨਾਲ ਦਿਲ ਸਬੰਧੀ ਪਰੇਸ਼ਾਨੀਆਂ ਦੂਰ ਹੋ ਜਾਂਦੀਆਂ ਹਨ।

### ਡਾਇਬਟੀਜ਼

ਡਾਇਬਟੀਜ਼ ਵਾਲੇ ਰੋਗੀਆਂ ਨੂੰ ਹਰ ਰੋਜ਼ ਅਖਰੋਟ ਦਾ ਸੇਵਨ ਕਰਨਾ ਚਾਹੀਦਾ ਹੈ।

### ਤਣਾਅ ਤੋਂ ਦੂਰ

ਅੱਜਕੱਲ੍ਹ ਦੀ ਭੱਜਦੌੜ ਦੀ ਜ਼ਿੰਦਗੀ 'ਚ ਜੋ ਲੋਕ ਤਣਾਅ ਦੇ ਸ਼ਿਕਾਰ ਹਨ ਉਨ੍ਹਾਂ ਨੂੰ ਅਖਰੋਟ ਦੇ ਸੇਵਨ ਨਾਲ ਤਣਾਅ ਤੋਂ ਕਾਫ਼ੀ ਹੱਦ ਤਕ ਰਾਹਤ ਮਿਲਦੀ ਹੈ।



# ਕੈਲਸ਼ੀਅਮ ਤੇ ਵਿਟਾਮਿਨ ਡੀ ਦੀ ਮਹੱਤਤਾ

ਅਮਰਜੀਤ ਕੌਰ ਵਿਰਦੀ

ਕੈਲਸ਼ੀਅਮ ਇਕ ਅਜਿਹਾ ਮਿਨਰਲ ਹੈ ਜੋ ਜੀਵਨ ਲਈ ਅਤਿ ਜ਼ਰੂਰੀ ਹੈ। ਇਹ ਸਰੀਰ ਦੇ ਸੈੱਲਾਂ ਦੀਆਂ ਜੀਵ ਰਸਾਇਣ ਕਿਰਿਆਵਾਂ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

- ਇਸ ਕਰਕੇ ਇਸ ਨੂੰ ਨਿਊਰੋਮੀਟਰ ਵੀ ਕਿਹਾ ਜਾਂਦਾ ਹੈ।
- ਹੱਡੀਆਂ ਦੇ ਬਣਨ, ਵਧਣ, ਮਜ਼ਬੂਤੀ ਦੇਣ ਤੇ ਸੈੱਲ ਮੈਂਬਰੇਨ ਦੇ ਬਣਨ 'ਚ ਸਹਾਈ ਹੈ।
- ਮਾਸ-ਪੇਸ਼ੀਆਂ ਦੇ ਸੁੰਗੜਨ ਤੇ ਫੈਲਣ 'ਚ ਸਹਾਈ ਹੈ।
- ਖ਼ੂਨ ਬਣਾਉਣ 'ਚ ਸਹਾਈ ਹੁੰਦਾ ਹੈ।
- ਸਰੀਰ 'ਚ ਕਈ ਇਨਜਾਇਮਜ਼ ਨੂੰ ਬਣਾਉਂਦਾ ਹੈ।
- ਭਰੂਣ ਨੂੰ ਵੀ ਬਣਾਉਂਦਾ ਹੈ।
- ਕੈਲਸ਼ੀਅਮ ਨਿਕੜੇ-ਅੰਗ ਮਾਈਟੋਕਾਂਡਰੀਆ 'ਚ ਜਮ੍ਹਾਂ ਹੁੰਦਾ ਹੈ।

ਵਿਟਾਮਿਨ ਡੀ3 ਦੀ ਐਕਟਿਵ ਕਿਸਮ ਭੋਜਨ ਆਂਤੜੀ 'ਚੋਂ ਕੈਲਸ਼ੀਅਮ ਸੋਖਣ 'ਚ ਸਹਾਇਤਾ ਕਰਦੀ ਹੈ। ਵਿਟਾਮਿਨ ਡੀ ਦੀ ਘਾਟ ਹੋਵੇ ਤਾਂ ਕੈਲਸ਼ੀਅਮ ਦਾ ਸੋਖਣਾ ਨਹੀਂ ਹੁੰਦਾ ਤੇ ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ। ਔਰਤਾਂ ਨੂੰ ਪੁਰਸ਼ਾਂ ਨਾਲੋਂ ਘੱਟ ਉਮਰ 'ਚ ਹੀ ਜ਼ਿਆਦਾ ਕੈਲਸ਼ੀਅਮ ਦੀ ਲੋੜ ਪੈ ਜਾਂਦੀ ਹੈ। 150 ਸਾਲ ਦੀ ਉਮਰ ਤਕ ਪੁਰਸ਼ ਤੇ ਔਰਤਾਂ ਨੂੰ ਲਗਪਗ 1,000 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ ਪਰ 50 ਸਾਲ ਦੀ ਉਮਰ ਤੋਂ ਬਾਅਦ ਔਰਤਾਂ ਨੂੰ 1200 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਹੁੰਦੀ ਹੈ। ਜਦ ਕਿ ਪੁਰਸ਼ਾਂ ਨੂੰ 60-65 ਸਾਲ ਦੀ ਉਮਰ 'ਚ ਇਸ ਤਰ੍ਹਾਂ ਦੀ ਲੋੜ ਪੈਂਦੀ ਹੈ। ਬੱਚਿਆਂ ਨੂੰ 4-8 ਸਾਲ ਦੀ ਉਮਰ ਤਕ ਲਗਪਗ 1,000 ਮਿਲੀਗ੍ਰਾਮ ਤੇ 9-18 ਸਾਲ ਦੀ ਉਮਰ 'ਚ ਲਗਪਗ 1300 ਮਿਲੀਗ੍ਰਾਮ ਕੈਲਸ਼ੀਅਮ ਦੀ ਲੋੜ ਪੈਂਦੀ ਹੈ।

**• ਕੈਲਸ਼ੀਅਮ ਦੀ ਘਾਟ ਕਿਵੇਂ ਹੋ ਜਾਂਦੀ ਹੈ?**

ਹਰ ਰੋਜ਼ ਸਾਡੇ ਸਰੀਰ 'ਚੋਂ ਚਮੜੀ ਰਾਹੀਂ, ਨਹੁੰਆਂ ਰਾਹੀਂ, ਵਾਲ਼ਾਂ ਦੇ ਝੜਨ ਨਾਲ, ਪਸੀਨੇ ਦੁਆਰਾ, ਪਿਸ਼ਾਬ ਰਾਹੀਂ ਤੇ ਪਖਾਨੇ ਰਾਹੀਂ ਤੇ ਹੱਡੀਆਂ ਦੀ ਟੁੱਟ ਭੱਜ ਨਾਲ ਵੀ ਕੈਲਸ਼ੀਅਮ ਸਰੀਰ 'ਚ ਘੱਟਦਾ ਰਹਿੰਦਾ ਹੈ। ਇਸ ਲਈ ਕੈਲਸ਼ੀਅਮ ਦੀ ਸਾਨੂੰ ਰੋਜ਼ਾਨਾ ਭੋਜਨ 'ਚ ਲੋੜ ਹੁੰਦੀ ਹੈ।

**ਸੂਰਜ ਦੀਆਂ ਕਿਰਨਾਂ ਤੋਂ ਮਿਲਦਾ ਹੈ ਵਿਟਾਮਿਨ ਡੀ**

ਵਿਟਾਮਿਨ ਡੀ ਸੂਰਜ ਦੀਆਂ ਕਿਰਨਾਂ ਦੁਆਰਾ ਅਸੀਂ ਪ੍ਰਾਪਤ ਕਰ ਸਕਦੇ ਹਾਂ। ਇਸ ਲਈ ਰੋਜ਼ਾਨਾ ਸਵੇਰ ਦੀ ਧੁੱਪ ਲਵਾਉਣ ਨਾਲ ਵਿਟਾਮਿਨ ਡੀ ਪ੍ਰਾਪਤ ਹੋ ਜਾਂਦਾ ਹੈ। ਵਿਟਾਮਿਨ ਡੀ ਭੋਜਨ ਦੇ ਰੂਪ 'ਚ ਫੈਟੀ ਫਿਸ਼ ਜਿਵੇਂ-ਟੂਨਾ, ਸੈਲਮਨ, ਸਾਰਡੀਨ ਆਦਿ। ਕਾਡ ਲਿਵਰ ਆਇਲ, ਆਂਡਾ, ਚੀਜ਼, ਸੰਤਰੇ ਦਾ ਜੂਸ, ਸੋਇਆ ਮਿਲਕ ਆਦਿ ਤੋਂ ਪ੍ਰਾਪਤ ਹੁੰਦਾ ਹੈ।

**• ਕੈਲਸ਼ੀਅਮ ਕਿਵੇਂ ਪੂਰਾ ਕਰੀਏ?**

ਕੈਲਸ਼ੀਅਮ ਅਸੀਂ ਆਪਣੇ ਰੋਜ਼ਾਨਾ ਭੋਜਨ 'ਚ ਪ੍ਰਾਪਤ ਕਰਦੇ ਹਾਂ। ਇਸ ਲਈ ਰੋਜ਼ਾਨਾ ਲਗਪਗ ਦੋ ਗਲਾਸ ਘੱਟ ਫੈਟ ਵਾਲਾ ਦੁੱਧ ਆਮ ਵਿਅਕਤੀ ਲਈ ਤੇ ਬੱਚਿਆਂ ਨੂੰ ਇਸ ਤੋਂ ਜ਼ਿਆਦਾ ਦੁੱਧ ਦੀ ਲੋੜ ਹੁੰਦੀ ਹੈ। ਇਕ ਛੋਟੀ ਕਟੋਰੀ ਦਹੀ ਤੇ 30 ਕੁ ਗ੍ਰਾਮ ਪਨੀਰ ਇਹ ਸਾਰੇ ਦਿਨ ਦੀ ਡਾਈਟ 'ਚ ਸ਼ਾਮਿਲ ਕਰਨ ਨਾਲ ਕੈਲਸ਼ੀਅਮ ਦੀ ਰੋਜ਼ਾਨਾ ਲੋੜ ਪੂਰੀ ਹੁੰਦੀ ਰਹਿੰਦੀ ਹੈ। ਇਸ ਤੋਂ ਇਲਾਵਾ ਦੁੱਧ ਦੀ ਥਾਂ ਸੋਇਆ ਮਿਲਕ, ਸੁੱਕਾ ਦੁੱਧ ਜਾਂ ਬਾਦਾਮ ਦਾ ਦੁੱਧ ਵੀ ਵਰਤਿਆ ਜਾ ਸਕਦਾ ਹੈ। ਹਰੀਆਂ ਸਬਜ਼ੀਆਂ ਜਿਵੇਂ-ਬਰੋਕਲੀ, ਪਾਲਕ, ਸ਼ਿਮਲਾ ਮਿਰਚ, ਹਰੀ ਜਾਂ ਲਾਲ ਮਿਰਚ, ਮੂਲੀ ਜਾਂ ਮੂਲੀ ਦੇ ਪੱਤੇ, ਸ਼ਲਗਮ ਤੇ ਮੇਥੀ ਦੇ ਪੱਤੇ, ਹਰਾ ਧਨੀਆਂ, ਪੁਦੀਨਾ, ਹਰੇ ਪਿਆਜ਼, ਪਿਆਜ਼ ਦੀਆਂ ਹਰੀਆਂ ਭੂਕਾਂ, ਚੁਕੰਦਰ, ਮਸ਼ਰੂਮ, ਫੁੱਲ-ਗੋਭੀ, ਗਾਜਰਾਂ,ਤਿਲ ਆਦਿ ਪਦਾਰਥਾਂ 'ਚ ਕੈਲਸ਼ੀਅਮ ਕਾਫ਼ੀ ਮਾਤਰਾ 'ਚ ਪਾਈ ਜਾਂਦੀ ਹੈ। ਲਗਪਗ ਸਾਰੀਆਂ ਪੱਤੇਦਾਰ ਸਬਜ਼ੀਆਂ ਤੇ ਬਾਕੀ ਸਾਰੀਆਂ ਸਬਜ਼ੀਆਂ, ਫਲ, ਸੁਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ, ਫਾਰਸਫੋਰਸ, ਆਇਓਡੀਨ ਕਾਪਰ ਜਿੰਕ ਆਦਿ। ਮਿਨਰਲਜ਼ ਜਿਨ੍ਹਾਂ ਦੀ ਸਰੀਰ ਨੂੰ ਥੋੜ੍ਹੀ ਮਾਤਰਾ 'ਚ ਲੋੜ ਹੁੰਦੀ ਹੈ।



**ਸਬਜ਼ੀਆਂ, ਫਲ, ਸੁੱਕੇ ਮੇਵੇ ਤੇ ਬੀਜਾਂ 'ਚੋਂ ਕੈਲਸ਼ੀਅਮ ਪਾਇਆ ਜਾ ਸਕਦਾ ਹੈ। ਕੈਲਸ਼ੀਅਮ ਤੋਂ ਇਲਾਵਾ ਇਨ੍ਹਾਂ 'ਚ ਆਇਰਨ, ਸੋਡੀਅਮ, ਪੋਟਾਸ਼ੀਅਮ, ਮੈਗਨੀਸ਼ੀਅਮ ਹੁੰਦਾ ਹੈ ਜੋ ਸਿਹਤ ਲਈ ਬਹੁਤ ਲਾਭਕਾਰੀ ਹੈ...**

### ਕੈਲਸ਼ੀਅਮ ਦੀ ਘਾਟ ਦੇ ਲੱਛਣ

- ਯਾਦਦਾਸ਼ਤ ਘੱਟ ਸਕਦੀ ਹੈ।
- ਨਹੁੰ ਕਮਜ਼ੋਰ ਹੋ ਜਾਂਦੇ ਹਨ।
- ਦੰਦ ਭੁਰ ਕੇ ਟੁੱਟ ਸਕਦੇ ਹਨ।
- ਹੱਡੀਆਂ ਕਮਜ਼ੋਰ ਹੋ ਜਾਂਦੀਆਂ ਹਨ ਤਾਂ ਥੋੜ੍ਹੀ ਜਿਹੀ ਸੱਟ ਨਾਲ ਟੁੱਟ ਜਾਂਦੀਆਂ ਹਨ।
- ਡਿਪਰੈਸ਼ਨ ਦਾ ਇਕ ਕਾਰਨ ਕੈਲਸ਼ੀਅਮ ਦੀ ਘਾਟ ਹੋ ਸਕਦੀ ਹੈ।
- ਮਾਸ-ਪੇਸ਼ੀਆਂ ਦੀ ਹਿਲਜੁਲ ਘੱਟ ਜਾਂਦੀ ਹੈ।

45ਤੋਂ 50 ਕੁ ਸਾਲ ਦੀ ਉਮਰ ਤੋਂ ਬਾਅਦ ਆਪਣਾ ਕੈਲਸ਼ੀਅਮ ਟੈਸਟ ਕਰਵਾ ਲੈਣਾ ਚਾਹੀਦਾ ਹੈ ਤੇ ਡਾਕਟਰ ਦੀ ਸਲਾਹ ਨਾਲ ਜੇ ਲੋੜ ਹੋਵੇ ਤਾਂ ਕੈਲਸ਼ੀਅਮ ਸਪਲੀਮੈਂਟ ਵਰਤ ਲੈਣੇ ਚਾਹੀਦੇ ਹਨ ਤਾਂ ਜੋ ਕੈਲਸ਼ੀਅਮ ਸਰੀਰ 'ਚ ਪੂਰਾ ਰਹੇ ਤਾਂ ਇਨ੍ਹਾਂ ਸਾਰੀਆਂ ਪਰੇਸ਼ਾਨੀਆਂ ਤੋਂ ਬਚਿਆ ਜਾ ਸਕਦਾ ਹੈ।

95307-49092

# ਪਦਮ ਆਸਣ

ਪਦਮ ਆਸਣ ਯੋਗ ਦਾ ਸਭ ਤੋਂ ਮਹੱਤਵਪੂਰਨ ਆਸਣ ਹੈ। ਇਹ ਆਸਣ ਪ੍ਰਾਣਾਯਾਮ ਦਾ ਅਭਿਆਸ ਕਰਨ ਵਿਚ ਮਦਦ ਕਰਦਾ ਹੈ।

### ਜ਼ਰੂਰੀ ਸਮੱਗਰੀ

ਇਕ ਚਾਦਰ ਜਾਂ ਦਰੀ, ਸ਼ੁੱਧ ਅਤੇ ਸ਼ਾਂਤ ਵਾਤਾਵਰਨ।

### ਸਮਾਂ

ਇਸ ਆਸਣ ਨੂੰ ਖ਼ਾਲੀ ਪੇਟ ਕਰੋ ਜਾਂ ਖਾਣਾ ਖਾਣ ਤੋਂ ਤਿੰਨ ਚਾਰ ਘੰਟੇ ਬਾਅਦ ਕਰੋ। ਯੋਗ ਅਭਿਆਸ ਅਸੀਂ ਸਵੇਰ ਦੇ ਨਾਲ-ਨਾਲ ਸ਼ਾਮ ਦੇ ਵੇਲੇ ਵੀ ਕਰ ਸਕਦੇ ਹਾਂ ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਪੇਟ ਖ਼ਾਲੀ ਹੋਵੇ ।

### ਵਿਧੀ

- ਸਭ ਤੋ ਪਹਿਲਾਂ ਸੁੱਖ ਆਸਣ (ਚੌਂਕੜੀ ਮਾਰਨਾ) 'ਚ ਬੈਠ ਜਾਓ।
- ਹੁਣ ਆਪਣੀਆਂ ਦੋਵੇਂ ਲੱਤਾਂ ਸਾਹਮਣੇ ਦੀ ਤਰਫ਼ ਖੋਲ੍ਹੋ। ਹੁਣ ਸੱਜੇ ਪੈਰ ਨੂੰ ਖੱਬੇ ਪੱਟ ਅਤੇ ਖੱਬੇ ਪੈਰ ਨੂੰ ਸੱਜੇ ਪੱਟ ਉੱਤੇ ਰੱਖ ਲਵੋ।
- ਦੋਵੇਂ ਹੱਥਾਂ ਦੀਆਂ ਗਿਆਨ ਮੁਦਰਾ (ਅੰਗੂਠੇ ਨਾਲ ਪਹਿਲੀ ਉਂਗਲ ਨੂੰ ਮਿਲਾਉ, ਬਾਕੀ ਤਿੰਨ ਉਂਗਲਾਂ ਬਾਹਰ ਦੀ ਤਰਫ਼ ਖੁੱਲ੍ਹੀਆਂ ਰਹਿਣਗੀਆਂ) ਬਣਾ ਕਿ ਗੋਡਿਆਂ ਉੱਤੇ ਰੱਖ ਲਵੋ।
- ਇਸ ਤਰ੍ਹਾਂ ਕਰਦੇ ਹੋਏ ਹਥੇਲੀਆਂ ਆਸਮਾਨ ਦੀ ਤਰਫ਼ ਹੋਣਗੀਆਂ।
- ਰੀੜ੍ਹ ਦੀ ਹੱਡੀ ਅਤੇ ਗਰਦਨ ਸਿੱਧੀ ਹੋਣੀ ਚਾਹੀਦੀ ਹੈ ਅਤੇ ਅੱਖਾਂ ਬੰਦ।
- ਇਸ ਆਸਣ ਨਾਲ ਅਸੀਂ ਪ੍ਰਾਣਾਯਾਮ ਦਾ ਅਭਿਆਸ ਕਰ ਸਕਦੇ ਹਾਂ।
- ਜੇ ਦੋਵੇਂ ਲੱਤਾਂ ਨਾ ਚੁੱਕ ਸਕੋ ਤਾਂ ਕੁਝ ਦਿਨ ਤਕ ਇਕ-ਇਕ ਲੱਤ ਨਾਲ ਵੀ ਅਭਿਆਸ ਕਰ ਸਕਦੇ ਹੋ।

### ਸਾਵਧਾਨੀਆਂ

- ਮਨ ਤਣਾਅ ਰਹਿਤ ਰਹੇ।
- ਸਾਰਾ ਧਿਆਨ ਆਪਣੇ ਆਸਣ ਵੱਲ ਹੋਵੇ।
- ਸ਼ੁਰੂ ਸ਼ੁਰੂ ਵਿਚ ਜ਼ਿਆਦਾ ਜ਼ੋਰ ਨਾ ਲਾਉ, ਹੌਲੀ ਅਭਿਆਸ ਕਰੋ।
- ਜਿਨ੍ਹਾਂ ਨੇ ਗੋਡਿਆਂ ਦਾ ਆਪਰੇਸ਼ਨ ਕਰਵਾਇਆ ਹੋਵੇ ਉਹ ਇਸ ਨੂੰ ਨਾ ਕਰਨ।
- ਸਮਰੱਥਾ ਤੋਂ ਜ਼ਿਆਦਾ ਜ਼ੋਰ ਨਾ ਲਾਉ।

### ਲਾਭ

- ਇਸ ਨਾਲ ਧਿਆਨ ਸਮਰੱਥਾ ਵਿਚ ਵਾਧਾ ਹੁੰਦਾ ਹੈ।
- ਇਹ ਆਸਣ ਦਿਮਾਗ ਨੂੰ ਸ਼ਾਂਤ ਕਰਦਾ ਹੈ।
- ਪੱਟਾਂ ਨੂੰ ਮਜ਼ਬੂਤ ਕਰਦਾ ਹੈ ।
- ਪੜ੍ਹਨ ਵਾਲੇ ਬੱਚਿਆਂ ਲਈ ਬਹੁਤ ਲਾਭਕਾਰੀ ਹੈ ।
- ਹਾਈ ਬਲੱਡ ਪ੍ਰੈਸ਼ਰ ਦੀ ਸਮੱਸਿਆ ਤੋਂ ਨਿਜਾਤ ਪਾਉਣ ਲਈ ਵਧੀਆ ਹੈ।






ਸਰੀਰ 'ਚ ਕਮਜ਼ੋਰੀ ਆਉਣ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਕਮਜ਼ੋਰ ਹੋ ਜਾਂਦੀ ਹੈ। ਜਿਸ ਕਰਕੇ ਰੋਗ ਸਰੀਰ 'ਤੇ ਜਲਦੀ ਅਸਰ ਕਰਦਾ ਹੈ। ਕਮਜ਼ੋਰੀ ਦੇ ਕਾਰਨ ਸਿਰ ਦਰਦ, ਜ਼ੁਕਾਮ ਵਰਗੀਆਂ ਬਹੁਤ ਸਾਰੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਆਪਣੇ ਖਾਣੇ 'ਚ ਪਾਲਕ, ਪਪੀਤਾ ਆਦਿ ਸ਼ਾਮਿਲ ਕਰਨੇ ਚਾਹੀਦੇ ਹਨ। ਇਸ ਨਾਲ ਰੋਗਾਂ ਨਾਲ ਲੜਨ ਦੀ ਸ਼ਕਤੀ ਮਿਲਦੀ ਹੈ। ਆਓ ਜਾਣਦੇ ਹਾਂ ਕਮਜ਼ੋਰੀ ਨੂੰ ਦੂਰ ਕਰਨ ਲਈ ਕਿਹੜੀਆਂ ਚੀਜ਼ਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

### ਪਾਲਕ

ਸਰੀਰ ਨੂੰ ਸਵਸਥ ਰੱਖਣ ਲਈ ਪਾਲਕ ਦਾ ਸੇਵਨ ਵੀ ਲਾਭਕਾਰੀ ਹੈ। ਹਰ ਰੋਜ਼ ਇਕ ਕੱਪ ਪਾਣੀ 'ਚ 4-5 ਪਾਲਕ ਦੇ ਪੱਤਿਆਂ ਨੂੰ ਪਾ ਕੇ ਉਬਾਲ ਲਓ ਤੇ ਠੰਢਾ ਹੋਣ 'ਤੇ ਅੱਧਾ ਗਿਲਾਸ ਟਮਾਟਰ ਦਾ ਰਸ ਪਾ ਕੇ ਪੀਣਾ ਸਿਹਤ ਲਈ ਗੁਣਕਾਰੀ ਹੁੰਦਾ ਹੈ। ਇਸ ਦੇ ਇਲਾਵਾ ਪਾਲਕ ਤੇ ਟਮਾਟਰ ਦਾ ਸੂਪ ਵੀ ਪੀ ਸਕਦੇ ਹੋ।

### ਪਪੀਤਾ

ਪਪੀਤਾ ਬਲੱਡ ਦੇ ਪਲੇਟਲੈਟਸ ਨੂੰ ਵਧਾਉਣ 'ਚ ਮਦਦ ਕਰਦਾ ਹੈ। ਪਪੀਤੇ ਦੀਆਂ ਪੱਤੀਆਂ ਦਾ ਰਸ ਜਾਂ ਫਿਰ ਪੱਕਾ ਪਪੀਤਾ ਖਾਣਾ ਵੀ ਸਿਹਤਮੰਦ ਹੈ।

### ਚੁਕੰਦਰ

*ਚੁਕੰਦਰ ਨੂੰ ਜ਼ਿਆਦਾ ਸਲਾਦ ਦੇ ਤੌਰ 'ਤੇ ਖਾਧਾ ਜਾਂਦਾ ਹੈ। ਇਸ ਨਾਲ ਕੁਦਰਤੀ ਐਂਟੀਔਕਸੀਡੈਂਟ ਤੇ ਹੇਮੋਸਟੈਟਿਕ ਗੁਣ ਪਾਏ ਜਾਂਦੇ ਹਨ। ਚੁਕੰਦਰ ਦੇ 2 ਚਮਚ ਜੂਸ 'ਚ 1 ਗਲਾਸ ਗਾਜਰ ਦਾ ਜੂਸ ਮਿਲਾ ਕੇ ਪੀਣ ਨਾਲ ਸਰੀਰ ਨੂੰ ਕਾਫ਼ੀ ਫ਼ਾਇਦਾ ਮਿਲਦਾ ਹੈ।*

### ਨਾਰੀਅਲ ਪਾਣੀ

ਸਰੀਰ 'ਚ ਇਲੈਕਟ੍ਰੋਲਾਇਟਸ ਦੀ ਘਾਟ ਹੋਣ 'ਤੇ ਕਮਜ਼ੋਰੀ ਆਉਣੀ ਸ਼ੁਰੂ ਹੋ ਜਾਂਦੀ ਹੈ। ਨਾਰੀਅਲ ਪਾਣੀ ਪੀਣ ਨਾਲ ਇਲੈਕਟ੍ਰੋਲਾਇਟਸ ਦੀ ਮਾਤਰਾ ਪੂਰੀ ਹੋ ਜਾਂਦੀ ਹੈ ਤੇ ਇਹ ਕੁਦਰਤੀ ਖਣਿਜ ਪਦਾਰਥ ਦਾ ਬਹੁਤ ਵਧੀਆ ਸਰੋਤ ਹੈ।

# ਕਸਰਤ ਦੇ ਲਾਭਾਂ ਨੂੰ ਵਿਗਾੜਦਾ ਹੈ ਹਵਾ ਦਾ ਪ੍ਰਦੂਸ਼ਣ

ਆਵਾਜਾਈ ਪ੍ਰਦੂਸ਼ਣ ਹੁਣ ਅਜਿਹੇ ਪ੍ਰਕਾਸ਼ਿਤ ਦੋ ਵੱਖਰੇ ਅਧਿਐਨਾਂ ਅਨੁਸਾਰ ਬਜ਼ੁਰਗਾਂ ਅਤੇ ਅਣਜੰਮੇ ਬੱਚਿਆਂ ਲਈ ਸਿਹਤ ਦੇ ਖ਼ਤਰੇ ਖੜ੍ਹਾ ਕਰਦਾ ਹੈ। ਖੋਜ 'ਚ ਪਾਇਆ ਹੈ ਕਿ ਇਕ ਭੀੜ-ਭੜੱਕੇ ਵਾਲੀ ਗਲੀ ਵਿਚ ਦੋ ਘੰਟਿਆਂ ਦੀ ਸੈਰ ਕਰਦੇ ਸਮੇਂ ਬਿਰਧ ਲੋਕਾਂ ਦੇ ਹਵਾ ਦੇ ਪ੍ਰਦੂਸ਼ਣ ਦੀ ਖ਼ੁਰਾਕ ਪਾਈ ਜਾਂਦੀ ਹੈ ਅਤੇ ਉਨ੍ਹਾਂ ਖ਼ੂਨ ਦੀਆਂ ਨਾੜੀਆਂ ਵਿਚ ਨੁਕਸ ਪੈ ਜਾਂਦਾ ਹੈ ਅਤੇ ਫੇਫੜਿਆਂ ਦੇ ਫੈਲਣ ਵਿਚ ਪਰੇਸ਼ਾਨੀ ਹੁੰਦੀ ਹੈ। ਪੈਦਲ ਚੱਲਣ ਵਾਲਾ ਇਕ ਅਸਰਦਾਰ ਪ੍ਰਭਾਵੀ ਅਭਿਆਸ ਹੈ ਜੋ ਐੱਨਐੱਚਐੱਸ ਦੁਆਰਾ ਬਜ਼ੁਰਗਾਂ ਲਈ ਆਪਣੀ ਕਾਰਡੀਓਵੈਸਕੁਲਰ ਫਿਟਨੈਸ ਨੂੰ ਬਿਹਤਰ ਬਣਾਉਣ ਲਈ ਸਿਫਾਰਸ਼ ਕਰਦਾ ਹੈ। ਅਧਿਐਨ ਤੋਂ ਪਤਾ ਲੱਗਾ ਹੈ ਕਿ ਹਵਾ ਪ੍ਰਦੂਸ਼ਣ ਦੇ ਪ੍ਰਭਾਵ ਨੇ ਇਸ ਨੂੰ ਨਕਾਰ ਦਿੱਤਾ ਹੈ। ਸਿਹਤਮੰਦ ਭਾਗੀਦਾਰਾਂ ਵਿਚ ਹੈਡ ਪਾਰਕ ਵਿਚ ਸੈਰ ਹਵਾ ਦੀ ਮਾਤਰਾ 'ਚ 7.5 ਫ਼ੀਸਦੀ ਸੁਧਾਰ ਹੋਇਆ। ਜਿਸ ਨਾਲ ਉਨ੍ਹਾਂ ਨੂੰ ਸਾਹ ਚੜ੍ਹਨ ਅਤੇ ਖ਼ੂਨ ਦੇ ਪ੍ਰਵਾਹ 'ਚ ਸੁਧਾਰ ਲਿਆ ਗਿਆ ਸੀ ਜੋ 26 ਘੰਟਿਆਂ ਤਕ ਜਾਰੀ ਰਿਹਾ। ਟ੍ਰੈਫਿਕ ਦੇ ਪ੍ਰਦੂਸ਼ਣ ਦੇ ਥੋੜ੍ਹੇ ਸਮੇਂ ਦੇ ਸੰਪਰਕ 'ਚ ਉਸ ਸਮੇਂ ਦੌਰਾਨ ਸਰੀਰਕ ਗਤੀਵਿਧੀ ਦੇ ਕਾਰਡੀਓ-ਪ੍ਰਤਿਕਿਰਿਆਤਮਕ ਲਾਭਾਂ ਨੂੰ ਰੋਕਿਆ ਗਿਆ ਹੈ। ਜਦੋਂ ਤੁਸੀਂ ਤੁਰਦੇ ਹੋ ਤਾਂ ਤੁਹਾਡੇ ਏਅਰਵੇਜ਼ ਖੁੱਲ੍ਹ ਜਾਂਦੇ ਹਨ ਅਤੇ ਤੁਹਾਡੇ ਖ਼ੂਨ ਦੀਆਂ ਨਾੜਾਂ ਫਲ ਜਾਂ ਖੁੱਲ੍ਹਦੀਆਂ ਹਨ। ਸੈਰ ਕਰਨ ਤੋਂ ਬਾਅਦ ਫੇਫੜਿਆਂ ਦੀ ਸਮਰੱਥਾ 'ਚ ਸਿਰਫ਼ ਛੋਟੀਆਂ ਤਬਦੀਲੀਆਂ ਹੀ ਨਹੀਂ ਬਲਕਿ ਵੱਡੀਆਂ ਤਬਦੀਲੀਆਂ ਵੀ ਆਉਂਦੀਆਂ ਹਨ।

ਜਦੋਂ ਤੁਸੀਂ ਪ੍ਰਦੂਸ਼ਿਤ ਖੇਤਰਾਂ 'ਚ ਅਭਿਆਸ ਕਰਦੇ ਹੋ ਤਾਂ ਤੁਸੀਂ ਵਧੇਰੇ ਸਾਹ ਲੈਂਦੇ ਹੋ ਤੇ ਤੁਸੀਂ ਜ਼ਿਆਦਾਤਰ ਕਣਾਂ ਅਤੇ ਗੈਸਾਂ ਨੂੰ ਆਪਣੇ ਫੇਫੜਿਆਂ 'ਚ ਪਹੁੰਚਾਉਂਦੇ ਹੋ। ਇਸ ਨੂੰ ਬਹੁਤ ਸਾਰੇ ਬਿਰਧ ਲੋਕਾਂ ਲਈ ਰੁਕਾਵਟ ਦੇ ਰੂਪ 'ਚ ਨਹੀਂ ਦੇਖਿਆ ਜਾਣਾ ਚਾਹੀਦਾ ਹੈ, ਜਿਨ੍ਹਾਂ ਲਈ ਚੱਲਣ ਦਾ ਇਕੋ ਇਕ ਢੰਗ ਹੈ। ਅਸੀਂ ਸੁਝਾਅ ਦਿੰਦੇ ਹਾਂ ਕਿ, ਜਿੱਥੇ ਸੰਭਵ ਹੋਵੇ ਪਾਰਕ ਜਾਂ ਹੋਰ ਖ਼ਾਲੀ ਸਥਾਨਾਂ 'ਚ ਰੁੱਝੇ ਸੜਕਾਂ ਤੋਂ ਦੂਰ ਚਲੇ ਜਾਂਦੇ ਹਨ।

• ਵਿਜੈ ਗਰਗ



# ਕੈਂਸਰ ਦਾ ਪਤਾ ਕਿਵੇਂ ਲਗਾਈਏ

ਦੇਸ਼ 'ਚ ਹਰ ਸਾਲ 14.5 ਲੱਖ ਕੈਂਸਰ ਦੇ ਨਵੇਂ ਮਾਮਲੇ ਆਉਂਦੇ ਹਨ। ਕੈਂਸਰ ਤੇਜ਼ੀ ਨਾਲ ਫੈਲ ਰਿਹਾ ਹੈ ਲਾਇਫ਼ ਸਟਾਇਲ ਵਿਚ ਤਬਦੀਲੀ, ਸਮੇਂ ਸਿਰ ਜਾਂਚ ਅਤੇ ਠੀਕ ਇਲਾਜ ਨਾਲ ਕੈਂਸਰ ਉੱਤੇ ਵੀ ਸ਼ਕੰਜਾ ਕੱਸਿਆ ਜਾ ਸਕਦਾ ਹੈ। ਇਹੋ ਨਹੀਂ ਥੋੜ੍ਹੀ ਕੋਸ਼ਿਸ਼ ਅਤੇ ਸਾਵਧਾਨੀ ਨਾਲ ਇਸ ਤੋਂ ਬਚਾਅ ਵੀ ਕਾਫ਼ੀ ਹੱਦ ਤਕ ਸੰਭਵ ਹੈ ਪਰ ਸਮਾਜ ਨੂੰ ਇਹ ਪਤਾ ਹੀ ਨਹੀਂ ਚਲਦਾ ਕਿ ਬੰਦਾ ਕੈਂਸਰ ਤੋਂ ਪੀੜਤ ਹੈ। ਅੱਜ ਜ਼ਰੂਰਤ ਹੈ ਕਿ ਜਲਦੀ ਤੋਂ ਜਲਦੀ ਬਿਮਾਰੀ ਦਾ ਪਤਾ ਲੱਗੇ ਤਾਂ ਕਿ ਸੰਪੂਰਨ ਇਲਾਜ ਹੋ ਸਕੇ। ਸੋ ਕੈਂਸਰ ਰੋਗ ਦਾ ਜਲਦੀ ਪਤਾ ਕਿਵੇਂ ਲੱਗ ਸਕੇ 'ਤੇ ਵਿਚਾਰ ਕਰਨਾ ਜ਼ਰੂਰੀ ਹੋ ਗਿਆ ਹੈ।

### ਸਮੇਂ ਸਿਰ ਜਾਂਚ ਕਰਾਓ

ਔਰਤਾਂ 20-30 ਸਾਲ ਦੀ ਉਮਰ 'ਚ ਬਰੈਸਟ ਦੀ ਜਾਂਚ ਕਰਵਾਉਣੀ ਚਾਹੀਦੀ ਹੈ। 30-40 ਸਾਲ ਦੀ ਉਮਰ 'ਚ ਡਾਕਟਰ ਤੋਂ ਜਾਂਚ ਕਰਾਓ। ਬਰੈਸਟ ਕੈਂਸਰ ਦੀ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ 'ਚ ਅਲਟਰਾਸਾਊਂਡ ਜ਼ਰੂਰ ਕਰਾ ਲਵੋ। ਘੱਟ ਉਮਰ 'ਚ ਬਰੈਸਟ ਠੋਸ ਹੁੰਦੀ ਹੈ ਅਤੇ ਅਜਿਹੇ 'ਚ ਕਈ ਵਾਰ ਮੈਮੋਗ੍ਰਾਫੀ 'ਚ ਠੀਕ ਰੀਡਿੰਗ ਨਹੀਂ ਆ ਪਾਉਂਦੀ। ਇਸ ਦੇ ਇਲਾਵਾ ਰੇਡੀਏਸ਼ਨ ਵੀ ਹੁੰਦਾ ਹੈ। ਅਜਿਹੇ 'ਚ ਡਾਕਟਰ ਤੋਂ ਪੁੱਛ ਕੇ ਹੀ ਮੈਮੋਗ੍ਰਾਫੀ ਕਰਾਓ। ਜੇ ਪਾਨ-ਗੁਟਕਾ ਖਾਂਦੇ ਹੋ ਤਾਂ 30 ਸਾਲ ਦੇ ਬਾਅਦ ਹਰ ਸਾਲ ਇਕ ਵਾਰ ਸਪੈਸ਼ਲਿਸਟ ਜਾਂ ਫਿਰ ਹੈਡ-ਨੇਕ ਸਰਜਨ ਤੋਂ ਆਪਣੇ ਮੂੰਹ ਅਤੇ ਗਲ਼ੇ ਦੀ ਜਾਂਚ ਕਰਾਓ।

### ਰਹੋ ਚੌਕਸ

ਜੇ ਸਰੀਰ 'ਚ ਕਿਤੇ ਵੀ ਕੋਈ ਗੱਠ, ਫੋੜਾ ਆਦਿ ਹੈ ਜੋ ਕਿ ਤਿੰਨ ਹਫ਼ਤੇ ਤੋਂ ਜ਼ਿਆਦਾ ਵਕਤ ਤੋਂ ਠੀਕ ਨਹੀਂ ਹੋ ਰਿਹਾ, ਕਿਤੇ ਬਲੀਡਿੰਗ ਹੋ ਰਹੀ ਹੈ ਜਾਂ ਭਾਰ ਤੇਜ਼ੀ ਨਾਲ ਡਿੱਗ ਰਿਹਾ ਹੈ, ਵਾਰ-ਵਾਰ ਬੁਖ਼ਾਰ ਆਉਂਦਾ ਹੈ ਤਾਂ ਡਾਕਟਰ ਨੂੰ ਦਿਖਾਓ। ਹਾਲਾਂਕਿ ਇਹ ਲੱਛਣ ਕੈਂਸਰ ਦੇ ਇਲਾਵਾ ਦੂਜੀ ਬਿਮਾਰੀਆਂ ਦੇ ਵੀ ਹੋ ਸਕਦੇ ਹਨ ਪਰ ਜਾਂਚ ਕਰਾਉਣ ਦਾ ਫ਼ਾਇਦਾ ਇਹ ਹੈ ਕਿ ਸ਼ੁਰੂਆਤੀ ਸਟੇਜ 'ਚ ਜਾਣਕਾਰੀ ਮਿਲਣ ਨਾਲ ਇਲਾਜ ਦੀ ਉਮੀਦ ਵੱਧ ਜਾਂਦੀ ਹੈ।

### ਬਰੈਸਟ ਕੈਂਸਰ ਲਈ ਬਰੇਕਾ ਟੈਸਟ

ਜੇ ਮਾਂ ਜਾਂ ਭੈਣ ਨੂੰ ਬਰੈਸਟ ਕੈਂਸਰ ਹੋਇਆ ਹੈ ਤਾਂ ਧੀ ਨੂੰ ਬਰੈਸਟ ਕੈਂਸਰ ਜੀਨ ਟੈਸਟ ਕਰਾ ਲੈਣਾ ਚਾਹੀਦਾ ਹੈ। ਇਹ ਟੈਸਟ ਜੀਂਸ 'ਚ ਕਿਸੇ ਤਰ੍ਹਾਂ ਦੀ ਗੜਬੜੀ ਹੈ ਤਾਂ ਉਸ ਦੀ ਜਾਣਕਾਰੀ ਦਿੰਦਾ ਹੈ। ਇਸ ਨੂੰ ਕਿਸੇ ਵੀ ਉਮਰ 'ਚ ਕਰਾ ਸਕਦੇ ਹੋ।

ਜੇ ਬਰੇਕਾ-1 'ਚ ਗੜਬੜੀ ਨਿਕਲਦੀ ਹੈ ਤਾਂ ਜ਼ਿੰਦਗੀ 'ਚ ਕਦੇ ਵੀ ਕੈਂਸਰ ਹੋਣ ਦਾ ਸੰਦੇਹ 80 ਫ਼ੀਸਦੀ ਤਕ ਅਤੇ ਬਰੇਕਾ-2 'ਚ ਗੜਬੜੀ ਹੈ ਤਾ ਕੈਂਸਰ ਦਾ ਸੰਦੇਹ 50 ਫ਼ੀਸਦੀ ਤਕ ਵੱਧ ਜਾਂਦਾ ਹੈ। ਜੇ ਟੈਸਟ ਪਾਜ਼ਿਟਿਵ ਆਉਂਦਾ ਹੈ ਤਾਂ ਡਾਕਟਰ ਦੀ ਸਲਾਹ ਨਾਲ ਲਾਇਫ਼ ਸਟਾਇਲ ਸੁਧਾਰ ਕੇ ਕੈਂਸਰ ਦੀ ਸੰਦੇਹ ਨੂੰ ਘੱਟ ਕੀਤਾ ਜਾ ਸਕਦਾ ਹੈ ਜਾਂ ਇਸ ਦੇ ਹੋਣ ਵਾਲੇ ਖ਼ਤਰੇ ਨੂੰ ਟਾਲਿਆ ਜਾ ਸਕਦਾ ਹੈ।

### ਫੇਫੜਿਆਂ ਦੇ ਕੈਂਸਰ ਲਈ ਸੀਟੀ ਸਕੈਨ

ਜੇ ਕੋਈ ਬਹੁਤ ਸਿਗਰਟ ਬੀੜੀ ਪੀਂਦਾ ਹੈ। 15-20 ਸਾਲ ਤੋਂ ਸਮੋਕ ਕਰ ਰਿਹਾ ਹੈ ਅਤੇ ਖਾਂਸੀ ਵੀ ਹੈ ਤਾਂ ਉਸ ਨੂੰ ਫੇਫੜਿਆਂ ਦੀ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ। ਹੁਣ ਅਜਿਹੇ ਲੋਕਾਂ ਲਈ ਲਓ ਡੋਜ਼ ਚੈਸਟ ਸੀਟੀ ਸਕੈਨ ਵੀ ਕੀਤਾ ਜਾਂਦਾ ਹੈ ਜਿਸ ਦੀ ਰੇਡੀਏਸ਼ਨ ਵੀ ਘੱਟ ਹੁੰਦੀ ਹੈ। ਜੇ ਰਿਸਕ ਨਹੀ ਹੈ ਤਾਂ ਵੀ 40 ਸਾਲ ਦੀ ਉਮਰ 'ਚ ਇਕ ਵਾਰ ਫੇਫੜਿਆਂ ਦਾ ਸੀਟੀ ਸਕੈਨ ਕਰਾ ਲੈਣਾ ਚਾਹੀਦਾ ਹੈ।

### ਪ੍ਰੋਸਟੇਟ ਕੈਂਸਰ ਲਈ

50 ਸਾਲ ਦੀ ਉਮਰ 'ਚ ਪੁਰਸ਼ਾਂ ਨੂੰ ਪੀਐਸਏ ਟੈਸਟ ਕਰਾ ਲੈਣਾ ਚਾਹੀਦਾ ਹੈ। ਜੇ ਫੈਮਿਲੀ ਹਿਸਟਰੀ ਹੈ ਤਾਂ 40 ਸਾਲ ਦੀ ਉਮਰ ਵਿਚ ਹੀ ਇਹ ਟੈਸਟ ਕਰਾ ਲਵੋ। ਇਸ ਦੇ ਇਲਾਵਾ ਫਿਜ਼ਿਕਲ ਏਗਜ਼ਾਮਨੇਸ਼ਨ ਨਾਲ ਵੀ ਪ੍ਰੋਸਟੇਟ ਦੇ ਸਾਇਜ਼ ਆਦਿ ਦਾ ਅਨੁਮਾਨ ਲਗਾਇਆ ਜਾ ਸਕਦਾ ਹੈ। ਇਸ ਨੂੰ ਡਿਜਿਟਲ ਰੇਕਟਲ ਏਗਜ਼ਾਮਿਨੇਸ਼ਨ ਕਿਹਾ ਜਾਂਦਾ ਹੈ। ਜੇ ਕੋਈ ਗੜਬੜੀ ਨਜ਼ਰ ਆਉਂਦੀ ਹੈ ਤਾਂ ਇਲਾਜ ਕੀਤਾ ਜਾ ਸਕਦਾ ਹੈ।

### ਕੋਲੋਨ ( ਅੰਤੜੀ ) ਕੈਂਸਰ ਲਈ ਸਟੂਲ ਆਕਲਟ ਬਲਡ ਟੈਸਟ

ਜੇ ਟੱਟੀ 'ਚ ਖ਼ੂਨ ਆ ਰਿਹਾ ਹੈ ਤਾਂ ਸਟੂਲ ਆਕਲਟ ਬਲਡ ਟੈਸਟ ਕਰਾਓ। ਜੇ ਕੋਈ ਗੜਬੜੀ ਨਿਕਲਦੀ ਹੈ ਤਾਂ ਕੋਲੋਨੋਸਕੋਪੀ ਕਰਾ ਸਕਦੇ ਹੋ ਜਿਸ ਦੇ ਨਾਲ ਕੈਂਸਰ ਦੀ ਜਾਣਕਾਰੀ ਮਿਲ ਜਾਂਦੀ ਹੈ। ਇਹ ਸੱਚ ਹੈ ਕਿ ਆਪਣੇ ਦੇਸ਼ 'ਚ ਹਰ ਕੋਈ ਆਪਣੇ ਸਰੀਰ ਦਾ ਟੈਸਟ ਕਰਾਉਣ ਤੋਂ ਡਰਦਾ ਹੈ ਕਿ ਕਿਤੇ ਕੁਝ ਗੜਬੜ ਨਾ ਆ ਜਾਵੇ ਅਤੇ ਇਸੇ ਡਰ ਕਾਰਨ ਬਿਮਾਰੀ ਵੱਧਦੀ ਜਾਂਦੀ ਹੈ ਅਤੇ ਅੰਤ ਖ਼ਤਰਨਾਕ ਹਾਲਤ ਹੁੰਦੀ ਹੈ। ਤੁਹਾਡੀ ਸਹਾਇਤਾ ਕਰਨ ਲਈ ਡਾਕਟਰ ਹਨ। ਤੁਹਾਡਾ ਸਮੇਂ ਸਿਰ ਇਲਾਜ ਹੋ ਜਾਵੇਗਾ ਤੇ ਤੁਸੀਂ ਤੰਦਰੁਸਤ ਜੀਵਨ ਜੀ ਸਕੋਗੇ। ਸਿਹਤ ਖੇਤਰ ਨਾਲ ਜੁੜੇ ਹਰ ਇਕ ਬੰਦਾ ਦਾ ਟੀਚਾ ਇਹੋ ਹੀ ਹੁੰਦਾ ਹੈ ਸਭ ਲਈ ਤੰਦਰੁਸਤ ਜੀਵਨ ਤੇ ਲੰਮੀ ਉਮਰ।

• ਡਾ: ਰਿਪੁਦਮਨ ਸਿੰਘ,
ਡਾ: ਹਰਪ੍ਰੀਤ ਸਿੰਘ ਕਾਲਰਾ
9815200134



# ਪਿੱਠ ਦਰਦ ਹੋ ਸਕਦਾ ਹੈ ਗੰਭੀਰ

**ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ 'ਚ ਖਿਚਾਅ ਵਧ ਜਾਂਦਾ ਹੈ...**

ਮਨੁੱਖੀ ਰੀੜ੍ਹ ਦੀ ਹੱਡੀ ਛੋਟੀਆਂ - ਮੋਟੀਆਂ ਹੱਡੀਆਂ ਨਾਲ ਸਬੰਧਤ ਹੈ। ਇਹ ਹੱਡੀਆਂ ਪੱਠਿਆਂ ਨਾਲ ਇਸ ਤਰ੍ਹਾਂ ਜੁੜੀਆਂ ਹੋਈਆਂ ਹਨ ਕਿ ਇਨ੍ਹਾਂ ਨੂੰ ਹਰ ਤਰ੍ਹਾਂ ਨਾਲ ਸਿੱਧਾ ਤੇ ਮਜ਼ਬੂਤ ਰੱਖਦੀਆਂ ਹਨ। ਪੱਠਿਆਂ ਦੇ ਨਾਲ-ਨਾਲ ਦੋ ਹੱਡੀਆਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸ਼ਾਕ ਆਬਜ਼ਰਵਰਾਂ ਦਾ ਕੰਮ ਕਰਦੀਆਂ ਹਨ ਅਤੇ ਇਨ੍ਹਾਂ ਦੋਵਾਂ ਦਾ ਸਬੰਧ ਪਿੱਠ ਤੋਂ ਐਨ ਹੇਠਾਂ ਸਿੱਧਾ ਰੀੜ੍ਹ ਦੀ ਹੱਡੀ ਥੱਲੇ ਬਣੀ ਚੱਪਣੀ ਨਾਲ ਹੁੰਦਾ ਹੈ, ਜਿਸ ਨੂੰ ਡਿਸਕ ਵੀ ਆਖਦੇ ਹਨ।

### ਦਰਦ ਦੀ ਸ਼ੁਰੂਆਤ

ਪਿੱਠ ਦਰਦ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਜ਼ਿਆਦਾ ਦੇਰ ਤਕ ਬੈਠੇ ਰਹਿਣ ਨਾਲ ਪੱਠਿਆਂ ਉੱਪਰ ਵਧੇਰੇ ਜ਼ੋਰ ਪੈਂਦਾ ਹੈ ਅਤੇ ਉਸ ਸਮੇਂ ਨਾੜੀਆਂ ਆਦਿ 'ਚ ਖਿਚਾਅ ਵਧ ਜਾਂਦਾ ਹੈ। ਕਈ ਵਾਰੀ ਇਹ ਦਰਦ ਹੱਡੀਆਂ ਦਾ ਠੀਕ ਤਰ੍ਹਾਂ ਨਾਲ ਵਿਕਾਸ ਨਾ ਹੋਣ ਕਾਰਨ ਵੀ ਹੋ ਸਕਦਾ ਹੈ। ਅਜਿਹੇ ਕੇਸ ਆਮ ਤੌਰ 'ਤੇ ਬਚਪਨ ਵਿਚ ਵੇਖਣ ਨੂੰ ਮਿਲਦੇ ਹਨ। ਹੋਰ ਕਾਰਨਾਂ ਵਿਚ ਰੀੜ੍ਹ ਦੀ ਹੱਡੀ ਜਾਂ ਇਸ ਨਾਲ ਸਬੰਧਤ ਹੋਰ ਹੱਡੀਆਂ ਉੱਪਰ ਸੱਟ ਦਾ ਲੱਗ ਜਾਣਾ ਹੈ। ਅਕਸਰ ਟੀ.ਬੀ. ਅਲਸਰ ਅਤੇ ਕਿਡਨੀ ਵਰਗੀਆਂ ਬੀਮਾਰੀਆਂ ਨਾਲ ਵੀ ਪਿੱਠ ਦਰਦ ਸ਼ੁਰੂ ਹੋ ਜਾਂਦਾ ਹੈ। ਇਹ ਦਰਦ ਸਿਰਫ਼ ਖ਼ੂਨ ਦੀ ਖ਼ਰਾਬੀ ਕਾਰਨ ਹੀ ਹੁੰਦਾ ਹੈ ਅਤੇ ਕੁਝ ਦਿਨਾਂ ਬਾਅਦ ਆਪਣੇ-ਆਪ ਠੀਕ ਹੋ ਜਾਂਦਾ ਹੈ। ਪਿੱਠ ਦਰਦ ਕੇਵਲ ਜਿਸਮਾਨੀ ਵਜ੍ਹਾ ਕਰ ਕੇ ਹੀ ਨਹੀਂ ਸਗੋਂ ਦਿਮਾਗ਼ੀ ਹਾਲਤਾਂ ਕਰ ਕੇ ਵੀ ਹੋ ਸਕਦਾ ਹੈ।ਭਾਵੇਂ ਇਸ ਨੂੰ ਬਹੁਤਾ ਗੰਭੀਰਤਾ ਨਾਲ ਨਹੀ ਲਿਆ ਜਾਂਦਾ, ਫਿਰ ਵੀ ਇਹ ਕਾਫ਼ੀ ਪੇਚੀਦਾ ਰੋਗ ਹੈ। ਇਕ ਜਾਣਕਾਰੀ ਅਨੁਸਾਰ ਵੱਡੀ ਉਮਰ ਦੇ ਬਹੁਤ ਸਾਰੇ ਲੋਕ ਇਸ ਰੋਗ ਤੋਂ ਪੀੜਤ ਹਨ। ਬਹੁਤੇ ਕੰਮਾਂ 'ਚ ਜਦੋਂ ਆਦਮੀ ਕੰਮ ਕਰਨ ਲੱਗਾ ਜਾਂ ਠੀਕ ਤਰੀਕੇ ਨਾਲ ਨਹੀਂ ਬੈਠਦਾ ਤਾਂ ਉਸ ਵੇਲੇ ਪਿੱਠ ਦੀਆਂ ਨਾੜਾਂ 'ਤੇ ਨਿਰੰਤਰ ਦਬਾਅ ਪੈਂਦਾ ਹੈ ਜੋ ਨਾੜਾਂ ਨੂੰ ਖਿੱਚਦਾ ਹੈ ਅਤੇ ਨਾੜਾਂ ਤਣ ਜਾਂਦੀਆਂ ਹਨ। ਜਿਹੜੇ ਲੋਕ ਦਿਮਾਗ਼ੀ ਕੰਮ ਜ਼ਿਆਦਾ ਨਹੀਂ ਕਰਦੇ ਅਤੇ ਜਿਸਮਾਨੀ ਮਜ਼ਦੂਰੀ ਕਰਦੇ ਹਨ ਉਨ੍ਹਾਂ ਨੂੰ ਵੀ ਪਿੱਠ ਦਰਦ ਦੀ ਸ਼ਿਕਾਇਤ ਰਹਿੰਦੀ ਹੈ। ਦਫ਼ਤਰਾਂ 'ਚ ਕਲਰਕਨੁਮਾ ਲੋਕ ਜਿਨ੍ਹਾਂ ਨੂੰ ਲੰਬੇ ਸਮੇਂ ਤਕ ਕੁਰਸੀ ਉੱਪਰ ਬੈਠਣਾ ਪੈਂਦਾ ਹੈ, ਉਨ੍ਹਾਂ ਨੂੰ ਵੀ ਇਹ ਰੋਗ ਅਵੇਸਲਿਆਂ ਹੀ ਹੋ ਜਾਂਦਾ ਹੈ, ਉਹ ਲਗਾਤਾਰ ਇਕ ਸ਼ਕਲ ਵਿਚ ਨਹੀ, ਸਗੋਂ ਵਾਰ-ਵਾਰ ਆਸਣ ਬਦਲ ਕੇ ਬੈਠਣਗੇ।

### ਉਪਾਅ

- ਜਿਸ ਮੌਕੇ ਪਿੱਠ ਦਰਦ ਸ਼ੁਰੂ ਹੋਵੇ ਉਸ ਵੇਲੇ ਸਭ ਤੋਂ ਵਧੀਆ ਤਰੀਕਾ ਹੈ ਕਿ ਰੋਗੀ ਨੂੰ ਪੂਰਾ ਆਰਾਮ ਦਿੱਤਾ ਜਾਵੇ। ਆਰਾਮ ਸਮੇਂ ਮੰਜਾ ਆਦਿ ਕੱਸਿਆ ਹੋਣਾ ਚਾਹੀਦਾ ਹੈ ਪਰ ਉਸ ਉੱਪਰ ਕੱਪੜਾ ਜ਼ਰੂਰ ਹੋਵੇ ਕਿਉਂਕਿ ਜੇ ਆਦਮੀ ਕੁਸ਼ਨ ਆਦਿ ਵਾਲੇ ਬਿਸਤਰੇ 'ਤੇ ਸੌਂਦਾ ਹੈ ਅਤੇ ਜੇ ਉਸ ਦੇ ਅਚਾਨਕ ਦਰਦ ਸ਼ੁਰੂ ਹੋਣ 'ਤੇ ਉਸ ਨੂੰ ਸਖ਼ਤ ਥੜ੍ਹੇ ਆਦਿ 'ਤੇ ਲਿਟਾਅ ਦਿੱਤਾ ਜਾਵੇ ਤਾਂ ਦਰਦ ਘਟਣ ਦੀ ਬਜਾਏ ਵਧ ਜਾਵੇਗਾ। ਇਸ ਦਾ ਮੰਤਵ ਤਾਂ ਪਿੱਠ ਨੂੰ ਸਹਾਰਾ ਦੇਣਾ ਹੁੰਦਾ ਹੈ। ਇਸ ਲਈ ਦੋ ਇੰਚ ਤੈਅ ਵਾਲਾ ਕੁਸ਼ਨ ਵਰਤਿਆ ਜਾ ਸਕਦਾ ਹੈ।
- ਜਿਨ੍ਹਾਂ ਲੋਕਾਂ ਨੂੰ ਇਹ ਦਰਦ ਵਧੇਰੇ ਹੁੰਦੀ ਹੈ, ਵਧੇਰੇ ਮਾਮਲਿਆਂ ਵਿਚ ਇਹ ਡਿਸਕ ਦੇ ਹਿੱਲ ਜਾਣ ਕਾਰਨ ਹੁੰਦੀ ਹੈ। ਇਸ ਦਾ ਇਲਾਜ ਕਰਵਾਉਣਾ ਚਾਹੀਦਾ ਹੈ। ਜੇ ਇਹ ਆਪਣੇ ਪਹਿਲੇ ਸਥਾਨ 'ਤੇ ਆ ਜਾਵੇ ਤਾਂ ਠੀਕ ਹੈ। ਨਹੀਂ ਤਾਂ ਇਸ ਨੂੰ ਕਢਵਾ ਦੇਣਾ ਹੀ ਬਿਹਤਰ ਹੈ। ਇਸ ਦੇ ਨਿਕਲ ਜਾਣ ਨਾਲ ਇਸ ਦਾ ਸਰੀਰ 'ਤੇ ਕਿਸੇ ਤਰ੍ਹਾਂ ਦਾ ਵੀ ਮਾਰੂ ਅਸਰ ਨਹੀ ਪੈਂਦਾਉਲਟਾ ਜਾਨ ਸੁਖਾਲੀ ਰਹਿੰਦੀ ਹੈ।
- ਇਸ ਰੋਗ ਤੋਂ ਬਚਣ ਲਈ ਆਪਣੀ ਕਮਰ ਇੰਨੀ ਸਿੱਧੀ ਤੇ ਤਣੀ ਹੋਈ ਰੱਖੋ ਕਿ ਪਿੱਠ ਨੂੰ ਕਿਸੇ ਤਰ੍ਹਾਂ ਦੇ ਸਹਾਰੇ ਆਦਿ ਦੀ ਲੋੜ ਨਾ ਪਵੇ। ਨਰਮ ਬਿਸਤਰੇ ਉੱਪਰ ਸੌਣ ਤੋਂ ਸੰਕੋਚ ਕਰੋ। ਨਰਮ ਬਿਸਤਰਾ ਵੀ ਇਸ ਰੋਗ ਦਾ ਕਾਰਨ ਬਣ ਸਕਦਾ ਹੈ।
- ਜੇ ਬਹੁਤ ਸਖ਼ਤ ਕੰਮ ਨਹੀਂ ਕਰਦੇ ਤਾਂ ਸਰੀਰ ਨੂੰ ਬਹੁਤਾ ਜੰਪ ਨਾ ਕਰਵਾਓ। ਸੱਟ -ਫੇਟ ਤੋਂ ਬਚੋ। ਹੋ ਸਕੇ ਤਾਂ ਜਿਸਮਾਨੀ ਕਸਰਤ ਕਰੋ। ਸਭ ਤੋਂ ਵਧੀਆ ਕਸਰਤ ਤੈਰਾਕੀ ਹੈ।
- ਜੇ ਇਹ ਰੋਗ ਕਿਸੇ ਤਰ੍ਹਾਂ ਵੀ ਦੂਰ ਨਾ ਹੋਵੇ ਤਾਂ ਕਿਸੇ ਮਾਹਿਰ ਡਾਕਟਰ ਦੀ ਸਲਾਹ ਜ਼ਰੂਰ ਲੈਣੀ ਚਾਹੀਦੀ ਹੈ।

### ਸਾਵਧਾਨੀ

- ਕਈ ਵਾਰ ਇਹ ਰੋਗ ਇੰਨਾ ਵੱਧ ਜਾਂਦਾ ਹੈ ਕਿ ਰੋਗੀ ਬੇਹੋਸ਼ ਤਕ ਹੋ ਜਾਂਦਾ ਹੈ। ਇਸ ਸਮੇਂ ਤੁਰੰਤ ਡਾਕਟਰੀ ਸਹਾਇਤਾ ਦੀ ਲੋੜ ਪੈਂਦੀ ਹੈ। ਇਸ ਸਮੇਂ ਕੀਤੀ ਥੋੜ੍ਹੀ ਦੇਰੀ ਵੀ ਖ਼ਤਰਨਾਕ ਹੋ ਸਕਦੀ ਹੈ। ਇਸ ਲਈ ਆਪਣੀ ਸਿਹਤ ਦੀ ਤੰਦਰੁਸਤੀ ਲਈ ਇਨ੍ਹਾਂ ਸਾਵਧਾਨੀਆਂ ਨੂੰ ਜ਼ਰੂਰ ਧਿਆਨ 'ਚ ਰੱਖੋ।



## ਪੰਜਾਬ ਰੱਖਿਆ ਸੇਵਾਵਾਂ ਭਲਾਈ ਵਿਭਾਗ ਨੇ ਸਾਲ 2024 ਦੌਰਾਨ ਕੀਤੀਆਂ ਮਹੱਤਵਪੂਰਨ ਪ੍ਰਾਪਤੀਆਂ

# ਪੰਜਾਬ ਸਰਕਾਰ ਨੇ ਸੈਨਿਕਾਂ ਦੀਆਂ ਕੁਰਬਾਨੀਆਂ ਦਾ ਸਨਮਾਨ ਕਰਨ ਅਤੇ ਉਨ੍ਹਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਨੇਕਾਂ ਕਦਮ ਚੁੱਕੇ: ਮੋਹਿੰਦਰ ਭਗਤ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਲ 2024 ਦੌਰਾਨ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਨੇਕਾਂ ਕਦਮ ਚੁੱਕੇ ਹਨ। ਰੱਖਿਆ ਸੇਵਾਵਾਂ ਭਲਾਈ ਮੰਤਰੀ ਸ੍ਰੀ ਮੋਹਿੰਦਰ ਭਗਤ ਦੇ ਦਿਸ਼ਾ ਨਿਰਦੇਸ਼ਾਂ ਅਧੀਨ ਇਹ ਮਹੱਤਵਪੂਰਨ ਪਹਿਲਕਦਮੀਆਂ ਸਾਡੇ ਹਥਿਆਰਬੰਦ ਸੈਨਿਕਾਂ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ।

ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਸੈਨਿਕਾਂ ਦੀ ਭਲਾਈ ਲਈ ਕੀਤੇ ਅਨੇਕਾਂ ਸੁਧਾਰਾਂ ਅਤੇ ਨਵੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬਲਿਊ ਸਟਾਰ ਤੋਂ ਪ੍ਰਭਾਵਿਤ ਧਰਮੀ ਫੌਜੀਆਂ ਲਈ ਮਹੀਨਾਵਾਰ ਗ੍ਰਾਂਟ ਨੂੰ 10,000 ਰੁਪਏ ਤੋਂ ਵਧਾ ਕੇ 12,000 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਉਹਨਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਮਹੱਤਵਪੂਰਨ ਫੈਸਲਾ ਪ੍ਰਭਾਵਿਤ ਪਰਿਵਾਰਾਂ ਲਈ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਸਮਰਪਿਤ ਭਾਵਨਾ ਨੂੰ ਦਰਸਾਉਂਦਾ ਹੈ।

ਮੰਤਰੀ ਸ੍ਰੀ ਭਗਤ ਨੇ ਦਿਵਿਆਂਗ ਸਿਪਾਹੀਆਂ ਲਈ ਦਿੱਤੇ ਸਮਰਥਨ ਨੂੰ ਉਜਾਗਰ ਕਰਦਿਆਂ ਕਿਹਾ ਕਿ ਆਪਣੀ



ਡਿਊਟੀ ਦੌਰਾਨ ਜ਼ਖ਼ਮੀ ਹੋਏ ਸੈਨਿਕਾਂ ਲਈ ਐਕਸ-ਗ੍ਰੇਸ਼ੀਆ ਦੀ ਰਕਮ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ, ਹੁਣ ਦਿਵਿਆਂਗਤਾ ਦੇ ਆਧਾਰ 'ਤੇ 10 ਲੱਖ ਰੁਪਏ ਤੋਂ ਲੈ ਕੇ 40 ਲੱਖ ਰੁਪਏ ਤੱਕ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਇਹ ਉਨ੍ਹਾਂ ਸੈਨਿਕਾਂ ਪ੍ਰਤੀ ਸੂਬਾ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੇ ਬਹਾਦਰੀ ਅਤੇ ਸਮਰਪਣ ਨਾਲ ਦੇਸ਼ ਦੀ ਸੇਵਾ ਕੀਤੀ ਹੈ।

ਮੰਤਰੀ ਸ੍ਰੀ ਮੋਹਿੰਦਰ ਭਗਤ ਨੇ ਵਾਰ ਜਗੀਰ ਸਕੀਮ ਬਾਰੇ ਬੋਲਦਿਆਂ ਕਿਹਾ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਸਾਲਾਨਾ ਵਿੱਤੀ ਸਹਾਇਤਾ ਨੂੰ 10,000 ਰੁਪਏ ਤੋਂ ਵਧਾ ਕੇ 20,000 ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਗੈਰ-ਪੈਨਸ਼ਨ ਵਾਲੇ ਵਿਸ਼ਵ ਯੁੱਧ 9 ਅਤੇ 99 ਦੇ ਸਾਬਕਾ ਸੈਨਿਕਾਂ ਅਤੇ 65 ਸਾਲ ਤੋਂ ਵੱਧ ਉਮਰ ਦੀਆਂ ਉਨ੍ਹਾਂ ਦੀਆਂ ਵਿਧਵਾਵਾਂ ਲਈ ਵਿੱਤੀ ਸਹਾਇਤਾ ਨੂੰ ?6,000 ਤੋਂ ਵਧਾ ਕੇ ?10,000 ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ ਤਾਂ ਕਿ ਸਾਡੇ ਬਜ਼ੁਰਗ ਜੰਗੀ ਨਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਇਆ ਜਾ ਸਕੇ। ਸ਼ਹੀਦਾਂ ਪ੍ਰਤੀ ਪੰਜਾਬ ਸਰਕਾਰ ਵੱਲੋਂ ਦਿੱਤੇ ਸਨਮਾਨ ਦੀ ਪੁਸ਼ਟੀ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਪੰਜਾਬ ਸਟੇਟ ਵਾਰ ਹੀਰੋਜ਼ ਮੈਮੋਰੀਅਲ ਵਿਖੇ ਕਰਵਾਏ ਇੱਕ ਸਮਾਰੋਹ ਵਿੱਚ ਆਪ੍ਰੇਸ਼ਨ ਵਿਜੈ ਦੌਰਾਨ ਕੁਰਬਾਨੀ ਦੇਣ ਵਾਲੇ 65 ਸੈਨਿਕਾਂ ਦੇ ਪਰਿਵਾਰਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਸ੍ਰੀਲੰਕਾ ਵਿੱਚ ਆਪ੍ਰੇਸ਼ਨ ਪਵਨ ਦੌਰਾਨ ਸ਼ਹੀਦ ਹੋਏ 114 ਸੈਨਿਕਾਂ ਨੂੰ ਸ਼ਰਧਾਂਜਲੀ ਦੇਣ ਲਈ ਲੁਧਿਆਣਾ ਦੇ ਵਾਰ ਮੈਮੋਰੀਅਲ ਵਿਖੇ ਇੱਕ ਹੋਰ ਵੱਡਾ ਸਮਾਗਮ ਕਰਵਾਇਆ ਗਿਆ।

ਮੰਤਰੀ ਨੇ ਦੱਸਿਆ ਕਿ ਪਿਛਲੇ ਸਾਲ 8 ਨਵੰਬਰ ਤੋਂ 7 ਦਸੰਬਰ ਤੱਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੁੰਦੀ ਹੋਈ ਇੱਕ ਸਾਈਕਲ ਰੈਲੀ ਕੱਢੀ ਗਈ। ਇਕ ਮਹਿਨੇ ਤੱਕ ਚੱਲੀ ਇਹ ਰੈਲੀ ਚੰਡੀਗੜ੍ਹ ਦੇ ਵਾਰ ਮੈਮੋਰੀਅਲ ਵਿਖੇ ਸਮਾਪਤ ਹੋਈ ਜਿਥੇ ਸ਼ਹੀਦਾਂ ਅਤੇ ਸਾਬਕਾ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ ਜਿਸ ਨਾਲ ਸੂਬਾ ਵਾਸੀਆਂ ਵਿੱਚ ਮਾਣ ਅਤੇ ਏਕਤਾ ਦੀ ਭਾਵਨਾ ਪੈਦਾ ਹੋਈ।

ਵਿਭਾਗ ਵੱਲੋਂ ਰੋਜ਼ਗਾਰ ਲਈ ਕੀਤੇ ਅਹਿਮ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਸ੍ਰੀ ਭਗਤ ਨੇ ਦੱਸਿਆ ਕਿ ਆਨਰ 'ਤੇ ਗ੍ਰੈਟੀਚਿਊਟ ਪਾਲਿਸੀ ਤਹਿਤ ਸ਼ਹੀਦਾਂ ਦੇ 14 ਆਸ਼ਰਿਤਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੰਜਾਬ 'ਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸ਼ਰਿਤਾਂ ਲਈ ਸਿੱਧੀ ਭਰਤੀ ਵਿੱਚ 13 ਫ਼ੀਸਦ ਰਾਖਵਾਂਕਰਨ ਦਿੱਤਾ ਗਿਆ ਹੈ ਅਤੇ ਦੋ ਸਾਲਾਂ ਵਿੱਚ 2,044 ਅਸਾਮੀਆਂ ਭਰੀਆਂ ਗਈਆਂ ਹਨ। ਸੂਬਾ ਸਰਕਾਰ ਦਾ ਇਹ ਕਦਮ ਸਾਡੇ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ।

# ਆਰਥਿਕ ਮੁਹਾਜ਼ 'ਤੇ ਅਮਿਟ ਛਾਪ ਛੱਡੀ: ਆਰਬੀਆਈ ਗਵਰਨਰ

**ਨਵੀਂ ਦਿੱਲੀ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਰਬੀਆਈ ਦੇ ਗਵਰਨਰ ਸੰਜੈ ਮਲਹੋਤਰਾ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਆਰਥਿਕ ਸੁਧਾਰਾਂ 'ਚ ਯੋਗਦਾਨ ਪਾ ਕੇ ਉਨ੍ਹਾਂ ਦੇਸ਼ 'ਚ ਆਪਣੀ ਅਮਿਟ ਛਾਪ ਛੱਡੀ ਹੈ। ਮਲਹੋਤਰਾ ਨੇ 'ਐਕਸ' 'ਤੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ, ਦੂਰਅੰਦੇਸ਼ੀ ਅਰਥਸ਼ਾਸਤਰੀ ਅਤੇ ਆਰਬੀਆਈ ਦੇ ਸਾਬਕਾ ਗਵਰਨਰ ਡਾਕਟਰ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਉਨ੍ਹਾਂ ਨੂੰ ਦੁੱਖ ਹੋਇਆ ਹੈ। ਇਸ ਦੌਰਾਨ ਆਰਬੀਆਈ ਦੇ ਸਾਬਕਾ ਗਵਰਨਰ ਰਘੂਰਾਮ ਰਾਜਨ ਨੇ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ ਦੇਹਾਂਤ 'ਤੇ ਅਫ਼ਸੋਸ ਪ੍ਰਗਟ ਕਰਦਿਆਂ ਉਨ੍ਹਾਂ ਨੂੰ ਪ੍ਰਤਿਭਾਸ਼ਾਲੀ ਅਰਥਸ਼ਾਸਤਰੀ ਕਰਾਰ ਦਿੱਤਾ। ਰਘੂਰਾਮ ਰਾਜਨ ਨੇ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਅਜਿਹੇ ਦੂਰਅੰਦੇਸ਼ੀ ਵਾਲੇ ਆਗੂ ਸਨ ਜਿਨ੍ਹਾਂ ਨੂੰ ਸਿਆਸੀ ਤੌਰ 'ਤੇ ਕੀ ਕੁਝ ਸੰਭਵ ਹੈ, ਉਸ ਦੀ ਵੀ ਸਮਝ ਸੀ। ਉਨ੍ਹਾਂ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਨੇ ਸਾਬਕਾ ਪ੍ਰਧਾਨ ਮੰਤਰੀ ਨਰਸਿਮਹਾ ਰਾਓ ਦੀ ਹਮਾਇਤ ਨਾਲ ਅਜਿਹੇ ਉਦਾਰੀਕਰਨ ਅਤੇ ਸੁਧਾਰ ਕੀਤੇ ਜਿਨ੍ਹਾਂ ਨਾਲ ਭਾਰਤੀ ਅਰਥਚਾਰੇ ਦੀ ਨੀਂਹ ਰੱਖੀ ਗਈ ਸੀ। ਆਰਬੀਆਈ ਦੇ 23ਵੇਂ ਗਵਰਨਰ ਰਹੇ ਰਘੂਰਾਮ ਰਾਜਨ ਨੇ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਨੇ ਕਦੇ ਵੀ ਨਿੱਜੀ ਲਾਹੇ ਲਈ ਅਹੁਦੇ ਦੀ ਦੁਰਵਰਤੋਂ ਨਹੀਂ ਕੀਤੀ ਸੀ। ਰਾਜਨ ਮੁਤਾਬਕ ਨਰਮ ਸੁਭਾਅ ਦੇ ਮਾਲਕ ਡਾਕਟਰ ਸਿੰਘ ਆਪਣੇ ਆਲੋਚਕਾਂ ਸਮੇਤ ਸਾਰਿਆਂ ਨੂੰ ਬੜੇ ਧਿਆਨ ਨਾਲ ਸੁਣਦੇ ਸਨ।

# ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਮੂਲ ਮੰਤਰ, ਗੁਰਮੰਤਰ ਦੇ ਜਾਪ ਕੀਤੇ

**ਸ੍ਰੀ ਆਨੰਦਪੁਰ ਸਾਹਿਬ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨੂੰ ਯਾਦ ਵਿੱਚ ਅੱਜ ਗੁਰਦੁਆਰਾ ਸੀਸਗੰਜ ਸਾਹਿਬ ਵਿਖੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਸਮੁੱਚੇ ਪ੍ਰਬੰਧ ਵੱਲੋਂ ਮੂਲ ਮੰਤਰ, ਗੁਰਮੰਤਰ ਦੇ ਜਾਪ ਕਰਵਾਏ ਗਏ। ਇਸ ਮੌਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਚਰਨਜੀਤ ਸਿੰਘ, ਇੰਦਰਜੀਤ ਸਿੰਘ ਅਰੋੜਾ, ਜਸਵਿੰਦਰ ਸਿੰਘ ਬਿੱਲ ਸਮੇਤ ਇਸਤਰੀ ਸਤਿਸੰਗ ਸਭਾ ਦੀਆਂ ਬੀਬੀਆਂ, ਸਿੱਖ ਮਿਸ਼ਨ ਦੇ ਕਾਲਜ ਦੇ ਵਿਦਿਆਰਥੀ ਅਤੇ ਭਾਰੀ ਗਿਣਤੀ ਵਿੱਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ। ਇਸ ਮੌਕੇ ਵਪਾਰ ਮੰਡਲ ਸ੍ਰੀ ਅਨੰਦਪੁਰ ਸਾਹਿਬ ਅਤੇ ਰਾਤਰੀ ਫੇਰੀ ਜਥੇਬੰਦੀ ਵੱਲੋਂ ਲੰਗਰ ਲਾਏ ਗਏ।

# ਮੀਂਹ ਤੇ ਗੜਿਆਂ ਨੇ ਝੰਬਿਆ ਪੰਜਾਬ ਤੇ ਹਰਿਆਣਾ

## ਕਿਸਾਨਾਂ ਦੇ ਫਿਕਰ ਵਧੇ; ਪਾਰਾ ਡਿੱਗਿਆ; ਬਰਨਾਲਾ ਵਿੱਚ ਸਭ ਤੋਂ ਵੱਧ 23 ਐੱਮਐੱਮ ਮੀਂਹ ਪਿਆ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਤੇ ਹਰਿਆਣਾ ਸਣੇ ਉੱਤਰੀ ਭਾਰਤ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਅੱਜ ਮੀਂਹ ਨਾਲ ਗੜੇ ਪਏ। ਇਸ ਕਾਰਨ ਖੇਤਰ ਵਿੱਚ ਠੰਢ ਨੇ ਵੀ ਜ਼ੋਰ ਫੜ ਲਿਆ ਹੈ, ਜਿਸ ਕਰਕੇ ਜਨ-ਜੀਵਨ ਪ੍ਰਭਾਵਿਤ ਹੋਇਆ। ਮੀਂਹ ਕਰਕੇ ਪਾਰਾ ਵੀ 5 ਡਿਗਰੀ ਸੈਲਸੀਅਸ ਤੱਕ ਹੇਠਾਂ ਡਿੱਗ ਗਿਆ ਹੈ। ਦੂਜੇ ਪਾਸੇ ਪੰਜਾਬ ਤੇ ਹਰਿਆਣਾ ਵਿੱਚ ਗੜੇ ਪੈਣ ਤੋਂ ਬਾਅਦ ਕਿਸਾਨ ਫਿਕਰਾਂ 'ਚ ਪੈ ਗਏ ਹਨ। ਹਾਲਾਂਕਿ ਇਹ ਮੀਂਹ ਕਣਕ ਦੀ ਫ਼ਸਲ ਲਈ ਵਰਦਾਨ ਸਾਬਿਤ ਹੋ ਸਕਦਾ ਹੈ ਪਰ ਗੜੇ ਫ਼ਸਲਾਂ ਤੇ ਸਬਜ਼ੀਆਂ ਲਈ ਨੁਕਸਾਨਦੇਹ ਸਾਬਤ ਹੋਣਗੇ। ਮੌਸਮ ਵਿਗਿਆਨੀਆਂ ਨੇ 28 ਦਸੰਬਰ ਨੂੰ ਸਵੇਰ ਵੇਲੇ ਕੁਝ ਇਲਾਕਿਆਂ ਵਿੱਚ ਹਲਕਾ ਮੀਂਹ ਪੈਣ ਦੀ ਪੇਸ਼ੀਨਗੋਈ ਕੀਤੀ ਹੈ। ਇਸ ਦੇ ਨਾਲ ਹੀ ਸੰਘਣੀ ਧੁੰਦ ਪੈਣ ਸਬੰਧੀ ਯੈਲੋ ਅਲਰਟ ਜਾਰੀ



ਕੀਤਾ ਗਿਆ ਹੈ। ਮੌਸਮ ਵਿਭਾਗ ਅਨੁਸਾਰ ਅੱਜ ਪੰਜਾਬ ਦੇ ਜ਼ਿਆਦਾਤਰ ਸ਼ਹਿਰਾਂ ਵਿੱਚ ਤੜਕੇ ਮੀਂਹ ਪੈਣਾ ਸ਼ੁਰੂ ਹੋਇਆ ਤੇ ਦੁਪਹਿਰ ਸਮੇਂ ਰਾਜਧਾਨੀ ਚੰਡੀਗੜ੍ਹ, ਮੁਹਾਲੀ, ਪਟਿਆਲਾ, ਜਲੰਧਰ, ਲੁਧਿਆਣਾ, ਸ੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ ਤੇ ਹੋਰਨਾਂ ਕਈ ਇਲਾਕਿਆਂ ਵਿੱਚ ਮੀਂਹ ਦੇ ਨਾਲ ਗੜੇ ਪਏ। ਇਸ ਤੋਂ ਬਾਅਦ ਦੇਰ ਰਾਤ ਤੱਕ ਪੰਜਾਬ ਦੇ ਜ਼ਿਆਦਾਤਰ ਇਲਾਕਿਆਂ ਵਿੱਚ ਮੀਂਹ ਪੈਂਦਾ ਰਿਹਾ। ਬਰਨਾਲਾ ਵਿੱਚ ਸਭ ਤੋਂ ਵੱਧ 23 ਐੱਮਐੱਮ ਮੀਂਹ ਪਿਆ ਹੈ। ਇੰਜ ਹੀ ਰਾਜਧਾਨੀ ਚੰਡੀਗੜ੍ਹ ਵਿੱਚ 8.9 ਐੱਮਐੱਮ, ਅੰਮ੍ਰਿਤਸਰ ਵਿੱਚ 10 ਐੱਮਐੱਮ, ਲੁਧਿਆਣਾ ਵਿੱਚ 1.4 ਐੱਮਐੱਮ, ਪਟਿਆਲਾ ਵਿੱਚ 5 ਐੱਮਐੱਮ, ਪਠਾਨਕੋਟ ਵਿੱਚ 4 ਐੱਮਐੱਮ, ਬਠਿੰਡਾ ਏਅਰਪੋਰਟ 'ਤੇ 17 ਐੱਮਐੱਮ, ਫਰੀਦਕੋਟ ਵਿੱਚ 5.5 ਐੱਮਐੱਮ, ਫਤਹਿਗੜ੍ਹ ਸਾਹਿਬ ਵਿੱਚ 7 ਐੱਮਐੱਮ, ਹੁਸ਼ਿਆਰਪੁਰ ਵਿੱਚ 7.5 ਐੱਮਐੱਮ, ਮੋਗਾ ਵਿੱਚ 12.5 ਐੱਮਐੱਮ, ਮੁਹਾਲੀ ਵਿੱਚ 7.5 ਐੱਮਐੱਮ, ਰੂਪਨਗਰ ਵਿੱਚ 7.5 ਐੱਮਐੱਮ ਅਤੇ ਫਿਰੋਜ਼ਪੁਰ ਵਿੱਚ 3.5 ਐੱਮਐੱਮ ਮੀਂਹ ਪਿਆ ਹੈ।

# ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਕੀਤੀ ਮੁਲਾਕਾਤ, ਕਿਸਾਨਾਂ ਦੇ ਹਿੱਤਾਂ ਪ੍ਰਤੀ ਵਚਨਬੱਧਤਾ ਦੀ ਕੀਤੀ ਸ਼ਲਾਘਾ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਖਨੌਰੀ ਬਾਰਡਰ ਦਾ ਦੌਰਾ ਕਰਕੇ ਕਿਸਾਨਾਂ ਨੂੰ ਇਨਸਾਫ਼ ਦਿਵਾਉਣ ਦੀ ਮੰਗ ਨੂੰ ਲੈ ਕੇ ਕੇਂਦਰ ਸਰਕਾਰ ਖ਼ਿਲਾਫ਼ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕੀਤੀ।

ਮੰਤਰੀ ਚੀਮਾ ਨੇ ਡੱਲੇਵਾਲ ਦੀ ਕਿਸਾਨਾਂ ਦੇ ਹਿੱਤਾਂ ਪ੍ਰਤੀ ਅਟੁੱਟ ਵਚਨਬੱਧਤਾ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਚੱਲ ਰਹੇ ਸੰਘਰਸ਼ ਨਾਲ ਪੂਰੀ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਚੀਮਾ ਦੇ ਨਾਲ ਵਿਧਾਇਕ ਪ੍ਰਿੰਸੀਪਲ ਬੁੱਧਰਾਮ, ਮਨਜੀਤ ਸਿੰਘ ਬਿਲਾਸਪੁਰੀ, ਚੇਅਰਮੈਨ ਨਰਿੰਦਰ ਸਿੰਘ ਸ਼ੇਰਗਿੱਲ ਅਤੇ ਕਰਮਜੀਤ ਅਨਮੋਲ ਹਾਜ਼ਰ ਸਨ।

ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ



ਜਗਜੀਤ ਸਿੰਘ ਡੱਲੇਵਾਲ ਇਸ ਦੇਸ਼ ਦੇ ਕਿਸਾਨਾਂ ਦੇ ਹੱਕਾਂ ਲਈ ਦ੍ਰਿੜ ਇਰਾਦੇ ਨਾਲ ਲੜ ਰਹੇ ਹਨ। ਅਸੀਂ 21ਵੀਂ ਸਦੀ ਵਿੱਚ ਭਾਰਤੀ ਕਿਸਾਨਾਂ ਦੇ ਭਵਿੱਖ ਦੀ ਰਾਖੀ ਲਈ ਇਸ ਅਹਿਮ ਲੜਾਈ ਦੀ ਅਗਵਾਈ ਕਰਨ ਲਈ ਉਨ੍ਹਾਂ ਦੇ ਤਹਿ ਦਿਲੋਂ ਧੰਨਵਾਦੀ ਹਾਂ।

ਵਿਵਾਦਗ੍ਰਸਤ ਖੇਤੀ ਕਾਨੂੰਨਾਂ ਨੂੰ ਰੱਦ ਕਰਨ ਵਾਲੀ ਇਤਿਹਾਸਕ ਕਿਸਾਨ ਲਹਿਰ ਨੂੰ ਯਾਦ ਕਰਦਿਆਂ ਚੀਮਾ ਨੇ ਇਸੇ ਤਰ੍ਹਾਂ ਦੇ ਨਤੀਜੇ ਦੀ ਆਸ ਪ੍ਰਗਟਾਈ। ਉਨ੍ਹਾਂ ਕਿਹਾ, ਜਦੋਂ ਕਿਸਾਨ ਆਪਣੇ ਪਹਿਲੇ ਸੰਘਰਸ਼ ਵਿੱਚ ਇੱਕਜੁੱਟ ਹੋਏ ਤਾਂ ਮੋਦੀ ਸਰਕਾਰ ਨੂੰ ਝੁਕਣਾ ਪਿਆ ਅਤੇ ਕਾਲੇ ਖੇਤੀ ਕਾਨੂੰਨਾਂ ਨੂੰ ਰੱਦ ਕਰਨਾ ਪਿਆ। ਮੇਰਾ ਪੂਰਾ ਵਿਸ਼ਵਾਸ ਹੈ ਕਿ ਕੇਂਦਰ ਸਰਕਾਰ ਨੂੰ ਅਜਿਹੇ ਮੁੱਦਿਆਂ ਦੇ ਹੱਲ ਲਈ ਇੱਕ ਵਾਰ ਫਿਰ ਝੁਕਣਾ ਪਵੇਗਾ ਅਤੇ ਸਾਰਥਕ ਗੱਲਬਾਤ ਕਰਨੀ ਪਵੇਗੀ। ਅਜਿਹੇ ਮਸਲੇ ਹਮੇਸ਼ਾ ਗੱਲਬਾਤ ਰਾਹੀਂ ਹੱਲ ਹੁੰਦੇ ਹਨ, ਜ਼ਿੱਦ ਨਾਲ ਨਹੀਂ।

ਵਿੱਤ ਮੰਤਰੀ ਨੇ ਕੇਂਦਰ ਸਰਕਾਰ ਦੇ ਅੜੀਅਲ ਰੁਖ਼ ਦੀ ਸਖ਼ਤ ਆਲੋਚਨਾ ਕਰਦਿਆਂ ਉਸ ਨੂੰ ਆਪਣੀ ਜ਼ਿੱਦ ਛੱਡ ਕੇ ਤੁਰੰਤ ਕਿਸਾਨ ਆਗੂਆਂ ਨਾਲ ਗੱਲਬਾਤ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਡੱਲੇਵਾਲ ਦੀ ਡਾਕਟਰੀ ਦੇਖਭਾਲ ਸਬੰਧੀ ਪੰਜਾਬ ਸਰਕਾਰ ਨੂੰ ਸੁਪਰੀਮ ਕੋਰਟ ਵੱਲੋਂ ਹਾਲ ਹੀ ਵਿੱਚ ਦਿੱਤੇ ਨਿਰਦੇਸ਼ਾਂ ਦਾ ਵੀ ਹਵਾਲਾ ਦਿੱਤਾ। ਚੀਮਾ ਨੇ ਕਿਹਾ, ÷ਅਸੀਂ ਨਿਆਂਪਾਲਿਕਾ ਦੀ ਚਿੰਤਾ ਦਾ ਸਤਿਕਾਰ ਕਰਦੇ ਹਾਂ, ਪਰ ਮੇਰਾ ਮੰਨਣਾ ਹੈ ਕਿ ਸੁਪਰੀਮ ਕੋਰਟ ਨੂੰ ਕੇਂਦਰ ਸਰਕਾਰ ਨੂੰ ਤੁਰੰਤ ਕਿਸਾਨਾਂ ਨਾਲ ਗੱਲਬਾਤ ਸ਼ੁਰੂ ਕਰਨ ਦਾ ਨਿਰਦੇਸ਼ ਦੇਣਾ ਚਾਹੀਦਾ ਹੈ। ਅਜਿਹੀ ਕਾਰਵਾਈ ਨਾਲ 24 ਘੰਟਿਆਂ ਦੇ ਅੰਦਰ ਸਮੱਸਿਆ ਦਾ ਹੱਲ ਹੋ ਜਾਵੇਗਾ। ਮੰਤਰੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪਹਿਲਕਦਮੀ ਕਰਨ ਅਤੇ ਡੈੱਡਲਾਕ ਨੂੰ ਤੋੜਨ ਲਈ ਕਿਹਾ। ਉਨ੍ਹਾਂ ਕਿਹਾ, ਪ੍ਰਧਾਨ ਮੰਤਰੀ ਨੂੰ ਕਿਸਾਨਾਂ ਦੇ ਪੱਤਰ ਦਾ ਜਵਾਬ ਦੇਣਾ ਚਾਹੀਦਾ ਹੈ ਅਤੇ ਉਸਾਰੂ ਗੱਲਬਾਤ ਕਰਨੀ ਚਾਹੀਦੀ ਹੈ। ਸੁਪਰੀਮ ਕੋਰਟ ਵਲੋਂ ਕੇਂਦਰ ਸਰਕਾਰ ਨੂੰ ਨਿਰਦੇਸ਼ ਜਾਰੀ ਕਰਨੇ ਚਾਹੀਦੇ ਹਨ ਅਤੇ ਮੈਨੂੰ ਭਰੋਸਾ ਹੈ ਕਿ ਇਸ ਨਾਲ ਉਹ ਕਿਸਾਨਾਂ ਦੀਆਂ ਮੰਗਾਂ ਮੰਨਣ ਲਈ ਮਜਬੂਰ ਹੋਣਗੇ। ਕਿਸਾਨ ਭਾਈਚਾਰੇ ਪ੍ਰਤੀ ਪੰਜਾਬ ਸਰਕਾਰ ਦੀ ਅਟੁੱਟ ਹਮਾਇਤ ਨੂੰ ਦੁਹਰਾਉਂਦਿਆਂ ਮੰਤਰੀ ਚੀਮਾ ਨੇ ਕਿਹਾ ਕਿ 'ਆਪ' ਪਹਿਲੇ ਦਿਨ ਤੋਂ ਹੀ ਕਿਸਾਨਾਂ ਦੇ ਸੰਘਰਸ਼ ਦੇ ਨਾਲ ਖੜ੍ਹੀ ਹੈ ਅਤੇ ਅਸੀਂ ਇਸ ਨੂੰ ਜਾਰੀ ਰੱਖਾਂਗੇ। ਜਗਜੀਤ ਸਿੰਘ ਡੱਲੇਵਾਲ ਦੀ ਆਵਾਜ਼ ਨੂੰ ਜ਼ੋਰਦਾਰ ਢੰਗ ਨਾਲ ਪੇਸ਼ ਕੀਤਾ ਜਾਵੇਗਾ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਕੀਤੀ ਮੁਲਾਕਾਤ, ਕਿਸਾਨਾਂ ਦੇ ਸੰਘਰਸ਼ ਨੂੰ ਦਿੱਤਾ ਪੂਰਨ ਸਮਰਥਨ

**ਚੰਡੀਗੜ੍ਹ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਬੀਤੇ 31 ਦਿਨਾਂ ਤੋਂ ਭੁੱਖ ਹੜਤਾਲ 'ਤੇ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੂੰ ਮਿਲਣ ਲਈ ਅੱਜ ਖਨੌਰੀ ਸਰਹੱਦ ਦਾ ਦੌਰਾ ਕੀਤਾ। ਕਿਸਾਨ ਸੰਘਰਸ਼ ਨਾਲ ਇੱਕਜੁੱਟਤਾ ਪ੍ਰਗਟਾਉਣ ਲਈ ਸੰਧਵਾਂ ਨਾਲ ਕੁਲਵੰਤ ਸਿੰਘ ਪੰਡੋਰੀ ਅਤੇ ਨਰਿੰਦਰ ਕੌਰ ਭਰਾਜ ਸਮੇਤ ਆਮ ਆਦਮੀ ਪਾਰਟੀ (ਆਪ) ਦੇ ਕਈ ਵਿਧਾਇਕ ਵੀ ਮੌਜੂਦ ਸਨ।

ਇਸ ਮੌਕੇ ਬੋਲਦਿਆਂ ਕੁਲਤਾਰ ਸਿੰਘ ਸੰਧਵਾਂ ਨੇ ਜਗਜੀਤ ਸਿੰਘ ਡੱਲੇਵਾਲ ਦੀ ਮਨੁੱਖਤਾ ਪ੍ਰਤੀ ਵਚਨਬੱਧਤਾ ਅਤੇ ਕਿਸਾਨਾਂ ਦੀ ਭਲਾਈ ਲਈ ਕੀਤੇ ਕੰਮਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ÷ਡੱਲੇਵਾਲ ਸਾਹਿਬ ਸਿਰਫ਼? ਆਪਣੇ ਘਰ ਜਾਂ ਪੰਜਾਬ ਲਈ ਨਹੀਂ ਲੜ ਰਹੇ, ਉਹ ਦੇਸ਼ ਭਰ ਦੇ ਕਿਸਾਨਾਂ ਦੀ ਲੜਾਈ ਦੀ ਅਗਵਾਈ ਕਰ ਰਹੇ ਹਨ। ਕਿਸਾਨਾਂ ਲਈ ਘੱਟੋ-ਘੱਟ ਸਮਰਥਨ ਮੁੱਲ (ਐਮਐਸਪੀ) ਯਕੀਨੀ ਬਣਾਉਣਾ ਨਾ ਸਿਰਫ਼ ਪੰਜਾਬ ਨੂੰ ਮਜ਼ਬੂਤ ਕਰੇਗਾ, ਸਗੋਂ ਸਮੁੱਚੇ ਦੇਸ਼ ਨੂੰ ਵੀ ਮਜ਼ਬੂਤ ਕਰੇਗਾ।

ਕਿਸਾਨਾਂ ਦੇ ਯੋਗਦਾਨ ਨੂੰ ਉਜਾਗਰ ਕਰਦਿਆਂ ਸੰਧਵਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੀਆਂ ਮੰਗਾਂ ਸੁਣਨ ਦੀ ਅਪੀਲ ਕੀਤੀ। ਉਨ੍ਹਾਂ



ਕਿਹਾ ਕਿ ਇਸ ਦੇਸ਼ ਦੇ ਕਿਸਾਨ, ਜਿਨ੍ਹਾਂ ਦੇ ਪੂਰਵਜ ਭਾਰਤ ਦੀ ਆਜ਼ਾਦੀ ਲਈ ਲੜੇ ਸਨ ਅਤੇ ਜਿਨ੍ਹਾਂ ਦੇ ਬੱਚੇ ਦੇਸ਼ ਲਈ ਰੋਜ਼ਾਨਾ ਆਪਣੀਆਂ ਜਾਨਾਂ ਕੁਰਬਾਨ ਕਰਦੇ ਹਨ, ਦੀ ਅਵਾਜ਼ ਸੁਣੀ ਜਾਣੀ ਚਾਹੀਦੀ ਹੈ। ਉਨ੍ਹਾਂ ਦੀ ਦੁਰਦਸ਼ਾ ਨੂੰ ਨਜ਼ਰਅੰਦਾਜ਼ ਕਰਨਾ ਰਾਸ਼ਟਰ ਨੂੰ ਨਜ਼ਰਅੰਦਾਜ਼ ਕਰਨ ਦੇ ਬਰਾਬਰ ਹੈ।

ਸੰਧਵਾਂ ਨੇ ਡੱਲੇਵਾਲ ਦੀ ਵਿਗੜਦੀ ਸਿਹਤ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਕੇਂਦਰ ਸਰਕਾਰ ਨੂੰ ਪੰਜਾਬੀਆਂ ਦੇ ਸਬਰ ਦਾ ਇਮਤਿਹਾਨ ਨਾ ਲੈਣ ਲਈ ਸੁਚੇਤ ਕੀਤਾ। ਉਨ੍ਹਾਂ ਕਿਹਾ ਕਿ ਜੇ ਦੇਸ਼ ਨੂੰ ਬਚਾਉਣਾ ਹੈ, ਤਾਂ ਘੱਟੋ-ਘੱਟ ਸਮਰਥਨ ਮੁੱਲ ਦੀ ਗਾਰੰਟੀ ਹੋਣੀ ਚਾਹੀਦੀ ਹੈ। ਕਿਸਾਨਾਂ ਦੀਆਂ ਮੰਗਾਂ ਨੂੰ ਹੁਣ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਸਰਕਾਰ ਦੁਆਰਾ ਨਵਾਂ ਪ੍ਰਸਤਾਵਿਤ ਖਰੜਾ ਮੁੱਖ ਮੁੱਦਿਆਂ ਤੋਂ ਬਚਣ ਦੀ ਇੱਕ ਹੋਰ ਕੋਸ਼ਿਸ਼ ਜਾਪਦਾ ਹੈ।

ਦੂਜੇ ਦੇਸ਼ਾਂ ਨਾਲ ਤੁਲਨਾ ਕਰਦਿਆਂ ਸੰਧਵਾਂ ਨੇ ਕਿਹਾ ਕਿ ਅਮਰੀਕਾ ਵਿੱਚ, ਸਿਰਫ 1% ਆਬਾਦੀ ਕਿਸਾਨਾਂ ਦੀ ਹੈ, ਫਿਰ ਵੀ ਉਨ੍ਹਾਂ ਨੂੰ ਕਾਫ਼ੀ ਸਬਸਿਡੀਆਂ ਮਿਲਦੀਆਂ ਹਨ। ਭਾਰਤ, ਜਿੱਥੇ 80% ਲੋਕ ਖੇਤੀ 'ਤੇ ਨਿਰਭਰ ਹਨ, ਸਰਕਾਰ ਉਨ੍ਹਾਂ ਨੂੰ ਅਡਾਨੀ ਵਰਗੇ ਕਾਰਪੋਰੇਟ ਦਿੱਗਜਾਂ ਨੂੰ ਫ਼ਾਇਦਾ ਪਹੁੰਚਾਉਣ ਲਈ ਖੇਤੀਬਾੜੀ ਤੋਂ ਬਾਹਰ ਧੱਕਣ ਦੀ ਕੋਸ਼ਿਸ਼ ਕਰ ਰਹੀ ਹੈ।

ਸੰਧਵਾਂ ਨੇ ਮੀਡੀਆ ਅਤੇ ਜਨਤਾ ਨੂੰ ਅਪੀਲ ਕੀਤੀ ਕਿ ਉਹ ਇਹ ਸਮਝਣ ਕਿ ਇਹ ਕੇਵਲ ਡੱਲੇਵਾਲ ਦੀ ਨਿੱਜੀ ਲੜਾਈ ਨਹੀਂ ਹੈ ਸਗੋਂ ਪੰਜਾਬ ਅਤੇ ਸਮੁੱਚੇ ਦੇਸ਼ ਦੀ ਲੜਾਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ ਆਪਣੀ ਜ਼ਮੀਨ ਅਤੇ ਹੱਕਾਂ ਲਈ ਲੜਦੇ ਰਹਿਣਗੇ, ਜਿਸ ਤਰ੍ਹਾਂ ਉਹ ਹਮੇਸ਼ਾ ਦੇਸ਼ ਲਈ ਖੜ੍ਹੇ ਰਹੇ ਹਨ।

ਸਪੀਕਰ ਨੇ ਭਰੋਸਾ ਦਿਵਾਇਆ ਕਿ 'ਆਪ' ਕਿਸਾਨਾਂ ਦਾ ਸਮਰਥਨ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਕੱਲ੍ਹ ਸਾਡੀ ਪਾਰਟੀ ਦਾ ਇੱਕ ਉੱਚ ਪੱਧਰੀ ਵਫ਼ਦ ਜਗਜੀਤ ਡੱਲੇਵਾਲ ਨੂੰ ਮਿਲਿਆ ਸੀ। 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਇਸ ਮੁੱਦੇ 'ਤੇ ਪਾਰਟੀ ਅਤੇ ਸਰਕਾਰੀ ਪੱਧਰ 'ਤੇ ਚਰਚਾ ਕੀਤੀ ਹੈ। ਸਪੀਕਰ ਹੋਣ ਦੇ ਨਾਤੇ ਮੈਂ ਇਸ ਮੁੱਦੇ ਨੂੰ ਹੱਲ ਕਰਨ ਲਈ ਵਿਧਾਨ ਸਭਾ ਵਿੱਚ ਆਪਣੀ ਸਮਰੱਥਾ ਅਨੁਸਾਰ ਸਭ ਕੁਝ ਕਰਾਂਗਾ।

ਉਨ੍ਹਾਂ ਇਸ ਮਾਮਲੇ 'ਤੇ ਕੇਂਦਰ ਨਾਲ ਸੰਪਰਕ ਕਰਨ ਲਈ ਪੰਜਾਬ ਸਰਕਾਰ ਦੇ ਲਗਾਤਾਰ ਯਤਨਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ, ÷ਸਾਡੇ ਵਿੱਤ ਮੰਤਰੀ ਹਰਪਾਲ ਚੀਮਾ ਅਤੇ ਕੈਬਨਿਟ ਮੰਤਰੀ ਲਾਲ ਜੀਤ ਸਿੰਘ ਭੁੱਲਰ ਨੇ ਹੱਲ ਕੱਢਣ 'ਤੇ ਜ਼ੋਰ ਦੇਣ ਲਈ ਹਾਲ ਹੀ ਵਿੱਚ ਕੇਂਦਰੀ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ। ਅਸੀਂ ਕਿਸਾਨਾਂ ਦੇ ਹੱਕਾਂ ਦੀ ਵਕਾਲਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ ਹਾਂ।÷

ਸੰਧਵਾਂ ਨੇ ਇਹ ਵੀ ਦੱਸਿਆ ਕਿ ਉਹ ਆਪਣੇ ਸਕੂਲਾਂ ਅਤੇ ਕਾਲਜਾਂ ਦੇ ਦੌਰਿਆਂ ਦੌਰਾਨ ਕਿਸਾਨਾਂ ਦੇ ਸੰਘਰਸ਼ ਬਾਰੇ ਜਾਗਰੂਕ ਕਰਦੇ ਰਹੇ ਹਨ। ਉਨ੍ਹਾਂ ਸਾਰਿਆਂ ਨੂੰ ਇਸ ਲੜਾਈ ਦਾ ਸਮਰਥਨ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਇਹ ਕੌਮ ਦੀ ਆਤਮਾ ਲਈ ਸੰਘਰਸ਼ ਹੈ।

# ਸੀਟੀ ਯੂਨੀਵਰਸਿਟੀ ਨੇ ਚਾਰ ਸਾਹਿਬਜ਼ਾਦਿਆਂ ਦੀ ਮਹਾਨ ਕੁਰਬਾਨੀ ਨੂੰ ਕੀਤੀ ਸ਼ਰਧਾਂਜਲੀ ਭੇਟ



**ਲੁਧਿਆਣਾ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਟੀ ਯੂਨੀਵਰਸਿਟੀ ਵੱਲੋਂ ਚਾਰ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਹਿ ਸਿੰਘ ਦੀ ਸ਼ਹਾਦਤ ਨੂੰ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਯੂਨੀਵਰਸਿਟੀ ਦੇ ਵਿਦਿਆਰਥੀ ਭਲਾਈ ਵਿਭਾਗ ਨੇ ਚਾਰ ਸਾਹਿਬਜ਼ਾਦਿਆਂ ਦੀ ਸਰਵਉੱਚ ਕੁਰਬਾਨੀ ਦਾ ਸਨਮਾਨ ਕਰਨ ਵਾਲੇ 'ਚਾਹ ਦਾ ਲੰਗਰ' ਦਾ ਆਯੋਜਨ ਕੀਤਾ।

ਇਸ ਮਹਾਨ ਬਲੀਦਾਨ ਦਿਵਸ ਮੌਕੇ ਵਿਦਿਆਰਥੀ ਭਲਾਈ ਵਿਭਾਗ ਵੱਲੋਂ ਬਹਾਦਰੀ ਅਤੇ ਕੁਰਬਾਨੀ ਦੀ ਕਹਾਣੀ 'ਚਾਰ ਸਾਹਿਬਜ਼ਾਦੇ' ਫਿਲਮ ਦਿਖਾਈ ਗਈ।

ਸਮਾਗਮ ਦੀ ਸ਼ੁਰੂਆਤ ਲੰਗਰ ਸੇਵਾ ਨਾਲ ਹੋਈ, ਜਿੱਥੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੇ ਗੁਰੂਆਂ ਦੀਆਂ ਕੁਰਬਾਨੀਆਂ ਨੂੰ ਯਾਦ ਕਰਦਿਆਂ ਅਰਦਾਸ ਕੀਤੀ।

ਵਾਈਸ ਚਾਂਸਲਰ ਡਾ.ਅਭਿਸ਼ੇਕ ਤ੍ਰਿਪਾਠੀ, ਪ੍ਰੋ ਵਾਈਸ ਚਾਂਸਲਰ ਡਾ: ਨਿਤਿਨ ਟੰਡਨ, ਵਿਦਿਆਰਥੀ ਭਲਾਈ ਵਿਭਾਗ ਦੇ ਡਾਇਰੈਕਟਰ ਈ.ਆਰ. ਦਵਿੰਦਰ ਸਿੰਘ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਡਾ: ਅਭਿਸ਼ੇਕ ਤ੍ਰਿਪਾਠੀ ਨੇ ਜ਼ੋਰ ਦੇ ਕੇ ਕਿਹਾ, ÷ਸਾਨੂੰ ਮਾਤਾ ਗੁਜਰੀ ਅਤੇ ਚਾਰ ਸਾਹਿਬਜ਼ਾਦੇ ਨੂੰ ਆਪਣੇ ਹਿਰਦਿਆਂ ਵਿੱਚ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਜਾਤ-ਪਾਤ ਅਤੇ ਸਾਰੇ ਧਰਮਾਂ ਤੋਂ ਉੱਪਰ ਉੱਠ ਕੇ ਉਨ੍ਹਾਂ ਦੇ ਦਰਸਾਏ ਮਾਰਗ 'ਤੇ ਚੱਲਣਾ ਚਾਹੀਦਾ ਹੈ। ਇਸ ਸ਼ਰਧਾਂਜਲੀ ਨੇ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਅਤੇ ਉਤਸ਼ਾਹਿਤ ਕਰਨ ਲਈ ਸੀਟੀ ਯੂਨੀਵਰਸਿਟੀ ਦੀ ਵਚਨਬੱਧਤਾ ਨੂੰ ਹੋਰ ਮਜ਼ਬੂਤ ਕੀਤਾ।

# ਹਲਵਾਰਾ ਅੱਡੇ ਤੋਂ ਵਪਾਰਕ ਉਡਾਣਾਂ ਛੇਤੀ: ਬਿੱਟੂ

## ਸੀਨੀਅਰ ਅਧਿਕਾਰੀਆਂ ਨਾਲ ਹਵਾਈ ਅੱਡੇ ਦਾ ਨਿਰੀਖਣ



ਅਧਿਕਾਰੀਆਂ ਨਾਲ ਚਰਚਾ ਕਰਦੇ ਹੋਏ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ।

**ਗੁਰੂਸਰ ਸੁਧਾਰ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੇਲ ਅਤੇ ਫੂਡ ਪ੍ਰਾਸੈਸਿੰਗ ਸਨਅਤਾਂ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਕੌਮਾਂਤਰੀ ਹਵਾਈ ਅੱਡਾ ਹਲਵਾਰਾ ਦੇ ਦੌਰੇ ਮੌਕੇ ਸਾਰੀਆਂ ਸਬੰਧਤ ਧਿਰਾਂ ਨਾਲ ਉੱਚ ਪੱਧਰੀ ਸਮੀਖਿਆ ਮੀਟਿੰਗ ਕੀਤੀ। ਇਸ ਦੌਰਾਨ ਉਨ੍ਹਾਂ ਹਲਵਾਰਾ ਹਵਾਈ ਅੱਡੇ ਤੋਂ ਵਪਾਰਕ ਉਡਾਣਾਂ ਅਗਲੇ ਛੇ ਮਹੀਨਿਆਂ ਦੇ ਅੰਦਰ ਸ਼ੁਰੂ ਹੋਣ ਦੀ ਉਮੀਦ ਪ੍ਰਗਟਾਈ ਹੈ। ਉਨ੍ਹਾਂ ਕਿਹਾ ਕਿ ਉਹ ਨਿੱਜੀ ਰਸੂਖ਼ ਦੀ ਵਰਤੋਂ ਕਰ ਕੇ ਸ਼ਹਿਰੀ ਹਵਾਬਾਜ਼ੀ ਮੰਤਰੀ ਦੇ ਦਖ਼ਲ ਨਾਲ ਜਲਦ ਹੀ ਹਵਾਈ ਉਡਾਣਾਂ ਸ਼ੁਰੂ ਕਰਾਉਣ ਦੀ ਪ੍ਰਕਿਰਿਆ ਸ਼ੁਰੂ ਕਰਾਉਣਗੇ। ਮੰਤਰੀ ਬਿੱਟੂ ਨੇ ਭਾਰਤੀ ਹਵਾਈ ਸੈਨਾ, ਏਅਰਪੋਰਟ ਅਥਾਰਟੀ ਅਤੇ ਪੰਜਾਬ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਨਾਲ ਹਵਾਈ ਅੱਡੇ ਦਾ ਨਿਰੀਖਣ ਕਰਨ ਤੋਂ ਬਾਅਦ ਦਾਅਵਾ ਕੀਤਾ ਕਿ ਚਾਰਦੀਵਾਰੀ, ਟੈਕਸੀਵੇਅ ਅਤੇ ਹਵਾਈ ਪੱਟੀ ਸਣੇ ਮੁੱਖ ਬੁਨਿਆਦੀ ਢਾਂਚੇ ਦੇ ਕੰਮ ਤੇਜ਼ੀ ਨਾਲ ਜਾਰੀ ਹਨ।

# ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿੱਚ ਸਮਾਗਮ ਸ਼ੁਰੂ




ਉਪ ਕੁਲਪਤੀ ਪ੍ਰੋ. ਪ੍ਰਿਤਪਾਲ ਸਿੰਘ ਤੇ ਹੋਰ ਕਾਵਿ-ਸੰਗ੍ਰਹਿ ਜਾਰੀ ਕਰਦੇ ਹੋਏ।

**ਸ੍ਰੀ ਫਤਹਿਗੜ੍ਹ ਸਾਹਿਬ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਚ ਸ਼ਹੀਦੀ ਸਭਾ ਨੂੰ ਸਮਰਪਿਤ ਪ੍ਰੋਗਰਾਮਾਂ ਦੀ ਸ਼ੁਰੂਆਤ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਪ੍ਰਿਤਪਾਲ ਸਿੰਘ ਅਤੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਕੀਤੀ ਜਿਨ੍ਹਾਂ ਵਿੱਚ ਗੁਰਮਤਿ ਸਾਹਿਤ ਮੇਲਾ, ਦਸਤਾਰ ਸਿਖਲਾਈ ਕੈਂਪ, ਫਿਜ਼ਿਓਥਰੈਪੀ ਕੈਂਪ, ਐੱਨਐੱਸਐੱਸ ਕੈਂਪ, ਡਾਕੂਮੈਂਟਰੀ ਸ਼ੋਅ ਅਤੇ ਗੁਰਮਤਿ ਗਿਆਨ ਚੇਤਨਾ ਆਦਿ ਸ਼ਾਮਲ ਹਨ। ਗੁਰਮਤਿ ਸਾਹਿਤ ਮੇਲੇ ਵਿੱਚ 30 ਤੋਂ ਵੱਧ ਪ੍ਰਕਾਸ਼ਕ ਨੇ ਸਟਾਲਾਂ ਲਗਾਈਆਂ। ਪੰਜਾਬੀ ਵਿਭਾਗ ਵੱਲੋਂ ਕਵੀ ਦਰਬਾਰ ਸਜਾਇਆ ਗਿਆ ਜਿਸ ਵਿੱਚ ਪ੍ਰਸਿੱਧ ਕਵੀ ਹਰਦੇਵ ਸਿੰਘ, ਕਿਰਨਪ੍ਰੀਤ ਸਿੰਘ, ਗੁਰਮੀਤ ਕੱਲਰਮਾਜਰੀ, ਹਰਦੀਪ ਮਾਖਾ, ਕਰਮ ਸਿੰਘ, ਪ੍ਰਕਾਸ਼ ਕੌਰ, ਕਰਨਦੀਪ ਕੌਰ, ਅਮਰਜੋਤ ਕੌਰ, ਗਗਨਦੀਪ ਕੌਰ, ਸੁਮਨਪ੍ਰੀਤ ਕੌਰ ਅਤੇ ਹੋਰ ਨਵੇਂ ਕਵੀਆਂ ਨੇ ਹਿੱਸਾ ਲਿਆ। ਮੰਚ ਸੰਚਾਲਨ ਡਾ. ਬਿੰਦਰ ਸਿੰਘ ਨੇ ਕੀਤਾ। ਇਸ ਮੌਕੇ ਡਿਪਟੀ ਰਜਿਸਟਰਾਰ ਜਗਜੀਤ ਸਿੰਘ ਵੀ ਹਾਜ਼ਰ ਸਨ।

# ਸਾਬਕਾ ਫ਼ੌਜੀ ਨੂੰ ਅੱਠ ਘੰਟੇ ਡਿਜੀਟਲ ਅਰੈਸਟ ਰੱਖ ਕੇ ਸਾਈਬਰ ਠੱਗਾਂ ਨੇ 10.50 ਲੱਖ ਦੀ ਮਾਰੀ ਠੱਗੀ

**ਬੀਣੇਵਾਲ, 29 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਈਬਰ ਠੱਗਾਂ ਵਲੋਂ ਸਾਬਕਾ ਫੌਜੀ ਨੂ ਅੱਠ ਘਟੇ ਡਿਜੀਟਲ ਅਰੈਸਟ ਰੱਖ ਕੇ ਸਾਢੇ ਦਸ ਲੱਖ ਰੁਪਏ ਦੀ ਠੱਗੀ ਮਾਰਨ ਦਾ ਸਮਾਚਾਰ ਹੈ। ਬੀਤ ਇਲਾਕੇ ਦੇ ਪਿੰਡ ਸਖੋਵਾਲ ਦੇ ਰਮੇਸ਼ ਸ਼ਰਮਾ (ਜੋ ਕਿ ਭਾਰਤੀ ਫੌਜ ਤੇ ਸੂਬੇਦਾਰ ਰਿਟਾਇਰ ਹੈ।) ਨੇ ਦੱਸਿਆ ਕਿ ਸੋਮਵਾਰ 23 ਦਸੰਬਰ ਨੂੰ ਸਵੇਰੇ ਕਰੀਬ 10 ਕੁ ਵਜੇ ਉਨ੍ਹਾਂ ਨੂੰ ਵਿਦੇਸ਼ੀ ਨੰਬਰ ਤੋਂ ਕਾਲ ਆਈ ਅਤੇ ਬਾਅਦ ਵਿਚ ਠੱਗ ਵਲੋਂ ਪੁਲਿਸ ਅਫਸਰ ਦਸ ਕੇ ਵੀਡੀਓ ਕਾਲ ਕੀਤੀ ਤੇ ਮੈਨੂੰ ਦੱਸਿਆ ਕਿ ਮੈਂ ਅੰਧੇਰੀ ਮੁੰਬਈ ਪੁਲਿਸ ਸਟੇਸ਼ਨ ਤੋਂ ਪੁਲਿਸ ਇੰਸਪੈਕਟਰ ਬੋਲ ਰਿਹਾ ਹਾਂ। ਤੁਹਾਡੇ ਖ਼ਿਲਾਫ ਮਨੀ ਲਾਂਡਰਿੰਗ ਦਾ ਮਾਮਲਾ ਦਰਜ ਹੋਇਆ ਹੈ। ਤੁਸੀਂ ਆਪਣਾ ਅਧਾਰ ਕਾਰਡ ਭੇਜ ਅਸੀਂ ਕੰਨਵਰਮ ਕਰਨਾ ਹੈ ਅਧਾਰ ਕਾਰਡ ਨੰਬਰ ਦੇਸਣ ਤੋਂ ਬਾਅਦ ਉਨ੍ਹਾਂ ਕਿਹਾ ਕਿ ਤੁਹਾਡੇ ਵਿਰੁੱਧ 20 ਮਾਮਲੇ ਦਰਜ ਹਨ। ਉਨ੍ਹਾਂ ਦੱਸਿਆ ਕਿ ਸੰਗਰੂਰ ਦੇ ਨਰੇਸ਼ ਗੋਇਲ ਵਲੋਂ ਮਨੀ ਲੰਡਰਿੰਗ ਰਾਹੀਂ 2 ਕਰੋੜ ਦੀ ਠੱਗੀ ਮਾਰ ਕੇ ਤੁਹਾਡੇ ਕੈਨਰਾ ਬੈਂਕ ਵਾਲੇ ਖਾਤੇ ਵਿਚ 20 ਲੱਖ ਰੁਪਏ ਟਰਾਂਸਫਰ ਕੀਤੇ ਹਨ। ਇਸ ਲਈ ਤੁਹਾਡੇ ਗ੍ਰਿਫਤਾਰੀ ਵਰੰਟ ਨਿਕਲੇ ਹਨ ਤੁਹਾਨੂੰ ਅਰੈਸਟ ਕਰਨਾ ਹੈ। ਇਹ ਕਹਿ ਕੇ ਉਨਾ ਇੱਕ ਹੋਰ ਠੱਗ ਨਾਲ ਇਹ ਕਹਿ ਕੇ ਗਲ ਕਰਵਾਈ ਕਿ ਡੀ ਜੀ ਪੀ ਸਾਹਿਬ ਨਾਲ ਗੱਲ ਕਰ ਤੇ ਡੀ ਜੀ ਪੀ ਬਣੇ ਠੱਗ ਨੇ ਕਿਹਾ ਕਿ ਅਸੀਂ ਤੁਹਾਡਾ ਕੇਸ ਮੇਰੇ ਪਾਸ ਰੇ, ਮੈਂ ਕੇਸ ਨੂੰ ਰਫਾ ਦਫਾ ਕਰ ਦਿੰਦਾ ਹਾਂ ਜੇ ਕਰ ਸਾਈਬਰ ਨੰਗਾਂ



ਵਲੋਂ ਕੀਤੀ ਠੱਗੀ ਬਾਰੇ ਜਾਣਕਾਰੀ ਸਾਬਕਾ ਫੌਜੀ ਵਲੋਂ ਦਿੰਦਾ ਹੋਇਆ ਸੂਬੇਦਾਰ ਰਮੇਸ਼ ਸ਼ਰਮਾ।ਤੁਸੀ ਇੱਕ ਖਾਤੇ ਵਿਚ 20 ਲੱਖ ਰੁਪਏ ਆਰ.ਟੀ.ਜੀ.ਐਸ. ਰਾਹੀਂ ਟਰਾਂਸਫਰ ਕਰ ਦਿਓ ਨਹੀਂ ਤਾਂ ਤੁਹਾਨੂੰ ਮੁੰਬਈ ਆਉਣਾ ਪਵੇਗਾ ਅਤੇ ਵੀਡੀਓ ਕਾਲ ਚਲਦੀ ਰੱਖਣ ਤੇ ਕਿਸੇ ਵੀ ਪਰਿਵਾਰਿਕ ਮੈਂਬਰ ਨਾਲ ਗੱਲ ਸਾਂਝੀ ਨਾ ਕਰਨ ਦੀ ਚਿਤਾਵਨੀ ਵੀ ਦਿੱਤੀ। ਇਸ ਤੋਂ ਬਾਅਦ ਪੰਜਾਬ ਨੈਸ਼ਨਲ ਬੈਂਕ ਦੀ ਬਰਾਂਚ ਪੋਜੇਵਾਲ 'ਚ ਜਾ ਕੇ ਠੱਗਾਂ ਵਲੋਂ ਦਿੱਤ ਮਹਾਰਾਸ਼ਟਰਾ ਬੈਂਕ ਗਾਜੀਆਬਾਦ ਬਰਾਂਚ ਦੇ ਖਾਤਾ ਨੰਬਰ 60518542360 ਆਈ.ਐਫ.ਐਸ. ਸੀ ਕਡ ਐਮ ਏ ਐਚ ਬੀ 0001332 ਵਿਚ ਸਾਢੇ ਦਸ ਲੱਖ ਰੁਪਏ ਸ਼ਾਮ ਨੂੰ 4:57 ਵਜੇ ਟਰਾਸਫਰ ਕੀਤਾ ਜੇ ਖਾਤਾ ਜੋਤੀ ਪੋਤਰੀ ਹਰੀਸ਼ ਚੰਦਰ ਨਾਮਕ ਔਰਤ ਦੇ ਨਾਮ ਤੇ ਦੱਸਿਆ ਜਾਂਦਾ ਹੈ। ਪਤਾ ਲੱਗਾ ਕਿ ਠੱਗਾਂ ਵਲ ਅੱਧ ਘਟੋ ਬਾਅਦ ਉਕਤ ਰਕਮ ਕਿਸੇ ਹੋਰ ਖਾਤੇ ਵਿਚ ਟਰਾਂਸਫਰ ਕਰ ਦਿੱਤੀ ਗਈ। ਇਸ ਤੋਂ ਇੱਕ ਘੰਟੇ ਬਾਅਦ ਰਮੇਸ਼ ਸ਼ਰਮਾ ਨੂੰ ਠੱਗ ਜਾਣ ਦਾ ਅਹਿਸਾਸ ਹੋਇਆ। ਫਿਰ ਠੱਗਾਂ ਨੇ ਕਿਹਾ ਕਿ ਤਿੰਨ ਲੱਖ ਰੁਪਏ ਹੋਰ ਦਿਓ ਜੋ ਕਿ ਸਕਿਉਰਿਟੀ ਫੀਸ ਹੈ। ਪਰ ਰਮੇਸ਼ ਸ਼ਰਮਾ ਨੇ ਕੋਲ ਹੋਰ ਰਕਮ ਨ ਹੋਣ ਕਾਰਣ ਉਨ੍ਹਾਂ ਤੋਂ ਦੋ ਦਿਨਾਂ ਦਾ ਸਮਾਂ ਮੰਗਿਆ।

ਜ਼ਿਕਰਯੋਗ ਹੈ ਕਿ ਠੱਗਾ ਵਲੋਂ ਸ ਜਿੰਨਾ 5 ਵੱਖ ਵੱਖ ਫੋਨਾਂ ਤੇ ਕਾਲਿੰਗ ਕੀਤੀ ਗਈ ਸਾਰਿਆ ਦੀ ਡੀ ਪੀ ਤੇ ਪੁਲਿਸ ਦੇ ਵੱਡੇ ਅਫਸਰਾ ਦੇ ਫੱਟ ਲੱਗੇ ਹਨ। ਇਸ ਤੋਂ ਬਾਅਦ ਹੁਣ ਵੀ ਲਗਾਤਾਰ ਠੱਗਾ ਵਲੋਂ ਪੁਲਿਸ ਅਫਸਰਾਂ ਦੀਆ ਫੋਟ ਵਾਲੀਆ ਡੀ.ਪੀ ਲੱਗੇ ਫੋਨਾ ਤੋਂ ਕਾਲਾ ਆ ਰਹੀਆਂ ਹਨ ਪਰ ਰਮੇਜ ਸ਼ਰਮਾ ਫੋਨ ਨਹੀਂ ਚੁੱਕ ਰਹੇ। ਇਸ ਸਬੰਧੀ ਰਮੇਸ਼ ਕੁਮਾਰ ਸ਼ਰਮਾ ਵਲੋਂ ਸਾਈਬਰ ਕ੍ਰਾਈਮ 'ਚ ਸ਼ਿਕਾਇਤ ਕਰ ਦਿੱਤੀ ਗਈ ਹੈ। ਜਿਕਰਯੋਗ ਹੈ ਕਿ ਜ਼ਿਲ੍ਹਾ ਹੁਸ਼ਿਆਰਪੁਰ 'ਚ ਆਪਣੀ ਕਿਸਮ ਦੀ ਇਹ ਪਹਿਲੀ ਖ਼ਬਰ ਹੈ, ਜਦਕਿ ਇਸ ਸਬੰਧੀ ਰਿਜ਼ਰਵ ਬੈਂਕ ਵਲੋਂ ਸਜ਼ਲ ਮੀਡੀਆ, ਪ੍ਰਿੰਟ ਮੀਡੀਆ, ਇਲੈਕਟਰਾਨਿਕ ਮੀਡੀਆ ਰਾਹੀਂ ਲੋਕਾਂ ਨੂੰ ਲਗਾਤਾਰ ਸੁਚੇਤ ਰਹਿਣ ਲਈ ਅਤੇ ਡਿਜੀਟਲ ਅਰੈਸਟ ਤਾਂ ਸਾਵਧਾਨ ਰਹਿਣ ਲਈ ਲਗਾਤਾਰ ਅਪੀਲਾ ਕੀਤੀਆਂ ਜਾ ਰਹੀਆਂ ਹਨ।

# ਆਮਦਨ ਟੈਕਸ ਵਿਭਾਗ ਦੀ ਲੁਧਿਆਣਾ 'ਚ ਵੱਡੀ ਛਾਪੇਮਾਰੀ

**ਏਜੰਸੀਆਂ**

ਲੁਧਿਆਣਾ 29 ਦਸੰਬਰ। ਇਨਕਮ ਟੈਕਸ ਵਿਭਾਗ ਦੇ ਇਨਵੈਸਟੀਗੇਸ਼ਨ ਵਿੰਗ ਨੇ ਪੰਜਾਬ ਹਰਿਆਣਾ ਅਤੇ ਚੰਡੀਗੜ੍ਹ ਦੀਆਂ 30 ਤੋਂ 40 ਥਾਵਾਂ 'ਤੇ ਭਾਰੀ ਫੋਰਸ ਨਾਲ ਛਾਪੇਮਾਰੀ ਕੀਤੀ। ਇਹ ਕਾਰਵਾਈ ਪੰਚਕੂਲਾ, ਇਨਵੈਸਟੀਗੇਸ਼ਨ ਟੀਮ ਵੱਲੋਂ ਡਾਇਰੈਕਟ ਕੀਤੀ ਗਈ, ਜਿਸ ਵਿਚ ਜੀਕਰਪੁਰ, ਚੰਡੀਗੜ੍ਹ,




ਯਮੁਨਾ ਨਗਰ, ਪੰਚਕੂਲਾ ਅਤੇ ਲੁਧਿਆਣਾ ਦੇ ਕਈ ਥਾਵਾਂ ਅਤੇ ਕੰਪਲੈਕਸਾਂ 'ਤੇ ਸਰਚ ਮੁਹਿੰਮ ਚਲਾਈ ਗਈ। ਸੂਤਰਾਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਰੇਡ ਸੁਸ਼ਮਾ ਗਰੁੱਪ ਦੇ ਸਬੰਧ 'ਚ ਕੀਤੀ ਗਈ। ਉੱਥੇ ਲੁਧਿਆਣਾ ਸ਼ਹਿਰ ਵਿਚ ਵੀ 2 ਥਾਵਾਂ 'ਤੇ ਟੀਮਾਂ ਜਾਂਚ 'ਚ ਜੁੱਟੀਆਂ ਹੋਈਆਂ ਹਨ। ਇਸ ਵਿਚ ਬੀ. ਬੀ. ਆਰ. ਇੰਫਰਾਟੈੱਕ ਦੇ ਕਈ ਪਾਰਟਨਰਾਂ ਅਤੇ ਇਕ ਪ੍ਰਸਿੱਧ ਕਾਰੋਬਾਰੀ ਦੇ ਦਫਤਰ ਸਮੇਤ ਰਿਹਾਇਸ਼ 'ਤੇ ਸਰਚ ਕੀਤੀ ਗਈ, ਜਿਨ੍ਹਾਂ 'ਚ ਕੁਲਵਿੰਦਰ ਸਿੰਘ ਗਿੱਲ ਅਤੇ 3 ਤੋਂ 4 ਪਾਰਟਨਰਾਂ 'ਤੇ ਕਾਰਵਾਈ ਜਾਰੀ ਹੈ। ਉਕਤ ਕੁਲਵਿੰਦਰ ਸਿੰਘ ਗਿੱਲ ਪ੍ਰਾਪਰਟੀ ਸੇਲ-ਪਰਚੇਜ ਦਾ ਕੰਮ ਕਰਦਾ ਹੈ। ਅਧਿਕਾਰੀ ਉਕਤ ਗਰੁੱਪ ਨਾਲ ਪ੍ਰਾਪਰਟੀ ਦੀ ਸੇਲ ਅਤੇ ਪਰਚੇਜ ਸਬੰਧੀ ਜਾਣਕਾਰੀ 'ਚ ਜੁੱਟੇ ਹਨ। ਸੁਸ਼ਮਾ ਗਰੁੱਪ ਨਾਲ ਸਬੰਧਿਤ ਹੋਰ ਲੋਕਾਂ ਦੇ ਕੰਪਲੈਕਸਾਂ 'ਤੇ ਅਧਿਕਾਰੀਆਂ ਦੀਆਂ ਟੀਮਾਂ ਨੇ ਸਬੂਤਾਂ ਦੇ ਆਧਾਰ 'ਤੇ ਸਰਚ ਸ਼ੁਰੂ ਕੀਤੀ। ਸੂਤਰਾਂ ਅਨੁਸਾਰ ਵਿਭਾਗੀ ਅਧਿਕਾਰੀ ਪਿਛਲੇ ਕਈ ਦਿਨਾਂ ਤੋਂ ਸਰਚ ਦੀਆਂ ਤਿਆਰੀਆਂ 'ਚ ਜੁੱਟੇ ਸਨ ਅਤੇ ਉਨ੍ਹਾਂ ਨੇ ਪੁਖਤਾ ਸਬੂਤਾਂ ਦੇ ਆਧਾਰ 'ਤੇ ਕਾਰਵਾਈ ਨੂੰ ਅੰਜਾਮ ਦਿੱਤਾ ਹੈ। ਇਸ ਦੇ ਨਾਲ ਅਧਿਕਾਰੀਆਂ ਨੇ ਉਕਤ ਪਾਰਟਨਰਾਂ ਦੇ ਮੋਬਾਇਲ ਫੋਨ ਦੀ ਕਲੋਨਿੰਗ ਅਤੇ ਫਾਰੈਂਸਿਕ ਕਰ ਕੇ ਡਾਟਾ ਚੈਕਿੰਗ ਕੀਤੀ, ਜਿਸ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾਵੇਗੀ। ਅਧਿਕਾਰੀਆਂ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ ਮੌਕੇ 'ਤੇ ਪ੍ਰਾਪਰਟੀ ਨਾਲ ਸਬੰਧਿਤ ਦਸਤਾਵੇਜਾਂ ਨੂੰ ਜਾਂਚਿਆ ਅਤੇ ਲਾਕਰਾਂ ਨੂੰ ਸੀਜ ਕੀਤਾ ਗਿਆ। ਅਧਿਕਾਰੀ ਵੱਲੋਂ ਵਿੱਤੀ ਰਿਕਾਰਡ ਅਤੇ ਲੈਣ-ਦੇਣ ਦੀ ਜਾਂਚ ਕੀਤੀ ਗਈ ਅਤੇ ਇਤਰਾਜਯੋਗ ਦਸਤਾਵੇਜਾਂ ਨੂੰ ਜਬਤ ਕੀਤਾ ਗਿਆ।

# ਹਰਿਆਣਾ ਲਈ ਯਾਦਗਾਰ ਬਣਿਆ 2024, ਇਨ੍ਹਾਂ ਕਾਰਨਾਂ ਕਰ ਕੇ ਬਟੋਰੀਆਂ ਸੁਰਖੀਆਂ

**ਸਰਦੂਲ ਸਿੰਘ**

ਚੰਡੀਗੜ੍ਹ 29 ਦਸੰਬਰ। ਇਸ ਸਾਲ ਦੋ ਮਹੱਤਵਪੂਰਨ ਚੋਣਾਂ ਦੇ ਗਵਾਬ ਬਣੇ ਅਤੇ ਪੈਰਿਸ ਓਲੰਪਿਕ ਲਈ ਭਾਰਤੀ ਟੀਮ ਵਿਚ 20 ਫੀਸਦੀ ਤੋਂ ਵੱਧ ਐਥਲੀਟਾਂ ਦੀ ਨੁਮਾਇੰਦਗੀ ਕਰਨ ਵਾਲੇ ਹਰਿਆਣਾ ਨੇ ਸਿਆਸੀ ਅਤੇ ਖੇਡ ਦੋਹਾਂ ਵਿਚ ਖੂਬ ਸੁਰਖੀਆਂ ਬਟੋਰੀਆਂ। ਹਾਲਾਂਕਿ ਹਰਿਆਣਾ ਵਿਚ ਕਿਸਾਨ ਨਾਲ ਜੁੜਿਆ ਮੁੱਦਾ ਵੀ ਛਾਇਆ ਰਿਹਾ। ਕਿਸਾਨਾਂ ਦਾ ਵਿਰੋਧ ਪ੍ਰਦਰਸ਼ਨ ਪੂਰੇ ਸਾਲ ਸੂਬੇ ਦੀ ਸਮਾਜਿਕ-ਸਿਆਸੀ ਚਰਚਾ ਦਾ ਵਿਸ਼ਾ ਬਣਿਆ ਰਿਹਾ। ਚੋਣਾਵੀ ਮੌਸਮ ਮਗਰੋਂ ਜਦੋਂ ਹਰਿਆਣਾ ਦੀ ਸਿਆਸਤ ਵਿਚ ਹਲ-ਚਲ ਆਮ ਹੁੰਦੀ ਨਜਰ ਆਈ ਸੀ ਤਾਂ 5 ਵਾਰ ਦੇ ਮੁੱਖ ਮੰਤਰੀ ਅਤੇ ਸਿਆਸੀ ਦਿੱਗਜ ਨੇਤਾ ਓਮ ਪ੍ਰਕਾਸ਼ ਚੌਟਾਲਾ ਦੇ ਦਿਹਾਂਤ ਦੇ ਖਬਰ ਆਈ। ਚੌਟਾਲਾ ਦਾ ਦਿਹਾਂਤ 20 ਦਸੰਬਰ ਨੂੰ 89 ਸਾਲ ਦੀ ਉਮਰ ਵਿਚ ਹੋ ਗਿਆ। ਕਿਸੇ ਨੇ ਨਹੀਂ ਸੋਚਿਆ ਸੀ ਕਿ ਵਿਧਾਨ ਸਭਾ ਚੋਣਾਂ ਤੋਂ ਕੁਝ ਮਹੀਨੇ ਪਹਿਲਾਂ ਸਰਕਾਰ ਵਿਚ ਵੱਡਾ ਬਦਲਾਅ ਹੋਵੇਗਾ। ਭਾਜਪਾ ਨੇ ਹੈਰਾਨ ਕਰਦਿਆਂ 9 ਸਾਲ ਤੋਂ ਵੱਧ ਸਮੇਂ ਤੱਕ ਮੁੱਖ ਮੰਤਰੀ ਰਹੇ ਮਨੋਹਰ ਲਾਲ ਦੀ ਥਾਂ ਹੋਰ ਪਿਛੜਾ ਵਰਗ () ਨੇਤਾ ਨਾਇਬ ਸਿੰਘ ਸੈਣੀ (54) ਨੂੰ ਮੁੱਖ ਮੰਤਰੀ ਬਣਾਇਆ ਗਿਆ। ਹਾਲਾਂਕਿ ਕੁਝ ਲੋਕ ਇਸ ਕਦਮ ਤੋਂ ਨਾਖੁਸ ਸਨ, ਖਾਸ ਤੌਰ 'ਤੇ ਅਨਿਲ ਵਿਜ ਵਰਗੇ ਸੀਨੀਅਰ ਭਾਜਪਾ ਨੇਤਾ, ਜਿਨ੍ਹਾਂ ਦੀ ਮੁੱਖ ਮੰਤਰੀ ਬਣਨ ਦੀ ਇੱਛਾ ਸਭ ਨੂੰ ਪਤਾ ਹੈ। ਭਾਜਪਾ ਦੀ ਇਹ ਚਾਲ ਲੋਕ ਸਭਾ ਚੋਣਾਂ 'ਚ ਕੰਮ ਨਹੀਂ ਆਈ ਅਤੇ ਉਸ ਨੂੰ 10 'ਚੋਂ 5 ਸੀਟਾਂ ਕਾਂਗਰਸ ਤੋਂ ਗੁਆਉਣੀਆਂ ਪਈਆਂ ਪਰ ਅਕਤੂਬਰ 'ਚ ਹੋਈਆਂ ਵਿਧਾਨ ਸਭਾ ਚੋਣਾਂ 'ਚ ਇਸ



ਦਾ ਫਾਇਦਾ ਜਰੂਰ ਹੋਇਆ ਅਤੇ ਇਸ ਨੇ ਲਗਾਤਾਰ ਤੀਜੀ ਵਾਰ ਸੱਤਾ 'ਤੇ ਕਬਜਾ ਕਰ ਲਿਆ। ਹਰਿਆਣਾ ਵਿਧਾਨ ਸਭਾ ਦੀਆਂ 90 ਸੀਟਾਂ ਵਿੱਚੋਂ ਭਾਜਪਾ ਨੇ 48 ਸੀਟਾਂ ਜਿੱਤੀਆਂ ਜਦਕਿ ਕਾਂਗਰਸ ਸਿਰਫ 37 ਹੀ ਜਿੱਤ ਸਕੀ। ਆਮ ਆਦਮੀ ਪਾਰਟੀ (ਆਪ) ਦਾ ਸਫਾਇਆ ਹੋ ਗਿਆ, ਇਸ ਨੂੰ ਇਕ ਵੀ ਸੀਟ ਨਹੀਂ ਮਿਲੀ। ਮਾਰਚ ਵਿਚ ਅਜੈ ਚੌਟਾਲਾ ਦੀ ਅਗਵਾਈ ਵਾਲੀ ਜਨਨਾਇਕ ਜਨਤਾ ਪਾਰਟੀ ਦਾ ਭਾਜਪਾ ਨਾਲ ਗਠਜੋੜ ਟੁੱਟ ਗਿਆ ਅਤੇ ਇਸ ਨੂੰ ਵਿਧਾਨ ਸਭਾ ਚੋਣਾਂ ਵਿਚ ਵੀ ਹਾਰ ਦਾ ਸਾਹਮਣਾ ਕਰਨਾ ਪਿਆ। ਕਾਂਗਰਸ ਵਿਚ ਅੰਦਰੂਨੀ ਕਲੇਸ ਕਾਰਨ ਸੀਨੀਅਰ ਆਗੂ ਕਿਰਨ ਚੌਧਰੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਛੱਡ ਕੇ ਆਪਣੀ ਧੀ ਸਰੁਤੀ ਚੌਧਰੀ ਸਮੇਤ ਭਾਜਪਾ ਵਿਚ ਸਾਮਲ ਹੋ ਗਈ ਸੀ। ਵਿਨੇਸ ਨੂੰ ਜ਼ਿਆਦਾ ਭਾਰ ਹੋਣ ਕਾਰਨ ਪੈਰਿਸ ਓਲੰਪਿਕ ਤੋਂ ਅਯੋਗ ਕਰਾਰ ਦਿੱਤਾ ਗਿਆ ਸੀ ਅਤੇ ਉਹ ਸੋਨ ਤਗਮੇ ਲਈ ਫਾਈਨਲ ਮੈਚ ਨਹੀਂ ਖੇਡ ਸਕੀ ਸੀ। ਕੁਝ ਹਫਤਿਆਂ ਬਾਅਦ ਉਹ ਕਾਂਗਰਸ 'ਚ ਸਾਮਲ ਹੋ ਗਈ ਅਤੇ ਜੁਲਾਨਾ ਤੋਂ ਜਿੱਤ ਹਾਸਲ ਕੀਤੀ। ਉਸ ਦੇ ਨਾਲ ਸਾਥੀ ਪਹਿਲਵਾਨ ਬਜਰੰਗ ਪੂਨੀਆ ਵੀ ਕਾਂਗਰਸ ਵਿਚ ਸਾਮਲ ਹੋ ਗਏ ਸਨ ਪਰ ਚੋਣ ਨਹੀਂ ਲੜੇ। ਪੈਰਿਸ ਓਲੰਪਿਕ ਲਈ ਭਾਰਤੀ ਟੀਮ ਵਿਚ ਸਾਮਲ 117 ਐਥਲੀਟਾਂ ਵਿਚੋਂ 24 ਹਰਿਆਣਾ ਦੇ ਸਨ। ਭਾਰਤ ਨੇ ਓਲੰਪਿਕ ਵਿਚ ਕੁੱਲ 6 ਤਮਗੇ ਜਿੱਤੇ, ਜਿਨ੍ਹਾਂ 'ਚੋਂ ਚਾਰ ਹਰਿਆਣਾ ਦੇ ਐਥਲੀਟਾਂ ਨੇ ਜਿੱਤੇ। ਤਮਗੇ ਜਿੱਤਣ ਵਾਲੇ ਹਰਿਆਣਾ ਦੇ ਐਥਲੀਟਾਂ ਵਿਚ ਨੀਰਜ ਚੋਪੜਾ (ਜੇਵਲਿਨ ਥਰੋਅ ਵਿਚ ਚਾਂਦੀ), ਮਨੂ ਭਾਕਰ (10 ਮੀਟਰ ਏਅਰ ਪਿਸਟਲ ਅਤੇ ਮਿਕਸਡ ਡਬਲਜ 25 ਮੀਟਰ ਪਿਸਟਲ ਵਿਚ ਕਾਂਸੀ) ਅਤੇ ਅਮਨ ਸਹਿਰਾਵਤ (ਪੁਰਸਾਂ ਦੇ 'ਫ੍ਰੀਸਟਾਈਲ' 57 ਕਿਲੋ ਵਿਚ ਕਾਂਸੀ) ਸਾਮਲ ਹਨ। ਕਿਸਾਨਾਂ ਦਾ ਮੁੱਦਾ ਮਨੋਹਰ ਲਾਲ ਅਤੇ ਸੈਣੀ ਦੋਵਾਂ ਸਰਕਾਰਾਂ ਲਈ ਚੁਣੌਤੀ ਬਣਿਆ ਰਿਹਾ।

# ਅਮਨ ਅਰੋੜਾ ਕੈਬਨਿਟ ਮੰਤਰੀਆਂ ਸਣੇ ਅੱਜ ਗੁਰਦੁਆਰਾ ਸ਼੍ਰੀ ਫਤਹਿਗੜ੍ਹ ਸਾਹਿਬ ਵਿਖੇ ਟੇਕਣਗੇ ਮੱਥਾ

ਚੰਡੀਗੜ੍ਹ 29 ਦਸੰਬਰ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜਾਦੇ ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਹਿ ਸਿੰਘ ਜੀ ਦੇ ਸਹੀਦੀ ਦਿਹਾੜੇ ਮੌਕੇ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਸ਼ੁੱਕਰਵਾਰ ਨੂੰ ਪਾਰਟੀ ਦੇ ਆਗੂਆਂ, ਮੰਤਰੀਆਂ ਤੇ ਵਿਧਾਇਕਾਂ ਨਾਲ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਮੱਥਾ ਟੇਕਣਗੇ। ਇਹ ਜਾਣਕਾਰੀ ਪਾਰਟੀ ਦਫਤਰ ਚੰਡੀਗੜ੍ਹ ਤੋਂ ਜਾਰੀ ਬਿਆਨ 'ਚ ਮੀਡੀਆ ਨੂੰ ਦਿੱਤੀ ਗਈ।



ਅਮਨ ਅਰੋੜਾ ਨਾਲ ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ, ਕੁਲਦੀਪ ਸਿੰਘ ਧਾਲੀਵਾਲ, ਡਾ. ਬਲਜੀਤ ਕੌਰ, ਬਰਿੰਦਰ ਗੋਇਲ, ਗੁਰਮੀਤ ਸਿੰਘ ਖੁੱਡੀਆਂ, ਡਾ. ਰਵਜੋਤ, ਮੋਹਿੰਦਰ ਭਗਤ, ਤਰੁਨਪ੍ਰੀਤ ਸਿੰਘ ਸੌਂਦ ਤੇ ਹਰਦੀਪ ਸਿੰਘ ਮੁੰਡੀਆਂ ਹਾਜਰ ਰਹਿਣਗੇ। ਇਸ ਮੌਕੇ ਸੰਸਦ ਮੈਂਬਰ ਮਲਵਿੰਦਰ ਸਿੰਘ ਕੰਗ, ਪਾਰਟੀ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ, ਕੁਲਵੰਤ ਸਿੰਘ, ਜਸਵੀਰ ਸਿੰਘ ਰਾਜਾ ਗਿੱਲ, ਕਰਮਵੀਰ ਸਿੰਘ ਘੁੰਮਣ, ਬ੍ਰਹਮ ਸੰਕਰ ਜਿੰਪਾ, ਜੈ ਕਿਸਨ ਸਿੰਘ ਰੌੜੀ, ਸੰਤੋਸ ਕਟਾਰੀਆ, ਰਮਨ ਅਰੋੜਾ, ਇੰਦਰਜੀਤ ਕੌਰ ਮਾਨ, ਬਲਕਾਰ ਸਿੰਘ, ਲਖਬੀਰ ਸਿੰਘ ਰਾਏ, ਗੁਰਿੰਦਰ ਸਿੰਘ ਗੈਰੀ ਵੜਿੰਗ, ਰੁਪਿੰਦਰ ਸਿੰਘ ਹੈਪੀ, ਜਗਤਾਰ ਸਿੰਘ, ਰਜਿੰਦਰ ਪਾਲ ਕੌਰ ਛੀਨਾ, ਸਰਬਜੀਤ ਕੌਰ ਮਾਣੂੰਕੇ, ਅਮਨਦੀਪ ਕੌਰ ਅਰੋੜਾ, ਗੁਰਦਿੱਤ ਸਿੰਘ ਸੇਖੋਂ ਤੇ ਸੀਨੀਅਰ ਆਗੂ ਦੀਪਕ ਬਾਲੀ ਵੀ ਸ਼ਾਮਲ ਹੋਣਗੇ। ਇਸ ਮੌਕੇ ਮੰਤਰੀਆਂ ਤੇ ਵਿਧਾਇਕਾਂ ਤੋਂ ਇਲਾਵਾ ਪੰਜਾਬ ਭਰ ਤੋਂ ਆਮ ਆਦਮੀ ਪਾਰਟੀ ਦੇ ਆਗੂ ਅਤੇ ਅਹੁਦੇਦਾਰ ਵੀ ਹਾਜਰ ਹੋਣਗੇ। ਅਮਨ ਅਰੋੜਾ ਸਵੇਰੇ 8 ਵਜੇ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਪਹੁੰਚ ਕੇ ਨਤਮਸਤਕ ਹੋਣਗੇ।

# ਅਣਖ ਖਾਤਰ ਪੰਜਾਬ 'ਚ ਵੱਡੀ ਵਾਰਦਾਤ, ਸਾਰਾ ਦਿਨ ਘਰੋਂ ਬਾਹਰ ਰਹੀ ਭੈਣ ਸ਼ਾਮੀ ਆਈ ਤਾਂ ਭਰਾ ਨੇ

ਮੋਗਾ 29 ਦਸੰਬਰ। ਨਾਜਾਇਜ ਸੰਬੰਧਾਂ ਦੇ ਸ਼ੱਕ ਵਿਚ ਭਰਾ ਵਲੋਂ ਭੈਣ ਦਾ ਬੇਰਹਿਮੀ ਨਾਲ ਕਤਲ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਰਾਣੀ ਕੌਰ ਪਤਨੀ ਸਵ: ਨਛੱਤਰ ਸਿੰਘ ਵਾਸੀ ਵੈਰੋਕੇ ਥਾਣਾ ਸਮਾਲਸਰ ਨੇ ਪੁਲਸ ਦਿੱਤੇ ਬਿਆਨਾਂ ਵਿਚ ਦੱਸਿਆ ਕਿ ਮੰਮਪਾਲ ਸਿੰਘ ਅਤੇ ਇਸ ਦੀ ਭੈਣ ਵੀਰਜੋਤ ਕੌਰ ਆਪਣੇ ਨਾਨਾ-ਨਾਨੀ (ਮੁਦੱਈ ਮੁਕੱਦਮਾ) ਦੇ ਘਰ ਪਿੰਡ ਵੈਰੋਕੇ ਵਿਖੇ ਰਹਿੰਦੇ ਸੀ। ਮੰਮਪਾਲ ਸਿੰਘ ਆਪਣੀ ਭੈਣ ਵੀਰਜੋਤ ਕੌਰ ਦੇ ਕਿਸੇ ਨਾਲ ਨਜਾਇਜ ਸਬੰਧ ਹੋਣ ਦਾ ਸੱਕ ਕਰਦਾ ਸੀ। ਵੀਰਵਾਰ ਦੀ ਸਵੇਰ ਨੂੰ ਵੀਰਜੋਤ ਕੌਰ ਬਿਨਾਂ ਕਿਸੇ ਨੂੰ ਦੱਸੇ ਘਰੋਂ ਚਲੀ ਗਈ ਅਤੇ ਰਾਤ ਸਮੇਂ ਵਾਪਸ ਆਈ ਜਿਸ ਕਰਕੇ ਮੰਮਪਾਲ ਸਿੰਘ ਅਤੇ ਵੀਰਜੋਤ ਕੌਰ ਵਿਚਕਾਰ ਤਕਰਾਰ ਹੋ ਗਈ। ਇਸ ਦੌਰਾਨ ਇਨ੍ਹਾਂ ਦੀ ਨਾਨੀ ਰਾਣੀ ਕੌਰ ਨੇ ਦੋਵਾਂ ਨੂੰ ਸਮਝਾਉਣ ਦੀ ਕੋਸ਼ਿਸ ਕੀਤੀ ਪ੍ਰੰਤੂ ਮੰਮਪਾਲ ਸਿੰਘ ਨੇ ਤਹਿਸ ਵਿਚ ਆ ਕੇ ਆਪਣੀ ਭੈਣ ਵੀਰਜੋਤ ਕੌਰ ਦਾ ਘੋਟਣਾ ਮਾਰ ਕੇ ਕਤਲ ਕਰ ਦਿੱਤਾ ਅਤੇ ਆਪਣੀ ਨਾਨੀ ਨੂੰ ਡਰਾ ਧਮਕਾ ਕੇ ਚੁੱਪ ਕਰਵਾ ਦਿੱਤਾ। ਇਸ ਮਗਰੋਂ ਮੰਮਪਾਲ ਸਿੰਘ ਨੇ ਵੀਰਜੋਤ ਕੌਰ ਦੇ ਸਿਰ ਵਿਚੋਂ ਜੋ ਖੂਨ ਨਿਕਲਿਆ ਸੀ ਉਸ ਖੂਨ ਨੂੰ ਬੈੱਡ ਦੀ ਚਾਦਰ ਨਾਲ ਸਾਫ ਕਰਕੇ ਉਸ ਦੇ ਸਿਰ 'ਤੇ ਰੁਮਾਲ ਬੰਨ੍ਹ ਕੇ ਵੀਰਜੋਤ ਕੌਰ ਨੂੰ ਦੂਸਰੇ ਕਮਰੇ ਵਿਚ ਮੰਜੇ 'ਤੇ ਲਿਟਾ ਦਿੱਤਾ। ਮੁਦੱਈ ਰਾਣੀ ਕੌਰ ਵੱਲੋਂ ਥਾਣਾ ਸਮਾਲਸਰ ਵਿਖੇ ਘਟਨਾ ਦੀ ਇਤਲਾਹ ਦੇਣ 'ਤੇ ਐੱਸ.ਆਈ. ਜਨਕ ਰਾਜ ਮੁੱਖ ਅਫਸਰ ਥਾਣਾ ਸਮਾਲਸਰ ਵੱਲੋਂ ਸਮੇਤ ਪੁਲਸ ਪਾਰਟੀ ਮੌਕੇ 'ਤੇ ਪਹੁੰਚੇ ਅਤੇ ਤਫਤੀਸ ਸ਼ੁਰੂ ਕੀਤੀ। ਪੁਲਸ ਵਲੋਂ ਭਾਲ ਕਰਨ 'ਤੇ ਮੁਲਜਮ ਨੂੰ ਬੱਸ ਸਟੈਂਡ ਦੇ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ।

# ਭਾਰਤ ਦੀਆਂ ਤੇਲ ਰਿਫਾਈਨਰੀਆਂ 'ਤੇ ਖਤਰੇ ਦੀ ਘੰਟੀ, ਕੱਚੇ ਤੇਲ ਦੀ ਸਪਲਾਈ 'ਤੇ ਆ ਸਕਦੀ ਹੈ ਆਫਤ

**ਕਿਸ਼ਨ ਪਾਲ**

ਨਵੀਂ ਦਿੱਲੀ 29 ਦਸੰਬਰ। ਭਾਰਤ ਦੀਆਂ ਤੇਲ ਰਿਫਾਈਨਰੀਆਂ 'ਤੇ ਖਤਰੇ ਦੀ ਘੰਟੀ ਲਟਕ ਰਹੀ ਹੈ। ਜਨਵਰੀ ਤੋਂ ਕੱਚੇ ਤੇਲ ਦੀ ਸਪਲਾਈ 'ਤੇ ਆਫਤ ਆ ਸਕਦੀ ਹੈ। ਸੰਕਟ ਬਹੁਤ ਡੂੰਘਾ ਹੈ, ਕਿਉਂਕਿ ਇਸ ਨਾਲ ਦੇਸ਼ 'ਚ ਈਂਧਨ ਦੀ ਜਰੂਰਤ ਪੂਰੀ ਨਹੀਂ ਹੋਵੇਗੀ। ਇਸ ਕਾਰਨ ਅਰਥਵਿਵਸਥਾ ਦੀ ਰਫਤਾਰ ਮੱਠੀ ਪੈ ਸਕਦੀ ਹੈ। ਭਾਰਤ ਦੀਆਂ 3 ਵੱਡੀਆਂ ਤੇਲ ਕੰਪਨੀਆਂ ਇੰਡੀਅਨ ਆਇਲ, ਹਿੰਦੁਸਤਾਨ ਪੈਟਰੋਲੀਅਮ ਅਤੇ ਭਾਰਤ ਪੈਟਰੋਲੀਅਮ ਦੀ ਮੈਨੇਜਮੈਂਟ ਆਉਣ ਵਾਲੇ ਸੰਕਟ ਨੂੰ ਲੈ ਕੇ ਪ੍ਰੇਸ਼ਾਨ ਹੈ ਅਤੇ ਇਸ ਦਾ ਹੱਲ ਲੱਭਣ 'ਚ ਜੁਟੀ ਹੈ। ਇਕ ਰਿਪੋਰਟ ਮੁਤਾਬਕ ਇਕ ਸੂਤਰ ਨੇ ਦੱਸਿਆ ਕਿ ਇਹ ਸੰਕਟ ਯੂਕ੍ਰੇਨ ਜੰਗ ਦੇ ਪਰਛਾਵੇਂ ਦੀ ਜਗ੍ਹਾ ਰੂਸ ਸਰਕਾਰ ਦੀ ਇਕ ਪਹਿਲ ਕਾਰਨ ਹੈ। ਹੁਣ ਤੱਕ ਭਾਰਤ ਦੀਆਂ ਤੇਲ ਕੰਪਨੀਆਂ ਹਾਜਰ ਬਾਜਾਰ ਰਾਹੀਂ ਕੱਚੇ ਤੇਲ ਚੁੱਕਦੀਆਂ ਰਹੀਆਂ ਹਨ। ਰੂਸ ਸਰਕਾਰ ਹਾਜਰ ਬਾਜਾਰ ਦੀ ਜਗ੍ਹਾ ਸਿੱਧੇ ਤੇਲ ਉਤਪਾਦਕ ਕੰਪਨੀਆਂ ਨੂੰ ਲੰਮੀ ਮਿਆਦ ਦੇ ਸਮਝੌਤਿਆਂ ਰਾਹੀਂ ਕੱਚੇ ਤੇਲ ਦੀ ਸਪਲਾਈ 'ਤੇ



ਜ਼ੋਰ ਦੇ ਰਹੀ ਹੈ। ਮਾਸਕੋ ਭਾਰਤ 'ਤੇ ਇਸ ਗੱਲ ਲਈ ਦਬਾਅ ਬਣਾ ਰਿਹਾ ਹੈ ਕਿ ਭਾਰਤ ਦੀਆਂ ਸਰਕਾਰੀ ਤੇਲ ਕੰਪਨੀਆਂ ਰੂਸ ਦੀਆਂ ਸਰਕਾਰੀ ਤੇਲ ਕੰਪਨੀਆਂ ਨਾਲ ਲੰਮੀ ਮਿਆਦ ਲਈ ਕੱਚੇ ਤੇਲ ਦੀ ਖਰੀਦ ਦਾ ਸਮਝੌਤਾ ਕਰਨ। ਭਾਰਤ ਸਰਕਾਰ ਵੀ ਚਾਹੁੰਦੀ ਹੈ ਕਿ ਇਥੇ ਸਰਕਾਰੀ ਅਤੇ ਪ੍ਰਾਈਵੇਟ ਤੇਲ ਕੰਪਨੀਆਂ ਮਿਲ ਕੇ ਫਾਇਦੇਮੰਦ ਨਿਯਮ ਅਤੇ ਸ਼ਰਤਾਂ 'ਤੇ ਲੰਮੀ ਮਿਆਦ ਲਈ ਸਮਝੌਤੇ 'ਚ ਸ਼ਾਮਲ ਹੋਣ ਪਰ ਇਸ ਨੂੰ ਅਜੇ ਲਾਗੂ ਨਹੀਂ ਕੀਤਾ ਜਾ ਸਕਿਆ ਹੈ। ਤੇਲ ਕੰਪਨੀਆਂ ਨਾਲ ਜੁੜੇ ਇਕ ਉੱਚ ਅਧਿਕਾਰੀ ਨੇ ਦੱਸਿਆ ਕਿ ਅਸੀਂ 6 ਮਿਲੀਅਨ ਬੈਰਲ ਕੱਚਾ ਤੇਲ ਵੀ ਰੋਜਾਨਾ ਪ੍ਰਾਪਤ ਕਰਨ ਦੀ ਸਥਿਤੀ 'ਚ ਨਹੀਂ ਹਾਂ। ਹੁਣ ਤੱਕ ਅਸੀਂ ਦੇਸ਼ ਦੀਆਂ ਰਿਫਾਈਨਰੀਆਂ ਲਈ ਇਕ ਮਿਲੀਅਨ ਬੈਰਲ ਕੱਚਾ ਤੇਲ ਰੋਜਾਨਾ ਦੀ ਦਰਾਮਦ ਹੀ ਰੂਸ ਤੋਂ ਯਕੀਨੀ ਬਣਾ ਸਕੇ ਹਾਂ, ਜੋ ਯੂਕ੍ਰੇਨ ਜੰਗ ਤੋਂ ਪਹਿਲਾਂ ਰੂਸ ਤੋਂ ਕੱਚੇ ਤੇਲ ਦੀ ਬਿਨਾਂ ਦਰਾਮਦ ਵਾਲੀ ਸਥਿਤੀ ਦੇ ਬਹੁਤ ਨੇੜੇ ਹੈ। ਅਧਿਕਾਰੀਆਂ ਨੇ ਦੱਸਿਆ ਕਿ ਸਰਕਾਰੀ ਤੇਲ ਕੰਪਨੀਆਂ ਲਈ ਮੱਧ-ਪੂਰਬ ਅਤੇ ਅਫਰੀਕਾ ਤੋਂ ਕੱਚੇ ਤੇਲ ਦੀ ਸਪਲਾਈ ਦਾ ਬਦਲ ਉਪਲੱਬਧ ਹੈ ਪਰ ਇਹ ਰੂਸ ਦੇ ਮੁਕਾਬਲੇ ਕਾਫ਼ੀ ਮਹਿੰਗਾ ਸਾਬਤ ਹੋਵੇਗਾ ਅਤੇ ਇਸ ਦਾ ਮਾਰਜਿਨ ਵੀ ਕਾਫ਼ੀ ਘੱਟ ਪਵੇਗਾ।

# 18 ਸਾਲ ਦਾ ਵਿਆਹ, 25 ਵਾਰ ਭੱਜ ਗਈ ਘਰਵਾਲੀ, ਕਿਹਾ- ਮੇਰੀ ਪਤਨੀ

ਵੈੱਬ ਡੈਸਕ 29 ਦਸੰਬਰ। ਉੱਤਰ ਪ੍ਰਦੇਸ ਦੇ ਬਰੇਲੀ ਜ਼ਿਲ੍ਹੇ ਤੋਂ ਇਕ ਹੈਰਾਨੀਜਨਕ ਘਟਨਾ ਸਾਹਮਣੇ ਆਈ ਹੈ। ਬਰੇਲੀ 'ਚ ਪਤਨੀ ਤੋਂ ਪਰੇਸਾਨ ਪਤੀ ਨੇ ਪੁਲਸ ਅਧਿਕਾਰੀਆਂ ਨੂੰ ਮਦਦ ਦੀ ਅਪੀਲ ਕੀਤੀ ਹੈ। ਪਤੀ ਅਫਸਰ ਅਲੀ ਅਨੁਸਾਰ ਉਸ ਦੀ ਪਤਨੀ ਆਪਣੇ 18 ਸਾਲਾਂ ਦੇ ਵਿਆਹੁਤਾ ਜੀਵਨ 'ਚ 25 ਵਾਰ ਘਰ ਛੱਡ ਚੁੱਕੀ ਹੈ। ਇੰਨਾ ਹੀ ਨਹੀਂ ਹਰ ਵਾਰ ਪੁਲਸ ਕੋਲ ਝੂਠੀ ਸ਼ਿਕਾਇਤ ਵੀ ਦਰਜ ਕਰਵਾਈ ਗਈ ਹੈ। ਪ੍ਰੇਸਾਨ ਅਧਿਕਾਰੀ ਦਾ ਕਹਿਣਾ ਹੈ ਕਿ ਇਸ ਕਾਰਨ ਉਸ ਦੀ ਜ਼ਿੰਦਗੀ ਬਰਬਾਦ ਹੋ ਗਈ ਹੈ। ਅਫਸਰ ਅਲੀ ਨੇ ਦੱਸਿਆ ਕਿ ਉਸਦਾ ਵਿਆਹ 2006 'ਚ ਰੂਬੀ ਖਾਨ ਨਾਲ ਹੋਇਆ ਸੀ। ਸੁਰੂਆਤੀ ਕੁਝ ਸਾਲ ਤਾਂ ਸਭ ਕੁਝ ਠੀਕ ਰਿਹਾ ਪਰ ਹੌਲੀ-ਹੌਲੀ ਉਸ ਦੀ ਪਤਨੀ ਛੋਟੀ-ਛੋਟੀ ਗੱਲ ਨੂੰ ਲੈ ਕੇ ਝਗੜਾ ਕਰਨ ਲੱਗੀ। ਪਿਛਲੇ 18 ਸਾਲਾਂ 'ਚ ਉਹ 25 ਵਾਰ ਘਰ ਛੱਡ ਕੇ ਆਪਣੇ ਨਾਨਕੇ ਘਰ ਜਾ ਚੁੱਕੀ ਹੈ। ਹਰ ਵਾਰ ਉਹ ਝੂਠੇ ਦੋਸ ਲਗਾ ਕੇ ਥਾਣੇ 'ਚ ਸ਼ਿਕਾਇਤ ਦਰਜ ਕਰਵਾਉਂਦੀ ਰਹੀ ਹੈ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਉਸ ਦੀ ਪਤਨੀ ਨੇ ਦਾਜ ਲਈ ਤੰਗ ਪ੍ਰੇਸਾਨ ਕਰਨ ਅਤੇ ਖਰਚੇ ਦੀ ਮੰਗ ਕਰਨ ਦਾ ਕੇਸ ਦਰਜ ਕਰਵਾਇਆ ਹੈ। ਇਸ ਕਾਰਨ ਉਸ ਨੂੰ ਬਾਰ-ਬਾਰ ਦਿੱਲੀ ਤੋਂ ਬਰੇਲੀ ਅਦਾਲਤ 'ਚ ਆਉਣਾ ਪੈਂਦਾ ਹੈ। ਉਸ ਨੇ ਕਿਹਾ, ਮੈਂ ਦਿੱਲੀ 'ਚ ਟੈਕਸੀ ਚਲਾ ਕੇ ਜੋ ਵੀ ਕਮਾਉਂਦਾ ਹਾਂ, ਉਹ ਅਦਾਲਤੀ ਕਾਰਵਾਈ ਵਿੱਚ ਗੁਆਚ ਜਾਂਦਾ ਹੈ। ਉਸ ਦੀ ਪਤਨੀ ਉਸ ਨੂੰ ਮਾਨਸਿਕ ਅਤੇ ਆਰਥਿਕ ਤੌਰ 'ਤੇ ਪ੍ਰੇਸਾਨ ਕਰ ਰਹੀ ਹੈ। ਅਫਸਰ ਅਲੀ ਦੇ ਤਿੰਨ ਬੱਚੇ ਹਨ, ਅਰਮਾਨ, ਅਲੀਨਾ ਅਤੇ ਅਨਾਮਤਾ। ਉਸ ਨੇ ਦੱਸਿਆ ਕਿ ਅਦਾਲਤ ਦੇ ਹੁਕਮਾਂ 'ਤੇ ਉਸ ਦੀ ਪਤਨੀ ਨੇ ਅਲੀਨਾ ਨੂੰ ਹਿਰਾਸਤ 'ਚ ਲੈ ਲਿਆ ਸੀ ਪਰ ਅਕਤੂਬਰ 2023 'ਚ ਅਲੀਨਾ ਨੇ ਨੋਇਡਾ ਤੋਂ ਆਪਣੇ ਪਿਤਾ ਨੂੰ ਫੋਨ ਕਰਕੇ ਦੱਸਿਆ ਕਿ ਉਸ ਦੀ ਮਾਂ ਨੇ ਉਸ ਨੂੰ ਘਰੋਂ ਕੱਢ ਦਿੱਤਾ ਹੈ। ਅਧਿਕਾਰੀ ਦਾ ਕਹਿਣਾ ਹੈ ਕਿ ਉਸ ਦੀ ਪਤਨੀ ਹਰ ਵਾਰ ਨਵੀਂ ਸਮੱਸਿਆ ਖੜ੍ਹੀ ਕਰਦੀ ਹੈ। ਹਰ ਵਾਰ ਉਹ ਸੋਚਦੇ ਹਨ ਕਿ ਸਾਇਦ ਅਗਲੀ ਵਾਰ ਸਭ ਕੁਝ ਠੀਕ ਹੋ ਜਾਵੇਗਾ। ਸਥਿਤੀ 'ਚ ਸੁਧਾਰ ਹੋਵੇਗਾ ਅਤੇ ਪਰਿਵਾਰ ਵਾਪਸ ਲੀਹ 'ਤੇ ਆ ਜਾਵੇਗਾ ਪਰ ਹਰ ਵਾਰ ਨਿਰਾਸ ਹੀ ਹੁੰਦਾ ਹੈ। ਝੂਠੇ ਕੇਸ ਦਰਜ ਕਰਕੇ ਅਦਾਲਤਾਂ ਦੇ ਚੱਕਰ ਕੱਟਣ ਲਈ ਮਜਬੂਰ ਹਨ। ਨੇ ਐੱਸ.ਐੱਸ.ਪੀ. ਅਨੁਰਾਗ ਆਰੀਆ ਨੂੰ ਅਪੀਲ ਕੀਤੀ ਕਿ ਉਸ ਦੀ ਪਤਨੀ ਖ਼ਿਲਾਫ ਸਖਤ ਕਾਰਵਾਈ ਕੀਤੀ ਜਾਵੇ।

# ਭਿਆਨਕ ਅੱਗ ਲੱਗਣ ਕਾਰਨ ਤਿੰਨ ਰਿਹਾਇਸੀ ਘਰ ਸੜ ਕੇ ਸੁਆਹ

ਸ੍ਰੀਨਗਰ 29 ਦਸੰਬਰ। ਜੰਮੂ-ਕਸਮੀਰ ਦੇ ਕੁਪਵਾੜਾ ਜ਼ਿਲੇ 'ਚ ਭਿਆਨਕ ਅੱਗ ਲੱਗਣ ਕਾਰਨ ਤਿੰਨ ਰਿਹਾਇਸੀ ਘਰ, ਏਕੀਕ੍ਰਿਤ ਬਾਲ ਵਿਕਾਸ ਸੇਵਾ ਕੇਂਦਰ (ਆਈ.ਸੀ.ਡੀ.ਐੱਸ.) ਅਤੇ ਦੋ ਗਊ ਸੈੱਡ ਸੜ ਕੇ ਸੁਆਹ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਇਕ ਫਾਇਰ ਅਤੇ ਐਮਰਜੈਂਸੀ ਸੇਵਾਵਾਂ ਦੇ ਅਧਿਕਾਰੀ ਨੇ ਦੱਸਿਆ ਕਿ ਫਾਇਰ ਫਾਈਟਰ ਇਰਫਾਨ ਅਹਿਮਦ ਡਾਰ ਬਚਾਅ ਕਾਰਜ ਦੌਰਾਨ ਝੁਲਸ ਗਿਆ ਅਤੇ ਉਸ ਨੂੰ ਇਲਾਜ ਲਈ ਨਜਦੀਕੀ ਸਿਹਤ ਕੇਂਦਰ ਲਿਜਾਇਆ ਗਿਆ। ਉਨ੍ਹਾਂ ਦੱਸਿਆ ਕਿ ਬੀਤੀ ਰਾਤ ਪਿੰਡ ਮਸਾਰੀ ਦੇ ਚੌਕੀਬਲ ਇਲਾਕੇ 'ਚ ਇਕ ਰਿਹਾਇਸੀ ਘਰ ਨੂੰ ਅੱਗ ਲੱਗਣ ਕਾਰਨ ਆਲੇ-ਦੁਆਲੇ ਦੇ ਮਕਾਨ ਵੀ ਸੜ ਗਏ। ਅੱਗ ਨਾਲ ਤਿੰਨ ਦੋ ਮੰਜ਼ਿਲਾ ਮਕਾਨ, ਇਕ ਆਈ. ਸੀ. ਡੀ. ਸੀ ਸੈਂਟਰ ਅਤੇ ਦੋ ਗਊ ਸੈੱਡ ਨੁਕਸਾਨੇ ਗਏ। ਉਨ੍ਹਾਂ ਦੱਸਿਆ ਕਿ ਅੱਗ ਲੱਗਣ ਦੀ ਸੂਚਨਾ ਮਿਲਦੇ ਹੀ ਫਾਇਰ ਬ੍ਰਿਗੇਡ ਦੀਆਂ ਗੱਡੀਆਂ ਤੁਰੰਤ ਮੌਕੇ 'ਤੇ ਪਹੁੰਚੀਆਂ ਅਤੇ ਫਾਇਰ ਕਰਮੀਆਂ ਨੇ ਕਾਫੀ ਮੁਸੱਕਤ ਤੋਂ ਬਾਅਦ ਅੱਗ 'ਤੇ ਕਾਬੂ ਪਾਇਆ। ਚਸਮਦੀਦਾਂ ਨੇ ਦੱਸਿਆ ਕਿ ਫੌਜੀ ਜਵਾਨਾਂ ਅਤੇ ਸਥਾਨਕ ਲੋਕਾਂ ਨੇ ਮਿਲ ਕੇ ਅੱਗ ਨਾਲ ਪ੍ਰਭਾਵਿਤ ਲੋਕਾਂ ਨੂੰ ਬਾਹਰ ਕੱਢਣ ਅਤੇ ਅੱਗ 'ਤੇ ਕਾਬੂ ਪਾਉਣ 'ਚ ਸਿਵਲ ਪ੍ਰਸਾਸਨ ਨੂੰ ਪੂਰਾ ਸਹਿਯੋਗ ਦਿੱਤਾ। ਫਾਇਰ ਵਿਭਾਗ ਨੇ ਦੱਸਿਆ ਕਿ ਅੱਗ ਸਾਰਟ ਸਰਕਟ ਕਾਰਨ ਲੱਗੀ ਹੈ।

# ਭਲਕੇ ਨਗਰ ਨਿਗਮ ਦੀ ਮੀਟਿੰਗ ਬੁਲਾਉਣ ਦੀ ਸੀ ਯੋਜਨਾ ਪਰ ਅਜੇ ਤਕ ਮੇਅਰ ਦਾ ਨਾਂ ਨਹੀਂ ਹੋਇਆ ਫਾਈਨਲ

**ਏਜੰਸੀਆਂ**

ਜਲੰਧਰ 29 ਦਸੰਬਰ। 21 ਦਸੰਬਰ ਨੂੰ ਜਲੰਧਰ ਨਗਰ ਨਿਗਮ ਦੀਆਂ ਚੋਣਾਂ ਲਈ ਵੋਟਾਂ ਪਈਆਂ ਅਤੇ ਉਸੇ ਸ਼ਾਮ ਸਾਰੇ ਨਤੀਜੇ ਐਲਾਨ ਵੀ ਦਿੱਤੇ ਗਏ। ਨਤੀਜਿਆਂ ਦੇ ਮੁਤਾਬਕ ਸੱਤਾਧਾਰੀ ਆਮ ਆਦਮੀ ਪਾਰਟੀ ਨੂੰ 38 ਸੀਟਾਂ 'ਤੇ ਜਿੱਤ ਪ੍ਰਾਪਤ ਹੋਈ, ਜਦਕਿ ਕੌਂਸਲਰ ਹਾਊਸ ਵਿਚ ਬਹੁਮਤ ਦਾ ਅੰਕੜਾ 43 ਬਣਦਾ ਹੈ, ਜਿਸ ਦੇ ਲਈ ਸੱਤਾ ਧਿਰ ਨੂੰ 5 ਕੌਂਸਲਰਾਂ ਦੀ ਲੋੜ ਸੀ। ਅਜਿਹੀ ਹਾਲਤ ਵਿਚ ਵਿਸ਼ੇਸ਼ ਮੁਹਿੰਮ ਚਲਾ ਕੇ ਦੂਜੀਆਂ ਪਾਰਟੀਆਂ ਦੀ ਟਿਕਟ 'ਤੇ ਜਿੱਤੇ ਅਤੇ ਆਜਾਦ ਚੁਣੇ ਗਏ 6 ਕੌਂਸਲਰਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰਵਾਇਆ ਗਿਆ, ਜਿਸ ਤੋਂ ਬਾਅਦ 'ਆਪ' ਬਹੁਮਤ ਦਾ ਅੰਕੜਾ ਪਾਰ ਕਰ ਸਕੀ। ਪਿਛਲੇ 1-2 ਦਿਨਾਂ ਤੋਂ ਯੋਜਨਾਵਾਂ ਬਣਾਈਆਂ ਜਾ ਰਹੀਆਂ ਸਨ ਕਿ 29 ਦਸੰਬਰ ਨੂੰ ਜਲੰਧਰ ਨਗਰ ਨਿਗਮ ਦੇ ਕੌਂਸਲਰ ਹਾਊਸ ਦੀ ਮੀਟਿੰਗ ਬੁਲਾ ਕੇ ਮੇਅਰ, ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਨਾਂ ਦਾ ਐਲਾਨ ਕਰ ਦਿੱਤਾ ਜਾਵੇ ਅਤੇ ਇਸ ਬਾਬਤ ਚੋਣ ਮੁਕੰਮਲ ਕਰਵਾ ਲਈ ਜਾਵੇ ਪਰ ਫਿਲਹਾਲ ਇਹ ਯੋਜਨਾ ਸਫਲ ਹੁੰਦੀ ਨਹੀਂ ਦਿਸ ਰਹੀ। ਮੰਨਿਆ ਜਾ ਰਿਹਾ ਹੈ ਕਿ ਅਜੇ ਜਲੰਧਰ ਦੇ ਨਵੇਂ ਮੇਅਰ ਦਾ ਨਾਂ ਪਾਰਟੀ ਲੀਡਰਸ਼ਿਪ ਵੱਲੋਂ ਫਾਈਨਲ ਨਹੀਂ ਕੀਤਾ ਗਿਆ ਹੈ, ਜਿਸ ਕਾਰਨ 29 ਦਸੰਬਰ ਨੂੰ ਹੋਣ ਵਾਲੀ ਹਾਊਸ ਦੀ ਪ੍ਰਸਤਾਵਿਤ ਮੀਟਿੰਗ ਨੂੰ ਫਿਲਹਾਲ ਟਾਲਿਆ ਜਾ ਰਿਹਾ ਹੈ। ਸੂਤਰ ਦੱਸਦੇ ਹਨ ਕਿ ਪਹਿਲਾਂ ਜਲੰਧਰ ਨਿਗਮ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਇਹ ਸੰਦੇਸ਼ ਭਿਜਵਾ ਦਿੱਤਾ ਗਿਆ ਸੀ ਕਿ 29 ਦਸੰਬਰ ਨੂੰ ਹਾਊਸ ਦੀ ਪਹਿਲੀ ਮੀਟਿੰਗ ਰੱਖ ਲਈ ਜਾਵੇ। ਪਤਾ ਲੱਗਾ ਹੈ ਕਿ ਇਸ ਯੋਜਨਾ ਤਹਿਤ 23 ਦਸੰਬਰ ਨੂੰ ਜਲੰਧਰ ਨਿਗਮ ਦੇ ਨਵੇਂ ਕੌਂਸਲਰ ਹਾਊਸ ਸਬੰਧੀ ਨੋਟੀਫਿਕੇਸ਼ਨ ਵੀ ਚੰਡੀਗੜ੍ਹ ਤੋਂ ਜਾਰੀ ਕਰ ਦਿੱਤਾ ਗਿਆ ਅਤੇ ਜਲੰਧਰ ਨਿਗਮ ਦੇ ਕਮਿਸ਼ਨਰ ਵੱਲੋਂ ਡਵੀਜਨਲ ਕਮਿਸ਼ਨਰ ਨੂੰ ਚਿੱਠੀ ਵੀ ਭੇਜ ਦਿੱਤੀ ਗਈ, ਜਿਸ ਵਿਚ ਮੰਗ ਕੀਤੀ ਗਈ ਕਿ ਉਹ ਜਲੰਧਰ ਨਿਗਮ ਦੇ ਨਵੇਂ ਕੌਂਸਲਰ ਹਾਊਸ ਦੀ ਪਹਿਲੀ ਮੀਟਿੰਗ ਬੁਲਾਉਣ। ਪਤਾ ਲੱਗਾ ਹੈ ਕਿ ਅਜੇ ਤਕ ਡਵੀਜਨਲ ਕਮਿਸ਼ਨਰ ਨੇ ਮੀਟਿੰਗ ਦੀ ਤਰੀਕ ਨੂੰ ਫਾਈਨਲ ਨਹੀਂ ਕੀਤਾ ਹੈ। ਆਮ ਆਦਮੀ ਪਾਰਟੀ ਦੇ ਜਲੰਧਰ, ਪੰਜਾਬ ਅਤੇ ਦਿੱਲੀ ਪੱਧਰ 'ਤੇ ਪਾਰਟੀ ਸੰਗਠਨ ਵਿਚ ਇਹ ਮੰਥਨ ਚੱਲ ਰਿਹਾ ਹੈ ਕਿ ਜਲੰਧਰ ਵਿਚ ਮੇਅਰ ਦਾ ਅਹੁਦਾ ਕਿਸ ਨਵੇਂ ਚੁਣੇ ਕੌਂਸਲਰ ਨੂੰ ਸੌਂਪਿਆ ਜਾਵੇ। ਜ਼ਿਕਰਯੋਗ ਹੈ ਕਿ ਮੇਅਰ ਬਣਨ ਦੀ ਰੇਸ ਵਿਚ 4 ਨਵੇਂ ਚੁਣੇ ਕੌਂਸਲਰਾਂ ਦਾ ਨਾਂ ਤਾਂ ਚੱਲ ਰਿਹਾ ਹੈ ਪਰ ਹੁਣ ਇਸ ਗੱਲ 'ਤੇ ਜ਼ਿਆਦਾ ਜੋਰ ਦਿੱਤਾ ਜਾ ਰਿਹਾ ਹੈ ਕਿ ਮੇਅਰ ਉਸ ਕੌਂਸਲਰ ਨੂੰ ਬਣਾਇਆ ਜਾਵੇ, ਜਿਸ ਦਾ ਅਕਸ ਆਮ ਜਨਤਾ ਦੀ




ਨਜਰ ਵਿਚ ਸਾਫ-ਸੁਥਰਾ ਹੋਵੇ। ਪਤਾ ਲੱਗਾ ਹੈ ਕਿ ਪਾਰਟੀ ਲੀਡਰਸ਼ਿਪ ਨੇ ਇਸ ਕੰਮ ਲਈ ਇੰਟੈਲੀਜੈਂਸ ਦੀ ਰਿਪੋਰਟ ਵੀ ਮੰਗਵਾਈ ਹੈ ਅਤੇ ਉਸ ਦੇ ਆਧਾਰ 'ਤੇ ਸਾਰੇ ਦਾਅਵੇਦਾਰਾਂ ਦੇ ਅਕਸ ਬਾਰੇ ਸਾਰੀਆਂ ਸੂਚਨਾਵਾਂ ਜੁਟਾ ਲਈਆਂ ਗਈਆਂ ਹਨ। ਪਤਾ ਲੱਗਾ ਹੈ ਕਿ ਆਮ ਆਦਮੀ ਪਾਰਟੀ ਦੀ ਟਿਕਟ 'ਤੇ ਨਿਗਮ ਦੀ ਚੋਣ ਜਿੱਤੇ ਸਾਰੇ 38 ਕੌਂਸਲਰਾਂ ਬਾਰੇ ਇੰਟੈਲੀਜੈਂਸ ਤੋਂ ਰਿਪੋਰਟ ਲਈ ਗਈ ਹੈ, ਜਿਸ ਤੋਂ ਬਾਅਦ 4 ਨਾਂ ਅਜਿਹੇ ਸਾਹਮਣੇ ਆਏ ਹਨ, ਜਿਨ੍ਹਾਂ ਨੂੰ ਮੇਅਰ ਦਾ ਅਹੁਦਾ ਸੌਂਪਿਆ ਜਾ ਸਕਦਾ ਸੀ। ਪਤਾ ਲੱਗਾ ਹੈ ਕਿ ਜਲੰਧਰ, ਪੰਜਾਬ ਅਤੇ ਦਿੱਲੀ ਪੱਧਰ 'ਤੇ ਗੈਰ-ਰਸਮੀ ਮੀਟਿੰਗਾਂ ਵਿਚ ਇਨ੍ਹਾਂ ਚਾਰਾਂ ਨਾਵਾਂ 'ਤੇ ਵਿਚਾਰ ਤਾਂ ਚੱਲ ਰਿਹਾ ਹੈ ਪਰ ਪਾਰਟੀ ਲੀਡਰਸ਼ਿਪ ਇਹ ਮੰਨ ਕੇ ਵੀ ਚੱਲ ਰਹੀ ਹੈ ਕਿ ਨਵਾਂ ਮੇਅਰ ਉਸੇ ਨੂੰ ਬਣਾਇਆ ਜਾਵੇ, ਜੋ ਸਾਫ ਅਕਸ ਵਾਲਾ ਹੋਵੇ ਤਾਂ ਕਿ 2 ਸਾਲ ਬਾਅਦ ਹੋ ਣ ਜਾ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਦਿੱਕਤ ਨਾ ਆਵੇ। ਪਤਾ ਲੱਗਾ ਹੈ ਕਿ ਮੇਅਰ ਅਹੁਦੇ ਦੇ ਚਾਰਾਂ ਦਾਅਵੇਦਾਰਾਂ ਨੇ ਆਪਣੇ-ਆਪਣੇ ਪੱਧਰ 'ਤੇ ਲਾਬਿੰਗ ਸ਼ੁਰੂ ਕਰ ਦਿੱਤੀ ਹੈ ਅਤੇ ਆਉਣ ਵਾਲੇ 1-2 ਦਿਨਾਂ ਵਿਚ ਸੀਨੀਅਰ ਡਿਪਟੀ ਮੇਅਰ ਅਤੇ ਡਿਪਟੀ ਮੇਅਰ ਦੇ ਨਾਂ ਨੂੰ ਵੀ ਫਾਈਨਲ ਕਰ ਦਿੱਤਾ ਜਾਵੇਗਾ। ਇਸ ਤਰ੍ਹਾਂ ਅਗਲੇ 4-5 ਦਿਨਾਂ ਵਿਚ ਜਲੰਧਰ ਨੂੰ ਨਵਾਂ ਮੇਅਰ ਮਿਲ ਸਕਦਾ ਹੈ। ਇੰਨਾ ਤੈਅ ਹੈ ਕਿ ਤਿੰਨਾਂ ਅਹੁਦਿਆਂ ਵਿਚੋਂ ਇਕ ਅਹੁਦਾ ਕਿਸੇ ਔਰਤ ਨੂੰ ਮਿਲਣ ਜਾ ਰਿਹਾ ਹੈ।

# ਪੰਜਾਬ ਰੱਖਿਆ ਸੇਵਾਵਾਂ ਭਲਾਈ ਵਿਭਾਗ ਨੇ ਸਾਲ 2024 ਦੌਰਾਨ ਕੀਤੀਆਂ ਮਹੱਤਵਪੂਰਨ ਪ੍ਰਾਪਤੀਆਂ

**ਏਜੰਸੀਆਂ**

ਚੰਡੀਗੜ੍ਹ/ਜਲੰਧਰ 29 ਦਸੰਬਰ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਾਲ 2024 ਦੌਰਾਨ ਸੈਨਿਕਾਂ, ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਅਨੇਕਾਂ ਕਦਮ ਚੁੱਕੇ ਹਨ। ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਦੇ ਦਿਸਾ-ਨਿਰਦੇਸਾਂ ਅਧੀਨ ਇਹ ਮਹੱਤਵਪੂਰਨ ਪਹਿਲਕਦਮੀਆਂ ਸਾਡੇ ਹਥਿਆਰਬੰਦ ਸੈਨਿਕਾਂ ਪ੍ਰਤੀ ਸੂਬਾ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀਆਂ ਹਨ। ਮੰਤਰੀ ਮੋਹਿੰਦਰ ਭਗਤ ਨੇ ਰੱਖਿਆ ਸੇਵਾਵਾਂ ਭਲਾਈ ਵਿਭਾਗ ਵੱਲੋਂ ਸੈਨਿਕਾਂ ਦੀ ਭਲਾਈ ਲਈ ਕੀਤੇ ਅਨੇਕਾਂ ਸੁਧਾਰਾਂ ਅਤੇ ਨਵੀਆਂ ਪਹਿਲਕਦਮੀਆਂ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਬਲਿਊ ਸਟਾਰ ਤੋਂ ਪ੍ਰਭਾਵਿਤ ਧਰਮੀ ਫੌਜੀਆਂ ਲਈ ਮਹੀਨਾਵਾਰ ਗ੍ਰਾਂਟ ਨੂੰ 10,000 ਰੁਪਏ ਤੋਂ ਵਧਾ ਕੇ 12,000 ਰੁਪਏ ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦਾ ਇਹ ਮਹੱਤਵਪੂਰਨ ਫੈਸਲਾ ਪ੍ਰਭਾਵਿਤ ਪਰਿਵਾਰਾਂ ਲਈ ਵਿੱਤੀ ਸਥਿਰਤਾ ਨੂੰ ਯਕੀਨੀ ਬਣਾਉਣ ਲਈ ਸੂਬਾ ਸਰਕਾਰ ਦੀ ਸਮਰਪਿਤ ਭਾਵਨਾ ਨੂੰ ਦਰਸਾਉਂਦਾ ਹੈ। ਮੰਤਰੀ ਭਗਤ ਨੇ ਦਿਵਿਆਂਗ ਸਿਪਾਹੀਆਂ ਲਈ ਦਿੱਤੇ ਸਮਰਥਨ ਨੂੰ ਉਜਾਗਰ ਕਰਦਿਆਂ ਕਿਹਾ ਕਿ ਆਪਣੀ ਡਿਊਟੀ ਦੌਰਾਨ ਜ਼ਖ਼ਮੀ ਹੋਏ ਸੈਨਿਕਾਂ ਲਈ ਐਕਸ-ਗ੍ਰੇਸ਼ੀਆ ਦੀ ਰਕਮ ਨੂੰ ਦੁੱਗਣਾ ਕਰ ਦਿੱਤਾ ਗਿਆ ਹੈ, ਹੁਣ ਦਿਵਿਆਂਗਤਾ ਦੇ ਆਧਾਰ 'ਤੇ 10 ਲੱਖ ਰੁਪਏ ਤੋਂ ਲੈ ਕੇ 40 ਲੱਖ ਰੁਪਏ ਤੱਕ ਦਾ ਮੁਆਵਜ਼ਾ ਦਿੱਤਾ ਜਾ ਰਿਹਾ ਹੈ। ਇਹ ਉਨ੍ਹਾਂ ਸੈਨਿਕਾਂ ਪ੍ਰਤੀ ਸੂਬਾ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ ਜਿਨ੍ਹਾਂ ਨੇ ਬਹਾਦਰੀ ਅਤੇ ਸਮਰਪਣ ਨਾਲ ਦੇਸ ਦੀ ਸੇਵਾ ਕੀਤੀ ਹੈ। ਮੰਤਰੀ ਮੋਹਿੰਦਰ ਭਗਤ ਨੇ ਵਾਰ ਜਗੀਰ ਸਕੀਮ ਬਾਰੇ ਬੋਲਦਿਆਂ ਕਿਹਾ ਕਿ ਇਸ ਸਕੀਮ ਅਧੀਨ ਲਾਭਪਾਤਰੀਆਂ ਦੀ ਸਾਲਾਨਾ ਵਿੱਤੀ ਸਹਾਇਤਾ ਨੂੰ 10,000 ਰੁਪਏ ਤੋਂ ਵਧਾ ਕੇ 20,000 ਰੁਪਏ ਕਰ ਦਿੱਤਾ ਗਿਆ ਹੈ। ਇਸ ਤੋਂ ਇਲਾਵਾ, ਗੈਰ-ਪੈਨਸਨ ਵਾਲੇ ਵਿਸਵ ਯੁੱਧ ਇਕ ਅਤੇ ਵਿਸ਼ਵ ਯੁੱਧ ਦੂਜੇ ਦੇ ਸਾਬਕਾ ਸੈਨਿਕਾਂ ਅਤੇ 65 ਸਾਲ ਤੋਂ ਵੱਧ ਉਮਰ ਦੀਆਂ ਉਨ੍ਹਾਂ ਦੀਆਂ ਵਿਧਵਾਵਾਂ ਲਈ ਵਿੱਤੀ ਸਹਾਇਤਾ ਨੂੰ 6,000 ਤੋਂ ਵਧਾ ਕੇ 10,000 ਪ੍ਰਤੀ ਮਹੀਨਾ ਕਰ ਦਿੱਤਾ ਗਿਆ ਹੈ ਤਾਂ ਕਿ ਸਾਡੇ ਬਜੁਰਗ ਜੰਗੀ ਨਾਇਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਸਨਮਾਨਜਨਕ ਜੀਵਨ ਨੂੰ ਯਕੀਨੀ ਬਣਾਇਆ ਜਾ ਸਕੇ। ਸਹੀਦਾਂ ਪ੍ਰਤੀ ਪੰਜਾਬ ਸਰਕਾਰ ਵੱਲੋਂ ਦਿੱਤੇ ਸਨਮਾਨ ਦੀ ਪੁਸਟੀ ਕਰਦਿਆਂ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਅੰਮ੍ਰਿਤਸਰ ਵਿੱਚ ਪੰਜਾਬ ਸਟੇਟ ਵਾਰ ਹੀਰੋਜ ਮੈਮੋਰੀਅਲ ਵਿਖੇ ਕਰਵਾਏ ਇੱਕ ਸਮਾਰੋਹ ਵਿੱਚ ਆਪ੍ਰੇਸਨ ਵਿਜੈ ਦੌਰਾਨ ਕੁਰਬਾਨੀ ਦੇਣ ਵਾਲੇ 65 ਸੈਨਿਕਾਂ ਦੇ ਪਰਿਵਾਰਾਂ ਨੂੰ ਸਰਧਾਂਜਲੀ ਭੇਟ ਕੀਤੀ ਗਈ। ਇਸ ਉਪਰੰਤ ਸ੍ਰੀਲੰਕਾ ਵਿੱਚ ਆਪ੍ਰੇਸਨ ਪਵਨ ਦੌਰਾਨ ਸਹੀਦ ਹੋਏ 114 ਸੈਨਿਕਾਂ ਨੂੰ ਸਰਧਾਂਜਲੀ ਦੇਣ ਲਈ ਲੁਧਿਆਣਾ ਦੇ ਵਾਰ ਮੈਮੋਰੀਅਲ ਵਿਖੇ ਇਕ ਹੋਰ ਵੱਡਾ ਸਮਾਗਮ ਕਰਵਾਇਆ ਗਿਆ।



ਮੰਤਰੀ ਨੇ ਦੱਸਿਆ ਕਿ ਪਿਛਲੇ ਸਾਲ 8 ਨਵੰਬਰ ਤੋਂ 7 ਦਸੰਬਰ ਤੱਕ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਵਿੱਚ ਹੁੰਦੀ ਹੋਈ ਇਕ ਸਾਈਕਲ ਰੈਲੀ ਕੱਢੀ ਗਈ। ਇਕ ਮਹਿਨੇ ਤੱਕ ਚੱਲੀ ਇਹ ਰੈਲੀ ਚੰਡੀਗੜ੍ਹ ਦੇ ਵਾਰ ਮੈਮੋਰੀਅਲ ਵਿਖੇ ਸਮਾਪਤ ਹੋਈ, ਜਿੱਥੇ ਸਹੀਦਾਂ ਅਤੇ ਸਾਬਕਾ ਸੈਨਿਕਾਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ ਜਿਸ ਨਾਲ ਸੂਬਾ ਵਾਸੀਆਂ ਵਿੱਚ ਮਾਣ ਅਤੇ ਏਕਤਾ ਦੀ ਭਾਵਨਾ ਪੈਦਾ ਹੋਈ। ਵਿਭਾਗ ਵੱਲੋਂ ਰੋਜਗਾਰ ਲਈ ਕੀਤੇ ਅਹਿਮ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਮੋਹਿੰਦਰ ਭਗਤ ਨੇ ਦੱਸਿਆ ਕਿ ਆਨਰ 'ਤੇ ਗ੍ਰੈਟੀਚਿਊਟ ਪਾਲਿਸੀ ਤਹਿਤ ਸਹੀਦਾਂ ਦੇ 14 ਆਸਰਿਤਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੰਜਾਬ 'ਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸਰਿਤਾਂ ਲਈ ਸਿੱਧੀ ਭਰਤੀ ਵਿੱਚ 13 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ ਅਤੇ ਦੋ ਸਾਲਾਂ ਵਿੱਚ 2,044 ਅਸਾਮੀਆਂ ਭਰੀਆਂ ਗਈਆਂ ਹਨ। ਸੂਬਾ ਸਰਕਾਰ ਦਾ ਇਹ ਕਦਮ ਸਾਡੇ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਿਭਾਗ ਵੱਲੋਂ ਰੋਜਗਾਰ ਲਈ ਕੀਤੇ ਅਹਿਮ ਉਪਰਾਲਿਆਂ ਨੂੰ ਉਜਾਗਰ ਕਰਦਿਆਂ ਭਗਤ ਨੇ ਦੱਸਿਆ ਕਿ ਆਨਰ 'ਤੇ ਗ੍ਰੈਟੀਚਿਊਟ ਪਾਲਿਸੀ ਤਹਿਤ ਸਹੀਦਾਂ ਦੇ 14 ਆਸਰਿਤਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਗਈਆਂ ਹਨ। ਇਸ ਤੋਂ ਇਲਾਵਾ ਪੰਜਾਬ 'ਚ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਆਸਰਿਤਾਂ ਲਈ ਸਿੱਧੀ ਭਰਤੀ ਵਿੱਚ 13 ਫ਼ੀਸਦੀ ਰਾਖਵਾਂਕਰਨ ਦਿੱਤਾ ਗਿਆ ਹੈ ਅਤੇ ਦੋ ਸਾਲਾਂ ਵਿੱਚ 2,044 ਅਸਾਮੀਆਂ ਭਰੀਆਂ ਗਈਆਂ ਹਨ। ਸੂਬਾ ਸਰਕਾਰ ਦਾ ਇਹ ਕਦਮ ਸਾਡੇ ਸੈਨਿਕਾਂ ਦੇ ਪਰਿਵਾਰਾਂ ਦੀ ਭਲਾਈ ਲਈ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦਾ ਹੈ। ਇਸ ਤੋਂ ਇਲਾਵਾ ਮੰਤਰੀ ਨੇ ਦੱਸਿਆ ਕਿ ਗਰੁੱਪ ਬੀ ਅਤੇ ਸੀ ਦੇ ਮੁਲਾਜ਼ਮਾਂ ਲਈ ਨਵੇਂ ਸੇਵਾ ਨਿਯਮ ਤਿਆਰ ਕੀਤੇ ਗਏ ਸਨ, ਜਿਨ੍ਹਾਂ ਨੂੰ ਕੈਬਨਿਟ ਦੁਆਰਾ ਪ੍ਰਵਾਨਗੀ ਦਿੱਤੀ ਗਈ ਹੈ ਅਤੇ ਪੰਜਾਬ ਪਬਲਿਕ ਸਰਵਿਸ ਕਮਿਸਨ (ਪੀ. ਪੀ. ਐੱਸ.ਸੀ.) ਰਾਹੀਂ ਪੰਜ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰਾਂ ਦੀ ਭਰਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਪੈਨਸਨ ਦੀ ਵੰਡ ਨੂੰ ਸੁਚਾਰੂ ਢੰਗ ਨਾਲ ਯਕੀਨੀ ਬਣਾਉਣ ਲਈ 15 ਦਿਨਾਂ ਦਾ ਵਿਸੇਸ ਸਪਰਸ ਕੈਂਪ ਲਗਾਇਆ ਗਿਆ ਤਾਂ ਜੋ 1691 ਸਾਬਕਾ ਸੈਨਿਕਾਂ, ਵਿਧਵਾਵਾਂ ਅਤੇ ਆਸਰਿਤਾਂ ਨੂੰ ਉਨ੍ਹਾਂ ਦੇ ਲਾਈਫ਼ ਸਰਟੀਫਿਕੇਟ ਅਪਲੋਡ ਕਰਨ ਦੀ ਸਹੂਲਤ ਦਿੱਤੀ ਜਾ ਸਕੇ। ਇਸ ਤੋਂ ਇਲਾਵਾ ਭਲਾਈ ਸਕੀਮਾਂ ਦਾ ਇੱਕ ਵਿਆਪਕ ਕਿਤਾਬਚਾ ਪ੍ਰਕਾਸ਼ਿਤ ਕੀਤਾ ਗਿਆ ਅਤੇ ਲਾਭਪਾਤਰੀਆਂ ਵਿੱਚ ਵੰਡਿਆ ਗਿਆ ਤਾਂ ਜੋ ਉਨ੍ਹਾ ਨੂੰ ਸਰਕਾਰੀ ਸਹਾਇਤਾ ਅਤੇ ਸਕੀਮਾਂ ਬਾਰੇ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾ ਸਕੇ। ਸੈਨਿਕਾਂ ਵੱਲੋਂ ਦਿੱਤੀਆਂ ਜਾਣ ਵਾਲੀਆਂ ਵਿਲੱਖਣ ਸੇਵਾਵਾਂ ਨੂੰ ਮਾਨਤਾ ਦਿੰਦਿਆਂ ਭਗਤ ਨੇ ਕਿਹਾ ਕਿ ਫੌਜੀ ਪੁਰਸਕਾਰ ਪ੍ਰਾਪਤ ਕਰਨ ਵਾਲਿਆਂ ਲਈ ਯਕਮੁਸਤ ਗ੍ਰਾਂਟਾਂ ਨੂੰ ਸੋਧਿਆ ਗਿਆ ਹੈ। ਉਨ੍ਹਾ ਦੱਸਿਆ ਕਿ ਪਰਮ ਵਿਸ਼ਿਸਟ ਸੇਵਾ ਮੈਡਲ ਪ੍ਰਾਪਤ ਕਰਨ ਵਾਲੇ ਸੈਨਿਕਾਂ ਨੂੰ ਹੁਣ 6 ਲੱਖ ਰੁਪਏ ਦਿੱਤੇ ਜਾਂਦੇ ਹਨ, ਜਦੋਂ ਕਿ ਸਰਵੋਤਮ ਯੁੱਧ ਸੇਵਾ ਮੈਡਲ ਨਾਲ ਸਨਮਾਨਿਤ ਸੈਨਿਕਾਂ ਨੂੰ 6.50 ਲੱਖ ਰੁਪਏ ਦਿੱਤੇ ਜਾਂਦੇ ਹਨ।